ਅਕਤੂਬਰ-ਦਸੰਬਰ 2008 ● 10 ਰੁਪਏ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ



ਤੇਲ ਤੋਂ ਵੀ ਸਸਤਾ ਹੋਇਆ ਮਨੁੱਖੀ ਖ਼ੂਨ

ਅਨਾਜ ਸੰਕਟ ਪੂੰਜੀਵਾਦ ਦਾ ਨਵਾਂ ਤੋਹਫ਼ਾ

ਅਮਰਨਾਥ ਮੁੱਦਾ

'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਐਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੋਸ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖ਼ੌਫ਼ ਐਲਾਨ ਹੈ।

ਇਸ ਅੰਕ ਵਿੱਚ

ਬੱਬਰ ਅਕਾਲੀ ਲਹਿਰ ਨੂੰ ਸਮਰਪਿਤ 17 ਵਾਂ

'ਮੇਲਾ ਗਦਰੀ ਬਾਬਿਆਂ ਦਾ'

30, 31 ਅਕਤੂਬਰ ਅਤੇ 1 ਨਵੰਬਰ

ਸਥਾਨ— ਦੇਸ਼ ਭਗਤ ਯਾਦਗਾਰ ਹਾਲ, ਜਲੰਧਰ।

ਹੁੰਮ-ਹੁੰਮਾ ਕੇ ਪਹੁੰਚੋ !

ਲਲਕਾਰ

ਤਬਦੀਲੀ ਪਸੰਦ ਵਿਦਿਆਰਥੀਆਂ-ਨੌਜਵਾਨਾਂ ਦੀ ਤਿਮਾਹੀ ਮੈਗਜ਼ੀਨ

ਸਾਲ 2, ਲੜੀ ਸੰਖਿਆ 6,
ਅਕਤੂਬਰ-ਦਸੰਬਰ, 2008

ਸੰਪਾਦਕ ਮੰਡਲ
ਰਾਜਵਿੰਦਰ/ਨਵਕਾਸ਼ਦੀਪ/ਲਖਵਿੰਦਰ

ਇੱਕ ਕਾਪੀ ਦੀ ਕੀਮਤ
ਦਸ ਰੁਪਏ
ਸਾਲਾਨਾ - ਚਾਲ਼ੀ ਰੁਪਏ
(ਡਾਕ ਖਰਚ ਸਹਿਤ ਪੰਜਾਹ ਰੁਪਏ)

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਨਵਕਾਸ਼ਦੀਪ, ਗਲੀ ਨੰ. - 6 (R), ਡੋਗਰ ਬਸਤੀ, ਫਰੀਦਕੋਟ
ਫੋਨ :- 94633-47046
lalkaar08@rediffmail.com

ਆਪਣੀ ਗੱਲ

ਆਓ ਸਮੇਂ ਦੇ ਹਾਣੀ ਬਣੀਏ

ਸੰਘ ਪਰਿਵਾਰ ਨੇ ਇਹਨੀਂ ਦਿਨੀਂ ਉੜੀਸਾ ਅਤੇ ਕਰਨਾਟਕ ਉੱਪਰ ਧਾਵਾ ਬੋਲਿਆ ਹੋਇਆ ਹੈ। ਇਸ ਵਾਰ ਉਹਨਾਂ ਦਾ ਨਿਸ਼ਾਨਾ ਹਨ ਈਸਾਈ। ਉੜੀਸਾ ਅਤੇ ਕਰਨਾਟਕ ਵਿੱਚ ਈਸਾਈਆਂ ਦੇ ਘਰਾਂ ਅਤੇ ਚਰਚਾ ਨੂੰ ਜਲਾਉਣ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਕਰਨਾਟਕ ਵਿੱਚ ਤਾਂ ਸੰਘੀ ਲਾਣੇ ਦੀ ਮਹੱਤਵਪੂਰਨ ਮੈਂਬਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਉੜੀਸਾ ਵਿੱਚ ਨਵੀਨ ਪਟਨਾਇਕ ਦੀ ਅਗਵਾਈ ਵਾਲ਼ੀ ਬੀਜੂ ਜਨਤਾ ਦਲ ਦੀ ਸਰਕਾਰ ਭਾਰਤੀ ਜਨਤਾ ਪਾਰਟੀ ਦੇ ਸਹਾਰੇ ਟਿਕੀ ਹੋਈ ਹੈ। ਉੜੀਸਾ ਦਾ ਮੁੱਖ ਮੰਤਰੀ ਨਵੀਨ ਪਟਨਾਇਕ ਸੰਘੀਆਂ ਦੇ ਇਸ਼ਾਰਿਆਂ 'ਤੇ ਨੱਚ ਰਿਹਾ ਹੈ। ਇਹਨਾਂ ਦੋਹਾਂ ਹੀ ਰਾਜਾਂ ਵਿੱਚ ਸੰਘੀਆਂ ਨੂੰ ਈਸਾਈਆਂ ਦੇ ਕਤਲੇਆਮ ਤੋਂ ਰੋਕਣ ਵਾਲ਼ਾ ਕੋਈ ਨਹੀਂ ਹੈ। ਸਰਕਾਰਾਂ, ਪੁਲਿਸ ਪ੍ਰਸ਼ਾਸਨ ਪੂਰੀ ਤਰਾਂ ਸੰਘੀ ਬ੍ਰਿਗੇਡ ਦੀ ਪਿੱਠ 'ਤੇ ਹਨ। ਇਸਾਈਆਂ ਦੇ ਚਰਚ ਢਾਹ ਕੇ, ਘਰ ਜਲ਼ਾ ਕੇ, ਕਤਲੇਆਮ ਕਰਕੇ, ਡਰਾ ਧਮਕਾ ਕੇ ਸੰਘ ਪਰਿਵਾਰ ਉਹਨਾਂ ਨੂੰ ਹਿੰਦੂ ਬਣਾ ਰਿਹਾ ਹੈ। 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦੇ ਭਿਆਨਕ ਕਤਲੇਆਮ ਤੋਂ ਬਾਅਦ ਸੰਘ ਪਰਿਵਾਰ ਦੀ ਘੱਟ ਗਿਣਤੀਆਂ ਦੇ ਕਤਲੇਆਮ ਦੀ ਇਹ ਦੂਸਰੀ ਵੱਡੀ ਮੁਹਿੰਮ ਹੈ। ਸੰਘ ਪਰਿਵਾਰ ਦਾ ਨੈੱਟਵਰਕ ਅੱਜ ਦੇਸ਼ ਵਿਆਪੀ ਹੈ। ਕਈ ਹੋਰ ਰਾਜ ਜਿਵੇਂ ਕਿ ਰਾਜਸਥਾਨ, ਮੱਧ ਪ੍ਰਦੇਸ਼ ਆਦਿ ਆਉਣ ਵਾਲ਼ੇ ਦਿਨਾਂ ਵਿੱਚ ਗੁਜਰਾਤ, ਉੜੀਸਾ, ਕਰਨਾਟਕ ਬਣਨਗੇ। ਉਪਰੋਕਤ ਰਾਜਾਂ ਵਿੱਚ ਵੀ ਸੰਘੀਆਂ ਨੇ ਘੱਟ ਗਿਣਤੀਆਂ ਦੇ ਕਤਲੇਆਮ ਦੀ ਤਿਆਰੀ ਵਿੱਢ ਰੱਖੀ ਹੈ।

ਲੋਕਾਂ ਨੂੰ ਧਰਮ, ਜਾਤ, ਇਲਾਕੇ ਦੇ ਨਾਂ 'ਤੇ ਪਾੜਨ ਵਿੱਚ ਹਾਕਮ ਜਮਾਤਾਂ ਦੀ ਸਾਰੀਆਂ ਪਾਰਟੀਆਂ ਮਸ਼ਗੂਲ ਹਨ। 1991 ਵਿੱਚ ਭਾਰਤੀ ਹਾਕਮਾਂ ਵਲੋਂ ਅਪਣਾਈ ਨਵੀਂ ਆਰਥਿਕ ਨੀਤੀ ਨੇ ਬੀਤੇ 17 ਸਾਲਾਂ ਵਿੱਚ ਜਿਸ ਤਰਾਂ ਭਾਰਤ ਦੇ ਕਿਰਤੀ ਲੋਕਾਂ ਦੀ ਜ਼ਿੰਦਗੀ ਤਬਾਹ ਕੀਤੀ ਹੈ, ਉਸ ਨੂੰ ਦੇਖਦੇ ਹੋਏ, ਲੋਕਾਂ ਦੇ ਗੁੱਸੇ ਤੋਂ ਬਚਣ ਲਈ, ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਲੀਹੋਂ ਲਾਹੁਣ ਲਈ, ਹਾਕਮ ਜਮਾਤ ਲਈ ਜ਼ਰੂਰੀ ਹੈ ਕਿ ਪੂਰੇ ਦੇਸ਼ ਦੇ ਕਿਰਤੀ ਲੋਕਾਂ ਨੂੰ ਫਿਰਕੂ ਅੱਗ ਵਿੱਚ ਝੋਕਿਆ ਜਾਵੇ।

ਨਵੀਂ ਆਰਥਿਕ ਨੀਤੀ ਦੇ 17 ਸਾਲਾਂ ਵਿੱਚ ਦੇਸ਼ ਅੰਦਰ ਅਮੀਰ-ਗਰੀਬ ਦਰਮਿਆਨ ਪਾੜਾ ਅਣਕਿਆਸੀ ਹੱਦ ਤੱਕ ਵਧਿਆ ਹੈ, ਗਰੀਬੀ, ਬੇਰੁਜ਼ਗਾਰੀ ਨੇ ਵਿਰਾਟ ਰੂਪ ਧਾਰਿਆ ਹੈ। ਬਾਰੁਜ਼ਗਾਰ ਲੋਕਾਂ ਦੇ ਸਿਰ 'ਤੇ ਹਮੇਸ਼ਾ ਛਾਂਟੀ ਦੀ ਤਲਵਾਰ ਲਟਕਦੀ ਰਹਿੰਦੀ ਹੈ। ਦੇਸ਼ ਅੰਦਰ ਜਿਥੇ ਵੀ ਕਿਤੇ ਲੋਕ ਆਪਣੀਆਂ ਜੀਵਨ ਹਾਲਤਾਂ ਵਿੱਚ ਗਿਰਾਵਟ ਵਿਰੁੱਧ, ਰੋਟੀ-ਰੁਜ਼ਗਾਰ ਲਈ ਹੱਕ ਦੀ ਅਵਾਜ਼ ਉਠਾਉਂਦੇ ਹਨ, ਹਾਕਮ ਉਹਨਾਂ ਨੂੰ ਲਾਠੀ ਗੋਲ਼ੀ ਦੇ ਜ਼ੋਰ ਦਬਾ ਦੇਣ ਲਈ ਪੱਬਾਂ ਭਾਰ ਰਹਿੰਦੇ ਹਨ।

ਬੀਤੀ 7 ਸਤੰਬਰ ਨੂੰ ਹਰਿਆਣਾ ਦੇ ਸ਼ਹਿਰ ਰੋਹਤਕ ਵਿਖੇ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਮੁਜ਼ਾਹਰਾ ਕਰ ਰਹੇ ਗੈਸਟ (ਠੇਕੇ 'ਤੇ ਰੱਖੇ) ਅਧਿਆਪਕਾਂ ਨੂੰ ਅੰਨ੍ਹੇ ਪੁਲਿਸ ਜ਼ਬਰ ਦਾ ਸ਼ਿਕਾਰ ਹੋਣਾ ਪਿਆ। ਇਹ ਅਧਿਆਪਕ ਪੱਕੇ ਰੁਜ਼ਗਾਰ ਦੀ ਮੰਗ ਕਰ ਰਹੇ ਸਨ ਕਿ ਹਰਿਆਣਾ ਪੁਲਿਸ ਨੇ ਉਹਨਾਂ ਨੂੰ ਛੱਲੀਆਂ ਵਾਂਗ ਕੁੱਟਿਆ, ਏ.ਕੇ. ਸੰਤਾਲ਼ੀ ਨਾਲ਼ ਉਹਨਾਂ 'ਤੇ ਗੋਲ਼ੀਆਂ ਚਲਾਈਆਂ ਗਈਆਂ, ਇਸ ਗੋਲ਼ੀ ਕਾਂਢ ਵਿੱਚ ਇੱਕ ਅਧਿਆਪਕਾ ਰਾਜ ਰਾਣੀ ਦੀ ਮੌਤ ਹੋ ਗਈ।

ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ਸ਼ੀਲ ਪੰਜਾਬ ਦੀਆਂ ਆਂਗਨਵਾੜੀ ਵਰਕਰਾਂ 'ਤੇ ਵੀ ਬੀਤੀ 8 ਸਤੰਬਰ ਨੂੰ ਚੰਡੀਗੜ੍ਹ ਵਿਖੇ ਅੰਨ੍ਹੇ ਪੁਲਿਸ ਨੇ ਕਹਿਰ ਢਾਹਿਆ। ਇਸ ਤੋਂ ਕੁਝ ਹੀ ਦਿਨਾਂ ਬਾਅਦ ਆਪਣੀਆਂ ਮੰਗਾਂ ਨੂੰ ਲੈਕੇ ਚੰਡੀਗੜ੍ਹ ਵਿਖੇ ਰੋਸ ਮੁਜ਼ਾਹਰਾ ਕਰ ਰਹੇ ਪੰਜਾਬ ਦੇ ਖੰਡ ਮਿੱਲ ਵਰਕਰਾਂ 'ਤੇ ਵੀ ਪੁਲਿਸ ਦੀਆਂ ਡਾਂਗਾਂ ਦਾ ਮੀਂਹ ਵਰ੍ਹਿਆ। ਇਹ ਤਾਂ ਪੂਰੇ ਦੇਸ਼ ਵਿੱਚ ਸੰਘਰਸ਼ਸ਼ੀਲ ਲੋਕਾਂ 'ਤੇ ਹਾਕਮਾਂ ਦੇ ਜ਼ਬਰ ਦੀਆਂ ਬਹੁਤ ਛੋਟੀਆਂ-ਛੋਟੀਆਂ ਝਲਕਾਂ ਹਨ। ਕਿਉਂਕਿ ਨਵੀਆਂ ਆਰਥਿਕ ਨੀਤੀਆਂ ਨੂੰ ਜ਼ਬਰ ਨਾਲ਼ ਹੀ ਲੋਕਾਂ ਸਿਰ ਮੜ੍ਹਿਆ ਜਾ ਸਕਦਾ ਹੈ। ਇਸ ਲਈ ਭਾਰਤ ਦੇ ਲੁਟੇਰੇ ਹਾਕਮ ਪੂਰੇ ਜ਼ੋਰ ਸ਼ੋਰ ਨਾਲ਼ ਇਹ ਕੰਮ ਕਰ ਰਹੇ ਹਨ ਅਤੇ ਆਉਣ ਵਾਲ਼ੇ ਦਿਨਾਂ ਵਿੱਚ ਉਹ ਲੋਕਾਂ 'ਤੇ ਹੋਰ ਵਧੇਰੇ ਜ਼ਬਰ ਦੀਆਂ ਤਿਆਰੀਆਂ ਕਰ ਰਹੇ ਹਨ। ਦਹਿਸ਼ਤਗਰਦੀ ਨੂੰ ਬਹਾਨਾ ਬਣਾਕੇ ਅੱਜ ਸਾਰੀਆਂ ਪਾਰਟੀਆਂ ਪੋਟਾ ਜਾਂ ਅਜਿਹਾ ਹੀ ਸਖਤ ਕਨੂੰਨ ਬਣਾਏ ਜਾਣ ਦੀ ਵਕਾਲਤ ਕਰ ਰਹੀਆਂ ਹਨ। ਜਿਸ ਕਨੂੰਨ ਦਾ ਅਸਲ ਨਿਸ਼ਾਨਾ ਕਿਰਤੀ ਲੋਕਾਂ ਦੇ ਹੱਕੀ ਸੰਘਰਸ਼ ਦੀ ਸੰਘੀ ਨੱਪਣਾ ਹੀ ਹੈ।

ਅੱਜ ਨਰਿੰਦਰ ਮੋਦੀ ਅਤੇ ਬੁੱਧਦੇਵ ਭੱਟਾਚਾਰੀਆਂ ਭਾਰਤੀ ਹਾਕਮਾਂ ਦੇ ਸਭ ਤੋਂ ਭਰੋਸੇਯੋਗ ਅਤੇ ਵਫ਼ਾਦਾਰ ਜਰਨੈਲ਼ ਹਨ। ਇੱਕ ਕੇਸਰੀ ਅਤੇ ਦੂਸਰਾ ਲਾਲ ਝੰਡਾ ਚੁੱਕ ਕੇ ਹਾਕਮਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਮੋਦੀ ਨੇ 2002 ਵਿੱਚ ਮੁਸਲਮਾਨਾਂ ਦੇ ਯੋਜਨਾਬੱਧ ਕਤਲੇਆਮ ਤੋਂ ਬਾਅਦ, ਨਵੀਆਂ ਆਰਥਿਕ ਨੀਤੀਆਂ ਨੂੰ ਅੱਗੇ ਵਧਾਇਆ ਹੈ। ਪੂਰੇ ਗੁਜਰਾਤ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਲੋਕਾਂ 'ਚ ਦਹਿਸ਼ਤ ਪਾਕੇ ਉਸਨੇ ਉਨ੍ਹਾਂ ਆਰਥਿਕ ਨੀਤੀਆਂ ਨੂੰ ਅੱਗੇ ਵਧਾਇਆ ਹੈ ਜੋ ਲੰਬੇ ਸਮੇਂ ਤੋਂ ਵਿਚਾਲ਼ੇ ਲਟਕੀਆਂ ਹੋਈਆ ਸਨ। ਪੂਰੇ ਗੁਜਰਾਤ ਵਿੱਚ ਸੰਘ ਪਰਿਵਾਰ ਦੀ ਦਹਿਸ਼ਤ ਪਸਰੀ ਹੋਈ ਹੈ। ਇਸ ਦਹਿਸ਼ਤ ਦੇ ਸਾਏ ਹੇਠ ਭਾਰਤੀ ਹਾਕਮਾਂ ਦੀ ਨਵੀਂ ਆਰਥਿਕ ਨੀਤੀ ਦਾ ਰੱਥ ਲੋਕਾਂ ਨੂੰ ਦਰੜ ਰਿਹਾ ਹੈ।

ਜੋ ਕੁਝ ਮੋਦੀ ਨੇ ਧਰਮ ਦੇ ਨਾਂ 'ਤੇ ਗੁਜਰਾਤ ਵਿੱਚ ਕਰਵਾਇਆ, ਉਹੋ ਕੁੱਝ ਬੁੱਧਦੇਵ ਭੱਟਾਚਾਰੀਆ ਨੇ ਸੱਨਅਤੀਕਰਨ ਦੇ ਨਾਂ 'ਤੇ ਬੰਗਾਲ ਵਿੱਚ ਕਰਵਾਇਆ ਹੈ।

(ਬਾਕੀ ਹਿੱਸਾ ਪੰਨਾ 27 'ਤੇ)

ਕਾਮਰੇਡ ਅਰਵਿੰਦ ਨਹੀਂ ਰਹੇ !

ਕਾ. ਅਰਵਿੰਦ ਜਿਉਂਦੇ ਰਹਿਣਗੇ ਸਾਡੇ ਸਕੰਲਪਾਂ ’ਚ !
ਉਹਨਾਂ ਦੇ ਸੁਪਨੇ ਜਿਉਂਦੇ ਰਹਿਣਗੇ ਸਾਡੇ ਸੁਪਨਿਆਂ ’ਚ !
ਪਰਚਮ ਲਹਿਰਾਉਂਦਾ ਰਹੇਗਾ, ਮਸ਼ਾਲ ਜਲ਼ਦੀ ਰਹੇਗੀ, ਸ.ਫ਼ਰ ਜਾਰੀ ਰਹੇਗਾ
ਕਾ. ਅਰਵਿੰਦ ਤੇਰੇ ਨਾਲ਼ ਸਾਡਾ ਇਹ ਵਾਅਦਾ ਹੈ !

ਕਾਮਰੇਡ ਅਰਵਿੰਦ ਨਹੀਂ ਰਹੇ। ਬੋਝਲ ਕਲਮ ’ਚੋਂ ਨਿਕਲ਼ੇ ਪੱਥਰ ਵਰਗੇ ਭਾਰੇ ਇਨ੍ਹਾਂ ਸ਼ਬਦਾਂ ’ਤੇ ਅਸੀਂ ਵੀ ਖ਼ੁਦ ਵਿਸ਼ਵਾਸ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਕਾਮਰੇਡ ਅਰਵਿੰਦ ਨਹੀਂ ਰਹੇ।

ਬੀਤੀ 24 ਜੁਲਾਈ 2008, ਨੂੰ ਗੋਰਖਪੁਰ ਸਥਿਤ ਸਵਿਤਰੀ ਨਰਸਿੰਗ ਹੋਮ ਵਿੱਚ ਰਾਤ ਨੂੰ ਲੱਗਭਗ 9.40 ਤੋਂ 9.45 ਵਿਚਕਾਰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਪਿਛਲੇ ਕੁੱਝ ਦਿਨਾਂ ਤੋਂ ਉਨ੍ਹਾਂ ਦੀ ਸਿਹਤ ਦਾ ਹਾਲ ਠੀਕ ਨਹੀਂ ਸੀ ਚੱਲ ਰਿਹਾ ਅਤੇ ਵਿੱਚ-ਵਿੱਚ ਬੁਖਾਰ ਚੜ੍ਹਦਾ ਰਹਿੰਦਾ ਸੀ। ਥਾਇਰਾਇਡ ਦੀ ਸਮੱਸਿਆ ਉਨ੍ਹਾਂ ਨੂੰ ਪਹਿਲਾਂ ਹੀ ਸੀ। ਲੱਗਭਗ ਇੱਕ ਹਫਤੇ ਤੋਂ ਉਹ ਵਾਰਿਲ ਬੁਖਾਰ ਤੋਂ ਪੀੜਤ ਸਨ ਅਤੇ ਉਸ ਲਈ ਦਵਾਈਆਂ ਲੈ ਰਹੇ ਸਨ। 23 ਜੁਲਾਈ ਨੂੰ ਬਹੁਤ ਜ਼ਿਆਦਾ ਕਮਜੋਰੀ ਮਹਿਸੂਸ ਹੋਣ ਅਤੇ ਸਾਹ ਲੈਣ ਵਿੱਚ ਔਖ ਹੋਣ ’ਤੇ ਸਾਥੀਆਂ ਨੇ ਉਨ੍ਹਾਂ ਨੂੰ ਡਾ. ਅਜੀਜ ਅਹਿਮਦ ਦੇ ਨਰਸਿੰਗ ਹੋਮ ਵਿੱਚ ਦਾਖਲ ਕਰਾਇਆ। ਉੱਥੇ ਸਾਹ ਲੈਣ ਵਿੱਚ ਔਖ ਹੋਰ ਵੱਧਦੀ ਗਈ। ਪਤਾ ਲੱਗਾ ਕਿ ਫ਼ੇਫੜੇ ਅਤੇ ਸਾਹ ਨਾਲ਼ੀ ਵਿੱਚ ਗੰਭੀਰ ਇਨਫ਼ੈਕਸ਼ਨ ਕਾਰਨ ਦਿਲ ’ਤੇ ਬਹੁਤ ਵੱਧ ਦਬਾਅ ਪੈ ਰਿਹਾ ਹੈ। ਡਾਕਟਰ ਕੁੱਝ ਸਮਝ ਪਾਉਂਦੇ ਤਦ ਤੱਕ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਚੁੱਕਿਆ ਸੀ। ਜਾਂਚ ਤੋਂ ਪਤਾ ਲੱਗਿਆ ਕਿ ਗੁਰਦੇ ਵੀ ਕੰਮ ਕਰਨਾ ਬੰਦ ਕਰ ਚੁੱਕੇ ਹਨ ਅਤੇ ਅੰਤੜੀਆਂ ਵਿੱਚ ਵੀ ਇਨਫ਼ੈਕਸ਼ਨ ਹੈ। ਡਾਕਟਰਾਂ ਅਨੁਸਾਰ, ਹੁਣ ਬਾਹਰ ਕਿਤੇ ਲੈ ਜਾਣਾ ਸੰਭਵ ਨਹੀਂ ਸੀ। ਫਿਰ ਉਨ੍ਹਾਂ ਨੂੰ ਲੋਕਲ ਸਾਵਿਤਰੀ ਨਰਸਿੰਗ ਹੋਮ ਲੈ ਜਾਇਆ ਗਿਆ, ਜਿੱਥੇ ਡਾਇਲਿਸਿਸ ਦੀ ਸਹੂਲਤ ਸੀ। ਪਰ, ਡਾਇਲਿਸਿਸ ਸ਼ੁਰੂ ਹੋਣ ਤੋਂ ਠੀਕ ਪਹਿਲਾਂ, ਇੱਕ ਤੋਂ ਬਾਅਦ ਇੱਕ, ਦਿਲ ਦੇ ਦੋ ਦੌਰੇ ਥੋੜ੍ਹੇ ਹੀ ਸਮੇਂ ਦੇ ਵਕਫ਼ੇ ’ਤੇ ਪਏ ਅਤੇ ਸਾਡਾ ਕਾਮਰੇਡ ਸਾਡੇ ਤੋਂ ਹਮੇਸ਼ਾ ਲਈ ਵਿਦਾ ਹੋ ਗਿਆ।

ਠੰਡੇ-ਬੇਰਹਿਮ ਸਮੇਂ ਦੇ ਵਿਰੁੱਧ ਜਾਰੀ ਸੰਘਰਸ਼ ਵਿੱਚ ਇੱਕ ਸ਼ਹਾਦਤ : ਲਹੂ ਹੈ ਕਿ ਤਦ ਵੀ ਗਾਉਂਦਾ ਹੈ !

ਮੌਤ ਨਾਲ਼ ਹਰ ਇਨਕਲਾਬੀ ਦਾ ਇੱਕ ਕਰਾਰ ਹੁੰਦਾ ਹੈ ਅਤੇ ਉਸ ਕਰਾਰ ਮੁਤਾਬਿਕ, ਜ਼ਿਆਦਾਤਰ ਮਾਮਲਿਆਂ ਵਿੱਚ ਦੋਨਾਂ ਦਾ ਮੇਲ ਅਚਾਨਕ ਅਤੇ ਸਮੇਂ ਤੋਂ ਪਹਿਲਾਂ ਹੁੰਦਾ ਹੈ। ਫਿਰ ਵੀ ਇੰਨਾ ਅਣਕਿਆਸਿਆ ਵੀ ਕੁੱਝ ਹੋ ਸਕਦਾ ਹੈ, ਸਾਡੇ ਵਿੱਚੋਂ ਕਿਸੇ ਨੇ ਇਸਦੀ ਕਲਪਨਾ ਤੱਕ ਨਹੀਂ ਕੀਤੀ ਸੀ। ਇੱਕ ਕਠਿਨ ਜੱਦੋ ਜਹਿਦ ਨਾਲ਼ ਭਰੀ ਖੋਜੀ ਯਾਤਰਾ ਦੇ ਬਾਅਦ, ਜਦੋਂ ਅਸੀਂ ਨਵੀਆਂ ਯੋਜਨਾਵਾਂ ਦੇ ਬਲੂ-ਪ੍ਰਿੰਟਸ ਨੂੰ ਅੰਤਿਮ ਰੂਪ ਦੇ ਰਹੇ ਸਾਂ, ਜਦੋਂ ਅਸੀਂ ਨਵੇਂ ਲੋਕ-ਮੁਕਤੀ ਪ੍ਰਾਜ਼ੈਕਟ ਬਾਰੇ ਵਿੱਚ ਆਪਣੀ ਸੋਚ ਨੂੰ ਪ੍ਰਯੋਗਾਂ ਵਿੱਚ ਉਤਾਰ ਕੇ ਸਹੀ ਸਾਬਿਤ ਅਤੇ ਵਿਕਸਿਤ ਕਰਨ ਦੀ ਇੱਕ ਨਵੀਂ ਯੋਜਨਾ ਹੱਥ ਵਿੱਚ ਲੈ ਰਹੇ ਸਾਂ, ਜਦੋਂ ਅਸੀਂ ਕੱਟੜਤਾ ਅਤੇ “ਮੁਕਤ ਚਿੰਤਨ” ਤੋਂ ਮੁਕਤ ਇਨਕਲਾਬੀ ਹਮਸਫ਼ਰਾਂ ਨਾਲ਼ ਨਵੇਂ ਪ੍ਰੋਲੇਤਾਰੀ ਇਨਕਲਾਬ ਦੇ ਸਰੂਪ ਅਤੇ ਸਮੱਸਿਆਵਾਂ ’ਤੇ ਸੰਵਾਦ ਦਾ ਇੱਕ ਨਵਾਂ ਗੇੜ ਸ਼ੁਰੂ ਕਰ ਰਹੇ ਸਾਂ, ਠੀਕ ਅਜਿਹੇ ਹੀ ਸਮੇਂ ਵਿੱਚ ਲੀਡਰਸ਼ਿਪ ਦੇ ਇੱਕ ਸਭ ਤੋਂ ਤਜ਼ਰਬੇਕਾਰ ਅਤੇ ਸਭ ਤੋਂ ਮਹੱਤਵਪੂਰਨ ਸਾਥੀ ਦਾ ਇੰਝ ਇਸ ਤਰ੍ਹਾਂ ਸਾਡੇ ਵਿੱਚੋਂ ਚਲੇ ਜਾਣਾ ਇੱਕ ਅਜਿਹੀ ਸੱਟ ਹੈ, ਜਿਸ ਤੋਂ ਉਭਰਨ ਵਿੱਚੋਂ ਸਭ ਸੰਕਲਪਾਂ ਦੇ ਬਾਵਜੂਦ ਨਿਸ਼ਚੇ ਹੀ, ਸਾਨੂੰ ਕੁੱਝ ਸਮਾਂ ਲੱਗੇਗਾ।

ਜ਼ਿੰਦਗੀ ਲੜਦੀ ਰਹੇਗੀ, ਕਾ.ਫ਼ਲਾ ਚੱਲਦਾ ਰਹੇਗਾ, ਸਾਡੇ ਤੋਂ ਵਿਦਾ ਲੈਣ ਵਾਲ਼ੇ ਸਾਥੀਆਂ ਦਾ ਸਥਾਨ ਨਵੇਂ ਸਾਥੀ ਲੈਂਦੇ ਰਹਿਣਗੇ, ਫਿਰ ਵੀ ਕਠਿਨ ਅਤੇ ਠੰਡੇ ਸਮੇਂ ਦੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਨੂੰ ਭੁੱਲ ਸਕਣਾ ਅਸਾਨ ਨਹੀਂ ਹੁੰਦਾ। ਇਨਕਲਾਬੀ ਉਭਾਰ ਦੇ ਦਿਨਾਂ ਦੇ ਮੁਕਾਬਲੇ ਠੰਡੇ, ਖੜੋਤ ਭਰੇ ਦਿਨਾਂ ਵਿੱਚ ਜੂਝਣਾਂ ਅਤੇ ਕੁਰਬਾਨੀ ਦੇਣਾ ਕਿਤੇ ਵੱਧ ਕਠਿਨ ਹੁੰਦਾ ਹੈ ਅਤੇ ਦੁਰਲੱਭ ਵੀ।

ਅਸੀਂ ਇੱਕ ਅਜਿਹੇ ਹੀ ਸਮੇਂ ਵਿੱਚ ਜੀਅ ਰਹੇ ਹਾਂ ਜਦੋਂ ਮਾਣਮੱਤੇ ਸ਼ਬਦ ਵੀ ਅਰਥਸਫੀਤੀ ਦੇ ਸ਼ਿਕਾਰ ਹਨ, ਇਨਕਲਾਬੀ ਲਹਿਰ ’ਤੇ ਉਲਟ-ਇਨਕਲਾਬ ਦੀ ਸ਼ੀਤ ਲਹਿਰ ਭਾਰੂ ਹੈ, ‘ਇਤਿਹਾਸ ਦੇ ਅੰਤ’ ਅਤੇ ਇਨਕਲਾਬ ਦੇ ਮਹਾਂਬ੍ਰਿਤਾਂਤਾਂ ਦਾ ਖਿੰਡਾਅ ਦੇ ਸ਼ੋਰਗੁਲ ਦਰਮਿਆਨ, ਇਨਕਲਾਬੀ ਜਮਾਤਾਂ ਵੀ “ਮੁਕਤ” ਚਿੰਤਨ ਅਤੇ ਅਕਾਦਮਿਕ ਸਲਾਹ-ਮਸ਼ਵਰੇ ਨਾਲ਼ ਪ੍ਰਭਾਵਿਤ ਹੋ ਰਹੀਆਂ ਹਨ ਅਤੇ ਨਾਲ਼ ਹੀ, ਪੁਰਾਣੀਆਂ ਗਲਤੀਆਂ ਵੀ ਦੁਹਰਾਈਆਂ ਜਾ ਰਹੀਆਂ ਹਨ, ਕਦੇ ਹੂ-ਬ-ਹੂ ਕਦੇ ਨਵੇਂ-ਨਵੇਂ ਰੂਪਾਂ ਵਿੱਚ।

ਪਿਛਾਖੜ ਦਾ ਇਹ ਹਿਮ ਯੁੱਗ ਕਿਰਤ ਅਤੇ ਪੂੰਜੀ ਦੇ ਖੇਮਿਆਂ ਦਰਮਿਆਨ ਜਾਰੀ ਸੰਸਾਰ ਇਤਿਹਾਸਕ ਮਹਾਨ ਯੁੱਧ ਦੇ

ਦੋ ਗੇੜਾਂ ਵਿਚਕਾਰ ਦਾ ਅਰਸ਼ਾ ਹੈ, ਜਦੋਂ ਸਹੀ ਇਨਕਲਾਬੀ ਵਿਚਾਰ ਅਤੇ ਸਮਝੌਤਾਹੀਣ ਸੰਘਰਸ਼ ਦੀ ਅੱਗ ਨੂੰ ਜਿਉਂਦੇ ਰੱਖਣ ਲਈ ਇਨਕਲਾਬੀਆਂ ਦੀ ਛੋਟੀ ਜਿਹੀ ਬਚੀ ਹੋਈ ਜਮਾਤ ਨੂੰ ਅਸਾਧ ਜੀਵਨ ਜਿਉਂਣਾ ਪੈਂਦਾ ਹੈ ਅਤੇ ਅਥਾਹ ਕੁਰਬਾਨੀਆਂ ਦੇ ਕੇ ਭਵਿੱਖ ਦੀ ਉਸਾਰੀ ਲਈ ਨੀਂਹ ਦਾ ਪੱਥਰ ਬਣਨਾ ਪੈਂਦਾ ਹੈ। ਕਾ. ਅਰਵਿੰਦ ਦੀ ਜ਼ਿੰਦਗੀ ਅਜਿਹੀ ਹੀ ਜ਼ਿੰਦਗੀ ਸੀ ਅਤੇ ਉਸਦਾ ਦੇਹਾਂਤ ਅਜਿਹੀ ਹੀ ਕੁਰਬਾਨੀ ਸੀ। ਇਹ "ਠੰਡੇ ਸਮੇਂ ਦੀ ਸ਼ਹਾਦਤ" ਸੀ।

ਕਾ. ਅਰਵਿੰਦ ਨੇ ਮਹਿਜ ਚੁਤਾਲੀ ਵਰ੍ਹਿਆਂ ਦੀ ਛੋਟੀ ਜਿਹੀ ਜ਼ਿੰਦਗੀ ਜੀਵੀ ਜਿਸ ਵਿੱਚੋਂ ਚੌਵੀ ਵਰ੍ਹੇ ਉਨ੍ਹਾਂ ਨੇ ਭਾਰਤੀ ਕਿਰਤੀ ਲੋਕਾਂ ਦੇ ਮੁਕਤੀ ਮਹਾਂ-ਯੁੱਧ ਵਿੱਚ ਲਗਾ ਦਿੱਤੇ। ਖ਼ਾਸ ਤੌਰ 'ਤੇ, ਜੀਵਨ ਦੇ ਆਖਰੀ ਦਸ-ਬਾਰ੍ਹਾਂ ਵਰ੍ਹਿਆਂ ਦੌਰਾਨ, ਉਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਇਨਕਲਾਬੀ ਸਫ਼ਾਂ ਦੀ ਭਰਤੀ ਅਤੇ ਤਿਆਰੀ ਲਈ ਕੰਮ ਕੀਤਾ, ਲੋਕਾਂ ਵਿੱਚ ਪ੍ਰਚਾਰਾਤਮਕ ਅਤੇ ਸੰਘਰਸ਼ ਦੇ ਕੰਮ ਕੀਤੇ ਅਤੇ ਸੰਸਾਰ ਮਜ਼ਦੂਰ ਇਨਕਲਾਬ ਦੇ ਇਤਿਹਾਸਕ ਅਨੁਭਵਾਂ ਦੇ ਨਿਚੋੜ ਅਤੇ ਭਾਰਤੀ ਮਜ਼ਦੂਰ ਇਨਕਲਾਬ ਦੇ ਖਾਸੇ ਅਤੇ ਸਮੱਸਿਆਵਾਂ 'ਤੇ ਜਾਰੀ ਖੋਜ ਅਧਿਐਨ ਵਿੱਚ ਅਹਿਮ ਭੂਮਿਕਾ ਨਿਭਾਈ। *'ਨਵੇਂ ਪ੍ਰੋਲੇਤਾਰੀ ਪੁਨਰਜਾਗਰਣ ਅਤੇ ਨਵੇਂ ਪ੍ਰੋਲੇਤਾਰੀ ਪ੍ਰਬੋਧਨ'* ਦਾ ਸੰਕਲਪ ਵਿਕਸਿਤ ਕਰਨ ਅਤੇ ਭਾਰਤ ਵਿੱਚ ਸੰਭਾਵਿਤ ਸਮਾਜਵਾਦੀ ਇਨਕਲਾਬ ਦੀਆਂ ਨਵੀਂਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਕੇ ਉਸ ਨੂੰ *'ਨਵੇਂ ਸਮਾਜਵਾਦੀ ਇਨਕਲਾਬ'* ਦਾ ਨਾਂ ਦੇਣ ਦੀ ਉਚਿਤਤਾ ਦਰਸਾਉਣ ਵਿੱਚ ਕਾ. ਅਰਵਿੰਦ ਦੀ ਅਹਿਮ ਭੂਮਿਕਾ ਸੀ। ਅੱਜ ਤੋਂ ਪੰਦਰਾਂ ਵਰ੍ਹੇ ਪਹਿਲਾਂ ਅਸੀਂ ਇਸ ਸਿੱਟੇ 'ਤੇ ਪਹੁੰਚੇ ਕਿ ਵਿਸ਼ੇਸ਼ ਕਰਕੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੇ ਸਿਧਾਂਤ ਅਤੇ ਪ੍ਰਯੋਗ ਰੂਪ ਵਿੱਚ ਮਾਓ ਦੀ ਜਿਹੜੀ ਇਤਿਹਾਸਕ ਦੇਣ ਹੈ, ਉਸਨੂੰ ਦੇਖਦੇ ਹੋਏ ਮਾਓ ਦੇ ਵਿਚਾਰਾਂ ਨੂੰ ਮਾਓ ਵਿਚਾਰਧਾਰਾ ਦੇ ਬਜਾਏ *ਮਾਓਵਾਦ* ਕਿਹਾ ਜਾਣਾ ਚਾਹੀਦਾ ਹੈ। ਇਸ ਸਿੱਟੇ ਤੱਕ ਪਹੁੰਚਣ ਵਿੱਚ ਵੀ ਕਾ. ਅਰਵਿੰਦ ਨੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ। ਮਜ਼ਦੂਰ ਜਮਾਤ ਦੇ ਰਾਜਨੀਤਕ ਅਖ਼ਬਾਰ ਦੇ ਰੂਪ ਵਿੱਚ **'ਬਿਗੁਲ'** ਦੇ ਪ੍ਰਕਾਸ਼ਨ ਦੀ ਸੋਚ ਅਤੇ ਉਸਦੇ ਅਮਲ ਵਿੱਚ ਕਾ. ਅਰਵਿੰਦ ਦੀ ਮੋਹਰੀ ਭੂਮਿਕਾ ਸੀ। **'ਦਾਯਿਤਵਬੋਧ'** ਦੇ ਸੰਪਾਦਕ ਦੇ ਨਾਲ਼-ਨਾਲ਼ ਸ਼ੁਰੂ ਤੋਂ ਹੀ ਉਹ 'ਬਿਗੁਲ' ਦੇ ਨਾ ਕੇਵਲ ਇੱਕ ਨਿਯਮਿਤ ਲੇਖਕ ਸਨ ਸਗੋਂ ਗ਼ੈਰ ਰਸਮੀ ਤੌਰ 'ਤੇ ਉਸਦੇ ਸੰਪਾਦਨ ਨਾਲ਼ ਵੀ ਜੁੜੇ ਹੋਏ ਸਨ। ਇਸ ਤੋਂ ਇਲਾਵਾ ਉਹ ਵਿਦਿਆਰਥੀ-ਨੌਜਵਾਨਾਂ ਦੇ ਮੈਗਜ਼ੀਨ **'ਆਹਵਾਨ'** ਵਿੱਚ ਵੀ ਨਾ ਸਿਰਫ਼ ਨਿਯਮਤ ਲਿਖਦੇ ਸਨ ਸਗੋਂ ਉਸਦੇ ਸੰਪਾਦਕਾਂ ਦੇ ਰਾਹ ਦਰਸਾਵੇ ਸਲਾਹਕਾਰ ਦੀ ਭੂਮਿਕਾ ਵੀ ਨਿਭਾਉਂਦੇ ਸਨ। ਪਿਛਲੇ ਅਠਾਰਾਂ ਵਰ੍ਹਿਆਂ ਦੌਰਾਨ ਕਾ. ਅਰਵਿੰਦ ਨੇ ਗੋਰਖ਼ਪੁਰ, ਲਖਨਊ, ਸੁਲਤਾਨਪੁਰ, ਬੜਹਲਗੰਜ, ਮਰਿਆਦਪੁਰ, ਵਾਰਾਣਸੀ, ਦਿੱਲੀ ਅਤੇ ਨੋਏਡਾ ਜਿਹੇ ਕਈ ਕਾਰਜ ਖੇਤਰਾਂ ਵਿੱਚ ਵਿਦਿਆਰਥੀਆਂ-ਨੌਜਵਾਨਾਂ, ਪੇਂਡੂ ਕਿਰਤੀਆਂ ਅਤੇ ਸ਼ਹਿਰੀ ਮਜ਼ਦੂਰਾਂ ਦੇ ਮੋਰਚਿਆਂ 'ਤੇ ਕੰਮ ਕੀਤਾ, ਪੰਜਾਬ ਵਿੱਚ ਜੁੜਨ ਵਾਲ਼ੇ ਸਾਥੀਆਂ ਦੀ ਰਹਿਨੁਮਾਈ ਅਤੇ ਅਗਵਾਈ ਕੀਤੀ, ਦਿੱਲੀ ਵਿੱਚ ਰਹਿੰਦੇ ਹੋਏ ਹਰਿਆਣਾ ਵਿੱਚ ਵਿਦਿਆਰਥੀ-ਨੌਜਵਾਨਾਂ ਵਿੱਚ ਇਨਕਲਾਬੀ ਕੰਮਾਂ ਦੀ ਸ਼ੁਰੂਆਤ ਕੀਤੀ, 'ਦਿੱਲੀ ਜਮਹੂਰੀ ਅਧਿਕਾਰ ਮੰਚ' 'ਚ ਵੀ ਸਰਗਰਮ ਰਹੇ ਅਤੇ ਸਾਮਰਾਜਵਾਦ-ਵਿਰੋਧੀ ਸਾਂਝੇ ਮੋਰਚੇ ਅਤੇ ਜਨਤਕ ਕੰਮਾਂ ਵਿੱਚ ਵੀ ਸਰਗਰਮੀ ਕਰਦੇ ਰਹੇ ਅਤੇ ਸਮਝੌਤਾ ਰਹਿਤ ਢੰਗ ਨਾਲ਼ ਆਪਣਾ ਸਟੈਂਡ ਰੱਖ ਕੇ ਸੰਘਰਸ਼ ਕਰਦੇ ਰਹੇ। ਇਸ ਦੌਰਾਨ ਉਨ੍ਹਾਂ ਨੇ ਇਨਕਲਾਬੀ ਸਫ਼ਾਂ ਵਿੱਚ ਵੱਡੀ ਪੱਧਰ 'ਤੇ ਨਵੀਂ ਭਰਤੀ ਕੀਤੀ ਅਤੇ ਉਨ੍ਹਾਂ ਨੇ ਸਿੱਖਿਅਤ ਅਤੇ ਟਰੇਂਡ ਕੀਤਾ।

ਵਿਸ਼ੇਸ਼ ਕਰਕੇ, ਪਿਛਲੇ ਪੰਜ-ਛੇ ਵਰ੍ਹਿਆਂ ਦੌਰਾਨ ਨਵੇਂ ਸਮਾਜਵਾਦੀ ਇਨਕਲਾਬ ਦੀ ਧਾਰਾ ਦੇ ਅੰਦਰੋਂ ਸਮਾਜਿਕ ਜਮਹੂਰੀ ਅਰਥਵਾਦ, ਟਰੇਡਯੂਨੀਅਨਵਾਦ ਅਤੇ "ਮਾਰਕਸਵਾਦੀ" ਨਰੋਦਵਾਦ ਦੇ ਭਟਕਾਅ ਅਤੇ ਮੱਧਵਰਗੀ ਘੋਸਲਾਵਾਦ, ਛੁੱਟੀ ਦੀ ਮਾਨਸਿਕਤਾ ਅਤੇ ਵੱਖ-ਵੱਖ ਪਤਨਸ਼ੀਲ ਪ੍ਰਵਿਰਤੀਆਂ ਸਿਰ ਚੁੱਕਦੀਆਂ ਰਹੀਆਂ ਹਨ। ਇਨ੍ਹਾਂ ਦੇ ਵਿਰੁੱਧ ਸਮਝੌਤਾ ਰਹਿਤ, ਬੇਕਿਰਕ, ਸੰਘਰਸ਼ ਕਰਨ ਅਤੇ ਇਨ੍ਹਾਂ ਨੂੰ ਉਖਾੜ ਸੁੱਟਣ ਵਿੱਚ ਕਾ. ਅਰਵਿੰਦ ਦੀ ਮੋਹਰੀ ਭੂਮਿਕਾ ਰਹੀ। ਨਿੱਜੀ ਜੀਵਨ ਵਿੱਚ ਕਾ. ਅਰਵਿੰਦ ਇੱਕ ਉਦਾਰ ਅਤੇ ਨਰਮਦਿਲ ਵਿਅਕਤੀ ਸਨ। ਨਿੱਜੀ ਦੁਸ਼ਮਣੀ ਜਾ ਬਦਲੇ ਦੀ ਭਾਵਨਾ ਉਨ੍ਹਾਂ ਦਾ ਸੁਭਾਅ ਨਹੀਂ ਸੀ। ਪਰ ਉਹ ਉਦਾਰਵਾਦੀ ਕਦੇ ਵੀ ਨਹੀਂ ਸਨ। ਉਹ ਬਾਲਸ਼ਵਿਕ ਸੱਭਿਆਚਾਰ ਦੇ ਕੱਟੜ ਹਿਮਾਇਤੀ ਸਨ ਅਤੇ ਪਰਾਈਆਂ ਪ੍ਰਵਿਰਤੀਆਂ ਦੇ ਵਿਰੁੱਧ ਸਮਝੌਤਾ ਰਹਿਤ, ਫ਼ੈਸਲਾਕੁਨ ਸੰਘਰਸ਼ ਕਰਦੇ ਸਨ। ਅਜਿਹੇ ਸੰਘਰਸ਼ਾਂ ਵਿੱਚ ਇੱਕ ਤੋਂ ਵੱਧ ਵਾਰ ਅਜਿਹਾ ਹੋਇਆ ਕਿ ਉਹਨਾਂ ਨੇ ਨਿੱਜੀ ਦੋਸਤੀ ਤੇ ਰਿਸ਼ਤਿਆ ਤੱਕ ਦੀ ਕੋਈ ਪਰਵਾਹ ਨਹੀਂ ਕੀਤੀ। ਪਿਛਲੇ ਕੁੱਝ ਵਰ੍ਹਿਆਂ ਤੋਂ, ਗਰਾਸ ਰੂਟ ਪੱਧਰ ਦੀਆਂ ਸੰਘਰਸ਼ ਸਰਗਰਮੀਆਂ ਸਿਧਾਂਤਕ ਖੋਜ-ਅਧਿਐਨ ਦੇ ਕੰਮਾਂ ਅਤੇ ਇਨਕਲਾਬੀ ਖੱਬੇ ਪੱਖੀ ਧਾਰਾ ਦੀਆਂ ਕੁੱਝ ਨੇੜਲੀਆਂ ਜੱਥੇਬੰਦੀਆਂ ਨਾਲ਼ ਸੰਪਰਕ-ਸੰਵਾਦ ਦੇ ਕੰਮਾਂ ਵਿੱਚ ਦਿਨ-ਰਾਤ ਰੁੱਝੇ ਰਹਿੰਦੇ ਹੋਏ, ਵੱਖ-ਵੱਖ ਤੋੜ-ਫੋੜ ਕਰਨ ਵਾਲ਼ੇ ਤੱਤਾਂ ਅਤੇ ਭਗੌੜਿਆਂ ਅਤੇ ਗੱਦਾਰਾਂ ਦੀਆਂ ਸਾਜ਼ਿਸ਼ੀ ਸਰਗਰਮੀਆਂ ਵਿਰੁੱਧ ਵੀ ਕਾ. ਅਰਵਿੰਦ ਲਗਾਤਾਰ ਸਰਗਰਮ ਸਨ। ਅਜਿਹੀ ਹਾਲਤ ਵਿੱਚ ਕੋਈ ਵੀ ਰਾਜਨੀਤਕ ਕਾਰਕੁੰਨ ਉਨ੍ਹਾਂ ਦੇ ਦਿਨ-ਰਾਤ ਦੇ ਰੁੱਝੇਵਿਆਂ ਦੀ ਸਹਿਜ ਹੀ ਕਲਪਨਾ ਕਰ ਸਕਦਾ ਹੈ। ਸਿਹਤ ਸਬੰਧੀ ਵਿਗਾੜਾਂ ਦੇ ਦੌਰ ਆਉਂਦੇ ਸਨ ਅਤੇ ਕੰਮ-ਚਲਾਉ ਇਲਾਜ ਕਰਵਾ ਕੇ ਉਹ ਕੰਮ ਵਿੱਚ ਲੱਗ ਜਾਂਦੇ ਸਨ। ਸਾਥੀ ਵਿੱਚ-ਵਿੱਚ ਉਨ੍ਹਾਂ 'ਤੇ ਚੰਗੀ ਤਰ੍ਹਾਂ ਇਲਾਜ ਕਰਾਉਣ ਦਾ ਦਬਾਅ ਵੀ ਬਣਾਉਂਦੇ ਸਨ। ਪਰ ਹਰ ਵਾਰ ਉਨ੍ਹਾਂ ਕੋਲ਼ ਕਿਸੇ ਫੌਰੀ ਕੰਮ ਦੇ ਦਬਾਅ ਦਾ ਤਰਕ ਹੁੰਦਾ ਸੀ ਅਤੇ ਮਗਰੋਂ ਇਹ ਵਾਇਦਾ ਕਿ ਮੌਕਾ ਮਿਲ਼ਦੇ ਹੀ ਪੂਰਾ ਚੈਕਅਪ ਕਰਵਾਉਣਗੇ। ਜਿਹੜੇ ਹਮਸਫ਼ਰ ਹਨ, ਉਨ੍ਹਾਂ ਲਈ ਅੱਜ ਇਹ ਸਮਝਣਾ ਕਠਿਨ ਨਹੀਂ ਹੈ ਕਿ ਮੁਸ਼ਕਿਲ ਸਮੇਂ ਦੇ ਦੁਰਨਿਵਾਰ ਰੁਝੇਂਵਿਆਂ ਅਤੇ ਭ੍ਰਿਸ਼ਟ ਕੁਰਾਹੀਆਂ ਦੀਆਂ ਭੰਨ-ਤੋੜ ਦੀਆਂ ਸਰਗਰਮੀਆਂ ਕਾ. ਅਰਵਿੰਦ ਦੀ ਸਿਹਤ 'ਤੇ ਕਿਸ ਕਦਰ ਮਾਰੂ ਸਾਬਤ ਹੋਈਆ। ਪਰ ਜਦੋਂ ਇਹ ਪ੍ਰਕਿਰਿਆ ਜਾਰੀ ਸੀ ਤਾਂ ਇਸ ਦਾ ਅਹਿਸਾਸ ਨਾ ਕਾ. ਅਰਵਿੰਦ ਨੂੰ ਸੀ ਅਤੇ ਨਾ ਹੀ ਸਾਨੂੰ ਸਾਰਿਆਂ ਨੂੰ। ਇਸ ਨੂੰ ਇੱਕ

ਸੱਚੇ ਇਨਕਲਾਬੀ ਜੀਵਨ ਦੀ ਤ੍ਰਾਸਦ ਵਿਡੰਬਨਾ ਦੇ ਇਲਾਵਾ ਭਲਾ ਹੋਰ ਕੀ ਕਿਹਾ ਜਾ ਸਕਦਾ ਹੈ ? ਇਸ ਲਈ ਕਾ. ਅਰਵਿੰਦ ਦੇ ਦੇਹਾਂਤ ਨੂੰ ਅਸੀਂ ਅੱਜ ਦੇ "**ਠੰਡੇ ਸਮੇਂ ਦੀ ਸ਼ਹਾਦਤ**" ਦੀ ਸੰਗਿਆ ਦੇ ਰਹੇ ਹਾਂ।

ਅਸੀਂ ਇੱਕ ਅਜਿਹੇ ਠੰਡੇ ਅਤੇ ਬੇਰਹਿਮ ਸਮੇਂ ਵਿੱਚ ਜੀਅ ਰਹੇ ਹਾਂ, ਜਦੋਂ ਪ੍ਰੋਲੇਤਾਰੀ ਇਨਕਲਾਬੀਆਂ ਨੂੰ ਆਪਣੇ ਬਾਲਸ਼ਵਿਕ ਅਸੂਲਾਂ 'ਤੇ ਦ੍ਰਿੜ ਰਹਿਣ ਦੀ ਕੀਮਤ ਕਈ ਰੂਪਾਂ ਵਿੱਚ ਚੁਕਾਉਣੀ ਹੋਵੇਗੀ। ਕਾ. ਅਰਵਿੰਦ ਨੇ ਇਹੀ ਕੀਮਤ ਚੁਕਾਈ ਅਤੇ ਉਨ੍ਹਾਂ ਨੂੰ ਗਵਾ ਕੇ ਉਨ੍ਹਾਂ ਦੇ ਸਾਥੀਆਂ ਨੇ ਵੀ ਇਹੀ ਕੀਮਤ ਚੁਕਾਈ। ਵੀਹਵੀਂ ਸਦੀ ਦੇ ਮਜ਼ਦੂਰ ਇਨਕਲਾਬਾਂ ਦੀ ਹਾਰ ਦੇ ਬਾਅਦ ਦਾ ਸਮਾਂ ਅਤੇ ਸਥਾਨ ਕਿਸੇ ਭਿਅੰਕਰ ਯੁੱਧ ਦੇ ਬਾਅਦ ਦੀ ਰਾਤ ਵਿੱਚ ਯੁੱਧ ਦੇ ਮੈਦਾਨ ਦੇ ਦ੍ਰਿਸ਼ ਵਰਗਾ ਹੈ ਜਦੋਂ ਵੀਰ ਯੋਧਿਆਂ ਦੀਆਂ ਲੋਥਾਂ ਅਤੇ ਜ਼ਖ਼ਮੀਆਂ ਨੂੰ ਉਹ ਕਾਇਰ ਲੁਟੇਰੇ ਟਟੋਲ ਅਤੇ ਲੁੱਟ-ਖਸੁੱਟ ਰਹੇ ਹੁੰਦੇ ਹਨ ਜਿਹੜੇ ਦਿਨ ਦੀ ਰੌਸ਼ਨੀ ਵਿੱਚ ਜਾਰੀ ਯੁੱਧ ਦੌਰਾਨ ਜਾਂ ਤਾਂ ਝਾੜੀਆਂ ਵਿੱਚ ਲੁਕੇ ਬੈਠੇ ਸਨ ਜਾਂ ਫਿਰ ਉਸ ਯੁੱਧ ਦੇ ਭਗੌੜੇ ਸੈਨਿਕ ਸਨ। ਇਹ ਹੀ ਉਹ ਲੁਟੇਰੇ ਹਨ ਜਿਹੜੇ ਆਲ੍ਹਣਿਆਂ ਵਿੱਚ ਬੈਠੇ "ਸਿਧਾਂਤਾਂ" ਦੀ ਬਦਬੂ ਛੱਡ ਰਹੇ ਹਨ, "ਮੁਕਤ ਚਿੰਤਨ" ਕਰ ਰਹੇ ਹਨ ਪਿਛਲੇ ਇਨਕਲਾਬਾਂ 'ਤੇ ਨਿਆਂ-ਨਿਰਣੇ ਦੇ ਰਹੇ ਹਨ ਜਾਂ ਮਹਿਜ ਕੂੜ ਪ੍ਰਚਾਰ ਕਰਕੇ ਬੇ-ਵਿਸ਼ਵਾਸੀ ਦੀ ਲਹਿਰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਵੋਰੋਨਸਕੀ ਦੇ ਇਕ ਅਲੋਚਨਾਤਮਕ ਲੇਖ ਦੀ ਸ਼ੁਰੂਆਤ ਲੜਾਈ ਦੇ ਬਾਅਦ ਦੀ ਇੱਕ ਅਜਿਹੀ ਹੀ ਰਾਤ ਦੇ ਚਿੱਤਰਣ ਨਾਲ਼ ਹੁੰਦੀ ਹੈ। ਅੱਜ ਦੇ ਰਾਜਨੀਤਕ ਮਾਹੌਲ ਨਾਲ਼ ਜੋੜਦੇ ਹੋਏ ਕਾ. ਅਰਵਿੰਦ ਅਕਸਰ ਲੇਖ ਦੇ ਉਸ ਹਿੱਸੇ ਦੀ ਚਰਚਾ ਕਰਦੇ ਸਨ ਅਤੇ ਹਰ ਵਾਰ ਸਾਡੀ ਗੱਲਬਾਤ ਦਾ ਅੰਤ ਇਸ ਗੱਲ ਨਾਲ਼ ਹੁੰਦਾ ਸੀ ਕਿ ਅੰਤ ਵਿੱਚ ਫ਼ੈਸਲਾ ਇਸੇ ਗੱਲ ਨਾਲ਼ ਹੋਣਾ ਹੈ ਕਿ ਸਹੀ ਰਾਜਨੀਤਕ ਲਾਈਨ ਹੈ ਜਾਂ ਨਹੀਂ ਅਤੇ ਉਸਨੂੰ ਲਾਗੂ ਕਰਨ ਵਾਲ਼ੀ ਇਨਕਲਾਬੀ ਤਾਕਤ ਹੈ ਜਾਂ ਨਹੀਂ।

ਜਿਹੜੀ ਧਾਰਾ ਦੇ ਖਿਲਾਫ਼ ਤੈਰਦੇ ਹਾਂ ਉਹ ਅਧਿਐਨ ਕਮਰਿਆ 'ਚੋਂ ਦਿੱਤੇ ਗਏ ਫ਼ੈਸਲਿਆਂ, ਘਰ ਦੇ ਬਨੇਰੇ 'ਤੇ ਚੜ੍ਹ ਕੇ ਦਿੱਤੇ ਗਏ ਫਤਵਿਆਂ ਅਤੇ ਅਫ਼ਵਾਹਾਂ, ਭੰਡੀ ਪ੍ਰਚਾਰਾਂ 'ਤੇ ਕੰਨ ਨਹੀਂ ਧਰਦੇ। ਕਾ. ਅਰਵਿੰਦ ਆਪਣੀਆਂ ਮਨਪਸੰਦ ਕਵਿਤਾਵਾਂ ਸਾਥੀਆਂ ਨੂੰ ਆਮ ਕਰਕੇ ਸੁਣਾਉਂਦੇ ਰਹਿੰਦੇ ਸਨ। ਪਾਸ਼ ਦੀ ਇਹ ਕਵਿਤਾ ਵੀ ਵਾਰ-ਵਾਰ ਸੁਣਦੇ ਸਨ।

ਸਾਡੇ ਲਹੂ ਨੂੰ ਆਦਤ ਹੈ
ਮੌਸਮ ਨਹੀਂ ਵੇਂਹਦਾ ਮਹਿਫ਼ਲ ਨਹੀਂ ਵੇਂਹਦਾ
ਜ਼ਿੰਦਗੀ ਦੇ ਜਸ਼ਨ ਵਿੱਢ ਲੈਂਦਾ ਹੈ
ਸੂਲੀ ਦੇ ਗੀਤ ਛੋਹ ਲੈਂਦਾ ਹੈ

ਉਹ ਸਾਡੇ ਵਿੱਚੋਂ ਹੀ ਇੱਕ ਸੀ, ਜੋ ਅਚਾਨਕ ਸਾਡੇ ਤੋਂ ਦੂਰ ਚਲਿਆ ਗਿਆ ਅਤੇ ਬਣ ਗਿਆ ਸਾਡੇ ਆਦਰਸ਼ਾਂ — ਸੰਕਲਪਾਂ ਦਾ ਇੱਕ ਪ੍ਰਤੀਕ-ਚਿੰਨ੍ਹ, ਸਾਨੂੰ ਪ੍ਰੇਰਿਤ ਕਰਦਾ ਹੋਇਆ ਇੱਕ ਅਮੁੱਕ ਊਰਜਾ ਦਾ ਸੋਮਾ!

ਕਦੇ-ਕਦੇ ਸੋਚਣ 'ਤੇ ਇਹ ਵੀ ਇੱਕ ਅਜੀਬ ਜਿਹੀ ਗੱਲ ਲੱਗਦੀ ਹੈ ਕਿ ਅਸੀਂ ਰੋਜ਼-ਰੋਜ਼ ਆਪਣੇ ਕਿਸੇ ਇੱਕ ਸਾਥੀ ਨਾਲ਼ ਜਿਉਂਦੇ ਹਾਂ,ਸਫ਼ਰ ਕਰਦੇ ਹਾਂ, ਮੀਟਿੰਗਾਂ ਕਰਦੇ ਹਾਂ, ਰਾਤ-ਰਾਤ ਭਰ ਗੱਪਾਂ ਮਾਰਦੇ ਹਾਂ, ਲੜਦੇ-ਝਗੜਦੇ ਹਾਂ, ਗੰਭੀਰ ਅਲੋਚਨਾਵਾਂ ਕਰਦੇ ਸੁਣਦੇ ਹਾਂ, ਸਹਿਮਤ-ਅਸਹਿਮਤ ਹੁੰਦੇ ਹਾਂ, ਸੰਘਰਸ਼ ਅਤੇ ਪ੍ਰਚਾਰ ਕਰਦੇ ਹਾਂ........ ਉਹ ਸਾਡੇ ਵਿੱਚੋਂ ਹੁੰਦਾ ਹੈ, ਸਾਡੇ ਵਿੱਚੋਂ ਇੱਕ ਹੁੰਦਾ ਹੈ ਅਤੇ ਫਿਰ ਅਚਾਨਕ ਇੱਕ ਦਿਨ ਉਹ ਸਾਡੇ ਵਿੱਚ ਨਹੀਂ ਹੁੰਦਾ, ਉਹ ਸਦਾ ਲਈ ਸਾਥੋਂ ਵਿਛੜ ਜਾਂਦਾ ਹੈ, ਦੂਰ ਚਲਾ ਜਾਂਦਾ ਹੈ। ਅਸੀਂ ਸੁੰਨ ਹੋ ਜਾਂਦੇ ਹਾਂ, ਦੋਚਿੱਤੀ ਅਤੇ ਹੈਰਾਨੀ ਭਰੇ ਦੁੱਖ ਨਾਲ਼ ਬੇਚੈਨ ਅਤੇ ਫਿਰ ਇੱਕ ਤੂਫਾਨ ਤੋਂ ਉੱਭਰਨ ਦੀ ਕੋਸ਼ਿਸ਼ ਕਰਦੇ ਹੋਏ ਮਹਿਸੂਸ ਕਰਦੇ ਹਾਂ ਕਿ ਉਹ ਸਾਡੇ ਲਈ ਕੀ ਸੀ, ਉਹ ਉਨ੍ਹਾਂ ਲਈ ਕੀ ਸੀ ਜਿਨ੍ਹਾਂ ਵਿੱਚ ਉਹ ਜਿਉਂਦਾ ਸੀ, ਉਹ ਉਨ੍ਹਾਂ ਲਈ ਕੀ ਸੀ ਜਿਨ੍ਹਾਂ ਲਈ ਉਹ ਜਿਉਂਦਾ ਰਿਹਾ ਅਤੇ ਮਰਿਆ ਅਤੇ ਫਿਰ ਉਹ ਇੱਕ ਆਮ ਮਨੁੱਖ ਨਹੀਂ ਰਹਿ ਜਾਂਦਾ, ਉਹ ਸਾਡੀਆਂ ਯਾਦਾਂ ਵਿੱਚ ਜਗ੍ਹਾ ਬਣਾਉਂਦਾ ਹੋਇਆ ਸਾਡੇ ਆਦਰਸ਼-ਪੁੰਜ, ਸਾਡੇ ਵਿਚਾਰ ਪੁੰਜ ਅਤੇ ਸਾਡੇ ਅਦਿੱਖ-ਅਬੁੱਝ ਊਰਜਾ ਸੋਮੇ ਦਾ ਇੱਕ ਹਿੱਸਾ ਬਣ ਜਾਂਦਾ ਹੈ। ਅਸੀਂ ਆਦਿ ਮਾਨਵ ਦੇ ਉਸ ਕਬੀਲੇ ਵਰਗਾ ਕੁੱਝ-ਕੁੱਝ ਮਹਿਸੂਸ ਕਰਦੇ ਹਾਂ, ਜਿਹੜਾ ਆਪਣੇ ਵਿੱਚ ਦੇ ਕਿਸੇ ਵਿਅਕਤੀ ਦੇ ਗੁਆਚਣ ਬਾਅਦ ਸਮੂਹਿਕ ਰੂਪ 'ਚ ਉਸਨੂੰ ਯਾਦ ਕਰਦਾ ਹੈ। ਪਰ ਕਿਉਂਕਿ ਅਸੀਂ ਆਦਿ ਮਾਨਵ ਨਹੀਂ ਹਾਂ। ਇਸ ਲਈ ਅਸੀਂ ਆਪਣੇ ਉਸ ਵਿੱਛੜ ਗਏ ਪਿਆਰੇ ਦੀ ਯਾਦ ਨਾਲ਼ ਮਿੱਥ ਦੀ ਉਸਾਰੀ ਨਹੀਂ ਕਰਦੇ। ਸਾਡਾ ਉਹ ਸਾਥੀ ਸਾਡੀ ਆਤਮਿਕ ਵਿਰਾਸਤ ਬਣ ਜਾਂਦਾ ਹੈ, ਸਾਡੀ ਆਤਮਿਕ ਦੌਲਤ ਅਤੇ ਤਾਕਤ ਦਾ ਹਿੱਸਾ ਬਣ ਜਾਂਦਾ ਹੈ। ਇੱਕ ਪਦਾਰਥ ਸ਼ਕਤੀ ਦੇ ਰੂਪ ਵਿੱਚ ਉਹ ਹੁਣ ਵੀ ਸਾਡੇ ਨਾਲ਼ ਹੁੰਦਾ ਹੈ। ਹੁਣ ਉਹ ਇੱਕ ਮਨੁੱਖ ਤੋਂ ਇੱਕ ਪ੍ਰਤੀਕ ਚਿੰਨ੍ਹ ਵਿੱਚ ਬਦਲ ਜਾਂਦਾ ਹੈ, ਪਰਚਮ 'ਤੇ ਅੰਕਿਤ ਇੱਕ ਨਿਸ਼ਾਨ ਬਣ ਜਾਂਦਾ ਹੈ, ਜਿਸ ਨੂੰ ਇੱਕ ਸੱਚਾ ਇਨਕਲਾਬੀ ਕਦੇ ਵੀ ਆਪਣੇ ਤੋਂ ਜੁਦਾ ਨਹੀਂ ਕਰ ਸਕਦਾ।

ਹੋ ਸਕਦਾ ਹੈ, ਸਾਡਾ ਉਹ ਸਾਥੀ ਇਤਿਹਾਸ ਵਿੱਚ ਦਰਜ ਹੋਣ ਵਾਲ਼ਾ ਕੋਈ ਵੱਡਾ ਨਾਮ ਨਾ ਹੋਵੇ। ਹੋ ਸਕਦਾ ਹੈ ਕਿ ਭਵਿੱਖ ਵਿੱਚ ਉਸਦੇ ਇਤਿਹਾਸਕ ਯੋਗਦਾਨ ਦਾ ਮੁਲਾਂਕਣ ਕਿਸੇ ਆਮ ਸੈਨਿਕ ਦੀ ਕਬਰ 'ਤੇ ਲੱਗੇ ਸ਼ਿਲਾਲੇਖ ਦੇ ਧੁੰਧਲੇ ਪੈ ਚੁੱਕੇ ਅੱਖਰਾਂ ਜਿੰਨਾਂ ਹੀ ਹੋਵੇ। ਪਰ ਉਸ ਸਾਥੀ ਦੇ ਸਾਥ ਨੂੰ ਅਤੇ ਉਸ ਦੀ ਜੁਦਾਈ ਨੂੰ ਉਸ ਨਾਲ਼ ਜੀਏ ਹੋਏ ਅਤੇ ਕੰਮ ਕੀਤੇ ਹੋਏ ਲੋਕ ਅੰਤਿਮ ਸਾਹ ਤੱਕ ਭਲਾ ਕਿਵੇਂ ਭੁੱਲ ਸਕਦੇ ਹਨ? ਦੂਜੀ ਗੱਲ, ਇੱਕ ਪ੍ਰਤੀਕ-ਚਿੰਨ੍ਹ ਬਣ ਜਾਣ ਬਾਅਦ, ਪਰਚਮ 'ਤੇ ਅੰਕਿਤ ਇੱਕ ਨਿਸ਼ਾਨ ਬਣ ਜਾਣ ਬਾਅਦ, ਬਾਗੀਆਂ ਦੀਆਂ ਸਾਂਝੀਆਂ ਯਾਦਾਂ ਦੇ ਦਸਤਾਵੇਜ਼ ਵਿੱਚ ਦਰਜ਼ ਹੋਣ ਤੋਂ ਬਾਅਦ, ਉਹ ਸਾਥੀ ਆਉਣ ਵਾਲ਼ੀਆਂ ਪੀੜ੍ਹੀਆਂ ਵਿੱਚ ਲਗਾਤਾਰ ਮੌਜੂਦ ਰਹਿੰਦਾ ਹੈ, ਪੁਰਖਿਆਂ ਦੀ ਵਿਰਾਸਤ ਦੇ ਅਣਗਿਣਤ ਧਾਗਿਆਂ-ਰੇਸ਼ਿਆਂ ਦੇ ਨਾਲ਼-ਨਾਲ਼ ਉਹ ਪੁਰਖਿਆਂ ਦੀ ਕੋਠੜੀ ਦੇ ਅਨਾਜ ਦਾ ਇੱਕ ਦਾਣਾ ਹੁੰਦਾ ਹੈ। ਤੀਜੀ ਗੱਲ, ਇਨਕਲਾਬੀ ਸੰਘਰਸ਼ਾਂ ਦੀਆਂ ਛੋਟੀਆਂ-ਛੋਟੀਆਂ ਸ਼ੁਰੂਆਤਾਂ ਦੇ ਦੌਰ ਵਿੱਚ ਹਮਸਫ਼ਰ ਯੋਧਿਆਂ ਦੇ ਛੋਟੇ-ਛੋਟੇ ਕਾਫ਼ਲੇ

ਵੀ ਹੁੰਦੇ ਹਨ। ਯੁੱਧ ਦਾ ਇਹ ਸ਼ੁਰੂਆਤੀ ਕਦਮ ਕਈ ਅਰਥਾਂ ਵਿੱਚ ਬੇਹੱਦ ਕਠਿਨ ਅਤੇ ਅਨੂਠਾ ਹੁੰਦਾ ਹੈ। ਜਿਹੜਾ ਇਸ ਦੌਰ ਵਿੱਚ ਲੜਦੇ ਹੋਏ ਮੌਤ ਨੂੰ ਵਰ ਲੈਂਦੇ ਹਨ, ਕੁੱਝ ਦਹਾਕਿਆਂ ਬਾਅਦ ਉਹਨਾਂ ਦੇ ਨਾਂ ਭਾਵੇਂ ਭੁਲਾ ਦਿੱਤੇ ਜਾਣ, ਪਰ ਅਜਿਹੀਆਂ ਸ਼ਹਾਦਤਾਂ ਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਕਦੇ ਨਹੀਂ ਭੁਲਾ ਪਾਉਂਦੀਆਂ। ਇਹ "ਠੰਡੇ ਸਮੇਂ ਦੀਆਂ ਸ਼ਹਾਦਤਾਂ" ਹਨ, ਜਿਹੜੀਆਂ ਨਵੀਂ ਬੁਨਿਆਦ ਰੱਖਣ ਦਾ ਕੰਮ ਕਰਦੀਆਂ ਹਨ।

ਕਾ. ਅਰਵਿੰਦ ਦੇ ਦੇਹਾਂਤ ਨਾਲ਼ ਸਿਰਫ਼ ਨਵੇਂ ਸਮਾਜਵਾਦੀ ਇਨਕਲਾਬ ਦੇ ਸੰਕਲਪ ਦੀ ਸਮਰਥਕ ਇਨਕਲਾਬੀ ਖੱਬੀ ਪ੍ਰਵਿਰਤੀ ਨੂੰ ਹੀ ਨਹੀਂ ਸਗੋਂ ਪੂਰੇ ਭਾਰਤ ਦੀ ਇਨਕਲਾਬੀ ਖੱਬੀ ਧਾਰਾ ਨੂੰ ਡੂੰਘਾ ਧੱਕਾ ਲੱਗਿਆ ਹੈ। ਕਾ. ਅਰਵਿੰਦ ਦੇ ਬੇ-ਮੌਕੇ ਦੇਹਾਂਤ ਨਾਲ਼ ਭਾਰਤੀ ਇਨਕਲਾਬੀ ਖੱਬੇ ਪੱਖੀ ਲਹਿਰ ਦੀ ਨਵ-ਉਸਾਰੀ ਦੇ ਜਾਰੀ ਯਤਨਾਂ ਨੂੰ ਗੰਭੀਰ ਧੱਕਾ ਲੱਗਿਆ ਹੈ। ਪੂਰੇ ਦੇਸ਼ ਦੇ ਕਮਿਊਨਿਸਟ ਇਨਕਲਾਬੀਆਂ ਨੇ ਇਹ ਮਹਿਸੂਸ ਕੀਤਾ ਹੈ ਕਿ ਬੇਹੱਦ ਕਠਿਨ ਸਮੇਂ ਵਿੱਚ ਉਨ੍ਹਾਂ ਨੇ ਇੱਕ ਸਮਰਪਿਤ, ਅਨੁਭਵੀ, ਯੋਗ ਅਤੇ ਆਗੂ ਸਿਪਾਹੀ ਗੁਆ ਦਿੱਤਾ ਹੈ। ਕਾ. ਅਰਵਿੰਦ ਦੇ ਦੇਹਾਂਤ ਬਾਅਦ, ਨਾ ਸਿਰਫ਼ ਉਨ੍ਹਾਂ ਦੇ ਵਰਤਮਾਨ ਅਤੇ ਪੁਰਾਣੇ ਕਾਰਜ ਖੇਤਰਾਂ- ਗੋਰਖਪੁਰ, ਦਿੱਲੀ, ਲੁਧਿਆਣਾ, ਮਰਿਆਦਪੁਰ ਆਦਿ ਥਾਵਾਂ 'ਤੇ ਸਗੋਂ ਪਟਨਾ, ਰਾਂਚੀ, ਗਯਾ, ਗੋਪਾਲਗੰਜ ਆਦਿ ਬਿਹਾਰ ਦੇ ਕਈ ਸਥਾਨਾਂ ਅਤੇ ਬੰਗਾਲ ਦੇ ਕਈ ਸਥਾਨਾਂ 'ਤੇ ਵੀ ਇਨਕਲਾਬੀ ਖੱਬੇ ਪੱਖੀ ਕਾਰਕੁੰਨਾਂ, ਸ਼ੁਭਚਿੰਤਕ ਨਾਗਰਿਕਾਂ ਅਤੇ ਮਜ਼ਦੂਰਾਂ ਨੇ ਸ਼ੋਕ ਸਭਾਵਾਂ ਕੀਤੀਆਂ। ਪੂਰੇ ਦੇਸ਼ ਦੇ ਕਈ ਖੇਤਰਾਂ ਤੋਂ ਸ਼ੋਕ ਸੰਦੇਸ਼ਾਂ ਦੇ ਆਉਣ ਦਾ ਸਿਲਸਿਲਾ ਹੁਣ ਤੱਕ ਜਾਰੀ ਹੈ। ਨੇਪਾਲ ਦੀ ਇਨਕਲਾਬੀ ਖੱਬੇ ਪੱਖੀ ਧਾਰਾ ਦੀਆਂ ਕਈ ਜੱਥੇਬੰਦੀਆਂ ਦੇ ਨਾਲ਼ ਵੀ ਕਾ. ਅਰਵਿੰਦ ਦਾ ਜੀਵੰਤ ਸੰਪਰਕ ਬਣਿਆ ਹੋਇਆ ਸੀ ਅਤੇ ਉੱਥੋਂ ਦੀ ਇਨਕਲਾਬੀ ਲਹਿਰ ਦਾ ਅਧਿਐਨ ਕਰਨ ਦੇ ਕੰਮ ਵਿੱਚ ਕੁੱਝ ਹੋਰ ਸਾਥੀਆਂ ਨਾਲ਼ ਉਹ ਵੀ ਸ਼ਾਮਲ ਸਨ। ਨੇਪਾਲ ਦੀਆਂ ਕਈ ਇਨਕਲਾਬੀ ਖੱਬੇ ਪੱਖੀ ਜੱਥੇਬੰਦੀਆਂ ਨੇ ਕਾ. ਅਰਵਿੰਦ ਦੇ ਦੇਹਾਂਤ 'ਤੇ ਡੂੰਘਾ ਸ਼ੋਕ ਪ੍ਰਗਟ ਕੀਤਾ ਹੈ ਅਤੇ ਇਸ ਨਾਲ਼ ਭਾਰਤੀ ਇਨਕਲਾਬੀ ਖੱਬੇ ਪੱਖੀ ਲਹਿਰ ਅਤੇ ਨਾਲ਼ ਹੀ ਨੇਪਾਲੀ ਖੱਬੀ ਧਾਰਾ ਅਤੇ ਕੌਮਾਂਤਰੀ ਇਨਕਲਾਬੀ ਕਮਿਊਨਿਸਟ ਲਹਿਰ ਨੂੰ ਵੀ ਇੱਕ ਗੰਭੀਰ ਨੁਕਸਾਨ ਪਹੁੰਚਿਆ ਹੈ।

ਕਾ. ਅਰਵਿੰਦ ਦਾ ਜਨਮ ਸੁਲਤਾਨਪੁਰ ਜਿਲ੍ਹੇ ਦੇ ਭੇਲਾਰਾ ਪਿੰਡ ਦੇ ਇੱਕ ਨਿਮਨ ਮੱਧਵਰਗੀ ਪਰਿਵਾਰ ਵਿੱਚ 12 ਮਾਰਚ 1964 ਨੂੰ ਹੋਇਆ ਸੀ। ਤਿੰਨ ਭੈਣਾਂ ਅਤੇ ਤਿੰਨ ਭਰਾਵਾਂ ਵਿੱਚ ਉਹ ਸਭ ਤੋਂ ਵੱਡੇ ਸਨ। ਪਿਤਾ ਸ਼੍ਰੀ ਵਿਜੇ ਬਹਾਦੁਰ ਸਿੰਘ ਵਾਰਾਣਸੀ ਵਿੱਚ ਟੈਲੀਫੋਨ ਵਿਭਾਗ ਵਿੱਚ ਕੰਮ ਕਰਦੇ ਸਨ। 1965 ਵਿੱਚ ਪੂਰਾ ਪਰਿਵਾਰ ਪਿੰਡ ਤੋਂ ਵਾਰਾਣਸੀ ਆ ਗਿਆ, ਜਿੱਥੇ ਪੰਜ ਵਰ੍ਹਿਆ ਦੀ ਉਮਰ ਵਿੱਚ ਕਾ. ਅਰਵਿੰਦ ਦੀ ਸਕੂਲੀ ਸਿੱਖਿਆ ਦੀ ਸ਼ੁਰੂਆਤ 'ਕਟਿੰਗ ਮੇਮੋਰਿਅਲ ਇੰਟਰ ਕਾਲਜ' ਤੋਂ ਹੋਈ। ਹਾਈ ਸਕੂਲ ਦੀ ਪਰੀਖਿਆ ਪਾਸ ਕਰਨ ਤੋਂ ਬਾਅਦ ਇੰਟਰਮੀਡਿਏਟ ਦੀ ਪੜ੍ਹਾਈ ਉਨ੍ਹਾਂ ਨੂੰ ਕਾਸ਼ੀ ਹਿੰਦੂ ਯੂਨੀਵਰਸਿਟੀ ਨਾਲ਼ ਸਬੰਧਿਤ 'ਮੇਟਰਲ ਹਿੰਦੂ ਸਕੂਲ' ਤੋਂ ਕੀਤੀ ਅਤੇ ਫਿਰ ਬੀ. ਐੱਸ. ਸੀ. ਆਨਰਜ਼ ਦੀ ਸਿੱਖਿਆ ਲਈ ਬੀ. ਐੱਚ. ਯੂ. ਵਿੱਚ ਦਾਖਲਾ ਲਿਆ।

ਕਿਸ਼ੋਰ ਅਵਸਥਾ ਵਿੱਚ ਕਾ. ਅਰਵਿੰਦ ਕੌਮ-ਭਗਤੀ ਅਤੇ ਸਮਾਜ-ਸੇਵਾ ਦੀ ਭਾਵਨਾ ਰੱਖਦੇ ਸਨ। ਸਾਹਿਤ ਵਿੱਚ ਉਨ੍ਹਾਂ ਦੀ ਡੂੰਘੀ ਦਿਲਚਸਪੀ ਸੀ। ਕੁਲੀਨ ਘਰਾਣਿਆਂ ਦੇ ਲੜਕਿਆ ਦੀ ਬਜਾਏ ਆਮ ਗਰੀਬ ਘਰਾਂ ਦੇ ਲੜਕਿਆਂ ਵਿੱਚ ਉਨ੍ਹਾਂ ਦੀ ਮਿੱਤਰ-ਮੰਡਲੀ ਬਣਦੀ ਸੀ। ਸਤਾਰ੍ਹਾ ਵਰ੍ਹੇ ਦੀ ਉਮਰ ਵਿੱਚ 1981 ਵਿੱਚ ਬੀ. ਐੱਚ. ਯੂ. ਵਿੱਚ ਦਾਖਲੇ ਨਾਲ਼ ਹੀ ਉਨ੍ਹਾਂ ਦਾ ਸੰਪਰਕ ਇੰਜੀਨਿਅਰਿੰਗ ਦੇ ਵਿਦਿਆਰਥੀਆਂ ਦੇ ਇੱਕ ਗਰੁੱਪ 'ਐੱਸ. ਐੱਸ. ਡਬਲਯੂ' ਨਾਲ਼ ਹੋਇਆ। ਐੱਸ. ਐੱਸ. ਡਬਲਯੂ. ਇੱਕ ਮੱਧਵਰਗੀ ਰੈਡੀਕਲ ਗਰੁੱਪ ਸੀ ਜਿਹੜਾ ਈਮਾਨਦਾਰੀ ਨਾਲ਼ ਗਰੀਬ ਅਬਾਦੀ ਨੂੰ ਚੇਤਨ ਕਰਨ ਅਤੇ ਉਸ ਨੂੰ ਜੱਥੇਬੰਦ ਕਰਨ ਲਈ ਕੁੱਝ ਕਰਨਾ ਚਾਹੁੰਦਾ ਸੀ ਅਤੇ ਕੈਂਪਸ ਦੇ ਆਲ਼ੇ-ਦੁਆਲ਼ੇ ਦੀਆਂ ਗਰੀਬ ਬਸਤੀਆਂ ਵਿੱਚ ਕੁੱਝ ਸਿੱਖਿਆ ਸਬੰਧੀ ਸਰਗਰਮੀਆਂ ਵੀ ਚਲਾਉਂਦਾ ਸੀ, ਪਰ ਰੈਡੀਕਲ ਸਮਾਜਿਕ ਤਬਦੀਲੀ ਬਾਰੇ ਇਸ ਗਰੁੱਪ ਦੇ ਵਿਚਾਰ ਪੂਰੀ ਤਰ੍ਹਾਂ ਅਸਪੱਸ਼ਟ ਸਨ।

1984 'ਚ ਐੱਸ. ਐੱਸ. ਡਬਲਿਊ. ਦੇ ਕਾਰਕੁੰਨ ਨੀਰਜ ਜੈਨ ਵਾਰਾਣਸੀ ਅਤੇ ਗੋਰਖਪੁਰ ਦੇ ਕੁੱਝ ਇਨਕਲਾਬੀ ਖੱਬੇ ਪੱਖੀ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਦੇ ਸੰਪਰਕ ਵਿੱਚ ਆਏ ਜਿਹੜੇ ਭਾਰਤੀ ਇਨਕਲਾਬ ਦਾ ਪੜਾਅ ਜਮਹੂਰੀ ਨਾ ਮੰਨ ਕੇ ਸਮਾਜਵਾਦੀ ਮੰਨਦੇ ਸਨ ਅਤੇ ਪੂਰਬੀ ਉੱਤਰ ਪ੍ਰਦੇਸ਼ ਦੇ ਪੇਂਡੂ ਖੇਤਰਾਂ ਵਿੱਚ ਸਰਗਰਮ ਸਨ। ਇਸ ਧਿਰ ਨੇ 1984 ਵਿੱਚ ਬੀ. ਐੱਚ. ਯੂ. ਵਿੱਚ "**ਗਤੀਵਿਧੀ ਵਿਚਾਰ ਮੰਚ**" ਨਾਮਕ ਵਿਦਿਆਰਥੀਆਂ ਦਾ ਰੈਡੀਕਲ ਖੱਬੇ ਪੱਖੀ ਮੰਚ ਬਣਾ ਕੇ ਕੰਮ ਕਰਨਾ ਸ਼ੁਰੂ ਕੀਤਾ। ਨਾਲ਼ ਹੀ, "**ਦਿਸ਼ਾ ਛਾਤਰ ਸਮੁਦਾਏ**" ਨਾਂ ਨਾਲ਼ ਗੋਰਖਪੁਰ ਯੂਨੀਵਰਸਿਟੀ ਵਿੱਚ ਵੀ ਸ਼ੁਰੂਆਤ ਹੋਈ। ਲੰਮੇ ਬਹਿਸ-ਮੁਬਾਹਿਸੇ ਉਪਰੰਤ ਬਣੀ ਰਾਜਨੀਤਕ ਸਹਿਮਤੀ ਬਾਅਦ, ਨੀਰਜ ਵੀ ਗਤੀਵਿਧੀ ਵਿਚਾਰ ਮੰਚ ਵਿੱਚ ਸਰਗਰਮ ਹੋਏ ਅਤੇ ਫਿਰ ਸੁਭਾਸ਼ ਗਾਤਾੜੇ, ਉਮਾਸ਼ੰਕਰ, ਪ੍ਰਸ਼ਾਂਤ ਸਾਂਗਲੀਕਰ, ਉਜੱਵਲਾ ਮਹਾਤਰੇ ਆਦਿ ਐੱਸ. ਐੱਸ. ਡਬਲਯੂ. ਦੇ ਬਹੁਤੇ ਪੁਰਾਣੇ ਸਾਥੀ ਵੀ ਇਸੇ ਪੋਜੀਸ਼ਨ ਨਾਲ਼ ਖੜ੍ਹੇ ਹੋਏ ਅਤੇ ਕੈਂਪਸ ਵਿੱਚ ਵਾਪਸ ਪਰਤ ਕੇ "ਗਤੀਵਿਧੀ ਵਿਚਾਰ ਮੰਚ" ਵਿੱਚ ਸਰਗਰਮ ਹੋ ਗਏ।

ਕਾ. ਅਰਵਿੰਦ ਨੂੰ ਮਾਰਕਸਵਾਦ ਤੱਕ ਲਿਆਉਣ ਅਤੇ ਵਿਦਿਆਰਥੀ ਮੋਰਚੇ 'ਤੇ ਸਰਗਰਮ ਕਰਨ 'ਚ ਨੀਰਜ ਜੈਨ ਦੀ ਆਗੂ ਭੂਮਿਕਾ ਸੀ। ਸਤੰਬਰ 1984 'ਚ ਕਾ. ਅਰਵਿੰਦ "ਗਤੀਵਿਧੀ ਵਿਚਾਰ ਮੰਚ" ਵਿੱਚ ਸਰਗਰਮ ਹੋਏ ਅਤੇ ਵਿਗਿਆਨ ਵਿਭਾਗ ਦੇ ਵਿਦਿਆਰਥੀਆਂ ਵਿੱਚ ਅਤੇ ਵਿਦਿਆਰਥੀਆਂ ਦੇ ਹੋਸਟਲਾਂ ਵਿੱਚ ਬਹੁਤ ਜਲਦੀ ਹੀ ਇੱਕ

ਪ੍ਰਭਾਵਸ਼ਾਲੀ ਜੱਥੇਬੰਦਕ ਦੀ ਭੂਮਿਕਾ ਨਿਭਾਉਣ ਲੱਗੇ। ਵਿਚਾਰ ਗੋਸ਼ਟੀਆਂ, ਸਟੱਡੀ ਸਰਕਲਾਂ ਅਤੇ ਵਿਚਾਰ–ਵਟਾਂਦਰਿਆਂ ਵਿੱਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣ ਨਾਲ਼ ਹੀ ਸੰਘਰਸ਼ ਅਤੇ ਪ੍ਰਚਾਰਾਤਮਕ ਸਰਗਰਮੀਆਂ ਵਿੱਚ ਵੀ ਉਨ੍ਹਾਂ ਨੇ ਆਪਣੀਆਂ ਆਗੂ ਸਮਰੱਥਾਵਾਂ ਨੂੰ ਸਾਬਿਤ ਕਰ ਦਿੱਤਾ। ਮਾਰਕਸਵਾਦੀ ਵਿਚਾਰਧਾਰਾ ਨੂੰ ਅਪਨਾਉਣ ਨਾਲ਼ ਹੀ ਕਾ. ਅਰਵਿੰਦ ਨੇ ਇੱਕ ਪੇਸ਼ੇਵਰ ਇਨਕਲਾਬੀ (ਕੁਲਵਕਤੀ) ਕਾਰਕੁੰਨ ਦੇ ਰੂਪ ਵਿੱਚ ਕੰਮ ਕਰਨ ਦਾ ਨਿਰਣਾ ਲਿਆ।

ਯਾਦਾਂ ਨਾਲ਼ ਢਾਲਣਾ ਹੈ ਸੰਕਲਪ ਦਾ ਫੌਲਾਦ ਅਤੇ ਅੱਗੇ ਵੱਧਦੇ ਜਾਣਾ ਹੈ ਮਜ਼ਬੂਤ ਕਦਮਾਂ ਨਾਲ਼ !

ਜੇਕਰ ਅਸੀਂ ਅਜਿਹਾ ਕਿੱਤਾ ਚੁਣਿਆ ਹੈ, ਜਿਸਦੇ ਰਾਹੀਂ ਮਨੁੱਖਤਾ ਦੀ ਵੱਧ ਤੋਂ ਵੱਧ ਸੇਵਾ ਕਰ ਸਕਦੇ ਹਾਂ, ਤਾਂ ਉਸ ਦੇ ਹੇਠ ਅਸੀਂ ਦਬਾਂਗੇ ਨਹੀਂ–ਕਿਉਂਕਿ ਇਹ ਅਜਿਹਾ ਹੁੰਦਾ ਹੈ ਜੋ ਸਭ ਦੇ ਹਿੱਤ ਵਿੱਚ ਕੀਤਾ ਜਾਂਦਾ ਹੈ।

ਅਜਿਹੀ ਹਾਲਤ ਵਿੱਚ ਸਾਨੂੰ ਕਿਸੇ, ਤੁੱਛ, ਸੀਮਤ, ਹੰਕਾਰੀ ਖੁਸ਼ੀ ਦਾ ਅਹਿਸਾਸ ਨਹੀਂ ਹੋਵੇਗਾ, ਇਸ ਦੇ ਉਲਟ ਸਾਡਾ ਵਿਅਕਤੀਗਤ ਸੁੱਖ ਸਮੁੱਚੇ ਲੋਕਾਂ ਦਾ ਵੀ ਸੁੱਖ ਹੋਵੇਗਾ, ਸਾਡੇ ਕਾਰਜ ਉਸ ਸਮੇਂ ਸ਼ਾਂਤ ਪਰ ਅਰੁੱਕ ਸਰਗਰਮ ਜੀਵਨ ਦਾ ਰੂਪ ਧਾਰ ਲੈਣਗੇ ਅਤੇ ਜਿਸ ਦਿਨ ਸਾਡੀ ਅਰਥੀ ਉੱਠੇਗੀ, ਉਸ ਦਿਨ ਭਲੇ ਲੋਕਾਂ ਦੀਆਂ ਅੱਖਾਂ 'ਚ ਸਾਡੇ ਲਈ ਗਰਮ ਹੰਝੂ ਹੋਣਗੇ।

—ਜਵਾਨੀ ਵੇਲ਼ੇ ਕਾਰਲ ਮਾਰਕਸ

(ਕਿੱਤੇ ਦੀ ਚੋਣ ਸਬੰਧੀ ਇੱਕ ਨੌਜਵਾਨ ਦੇ ਵਿਚਾਰ)

ਕਾ. ਅਰਵਿੰਦ ਇੱਕ ਸੱਚੇ ਪਰੋਲੇਤਾਰੀ ਇਨਕਲਾਬੀ ਸੂਰਬੀਰ ਵਾਂਗ ਜੀਏ ਤੇ ਸ਼ਹੀਦ ਹੋਏ।

ਇੱਕ ਸੱਚੇ ਕਮਿਉਨਿਸਟ ਵਾਂਗ ਉਹ ਸਹਜ ਤੇ ਸਰਲ ਸਨ। ਓਹਨਾਂ ਦਾ ਵਿਅਕਤੀਗਤ ਜੀਵਨ ਪਾਰਦਰਸ਼ੀ ਸੀ। ਉਹਨਾਂ ਦੀ ਉਮਰ, ਅਨੁਭਵ ਜਾਂ ਗਿਆਨ ਤੋਂ ਖ਼ੌਫਜ਼ਦਾ ਹੋਏ ਬਿਨਾਂ, ਨਵੇਂ ਤੋਂ ਨਵੇਂ ਸਾਥੀ ਉਹਨਾਂ ਦੇ ਨਾਲ਼ ਸਹਜ ਮਹਿਸੂਸ ਕਰਦੇ ਸਨ, ਉਹਨਾਂ ਅੱਗੇ ਆਪਣਾ ਦਿਲ ਖੋਲ੍ਹ ਕੇ ਰੱਖ ਦਿੰਦੇ ਸਨ ਤੇ ਉਹਨਾਂ ਨੂੰ ਪਿਆਰ ਕਰਦੇ ਸਨ। ਆਪਣੀ ਰੋਜ਼ਮੱਰ੍ਹਾ ਦੇ ਵਿਵਹਾਰ ਵਿੱਚ ਉਹ ਸੱਚੇ ਅਰਥਾਂ 'ਚ ਜਮਹੂਰੀਅਤ ਪਸੰਦ ਸਨ ਤੇ ਨਵੇਂ ਸਾਥੀਆਂ ਦਾ ਪੂਰਾ ਖਿਆਲ ਰੱਖਦੇ ਸਨ। ਕਿਰਤ ਪ੍ਰਤੀ ਉਹਨਾਂ ਦਾ ਸੱਚਾ ਕਮਿਊਨਿਸਟ ਨਜ਼ਰੀਆ ਸੀ। ਦਿੱਲੀ ਵਿੱਚ ਵਿਦਿਆਰਥੀ ਕਮਿਊਨ ਦੇ ਸਾਥੀਆਂ ਵਿੱਚ ਰਹਿੰਦੇ ਹੋਏ ਅਤੇ ਸਟੱਡੀ ਸਰਕਲਾਂ ਦੌਰਾਨ, ਸਭ ਤੋਂ ਪਹਿਲਾਂ ਉੱਠ ਕੇ ਝਾੜੂ–ਪੋਚਾ, ਸਫਾਈ ਤੇ ਚਾਹ–ਨਾਸ਼ਤਾ ਬਣਾਉਣ ਵਿੱਚ ਲੱਗ ਜਾਣਾ ਉਹਨਾਂ ਦੀ ਸੁਭਾਵਕ ਆਦਤ ਸੀ। ਸਾਥੀਆਂ ਨੂੰ ਵੇਸਣ ਦਾ ਕੜਾਹ ਖਵਾਉਣਾ, ਵਧੀਆ ਚਾਹ ਬਣਾ ਕੇ ਪਿਲਾਉਣਾ, ਸਮੇਂ–ਸਮੇਂ ਤੇ ਆਪਣੀ ਰਸੋਈ ਕਲਾ ਦਾ ਹੁਨਰ ਦਿਖਾਉਣਾ, ਸਮਾਂ ਮਿਲੇ ਤਾਂ ਸਾਰੀ ਸਾਰੀ ਰਾਤ ਗੱਲਬਾਤ ਕਰਨਾ ਅਤੇ ਮੁਕਤੀਬੋਧ, ਤਿਰਲੋਚਨ, ਅਲੋਕਧਨਵਾ, ਸ਼ਸ਼ੀ ਪ੍ਰਕਾਸ਼ ਅਤੇ ਫੈਜ਼ ਦੀਆਂ ਕਵਿਤਾਵਾਂ ਤੇ ਨਜ਼ਮਾਂ ਸੁਣਾਉਣਾ ਉਹਨਾਂ ਦਾ ਪਿਆਰਾ ਸ਼ੁਗਲ ਸੀ। ਸਿਨੇਮਾ ਦੇ ਪੁਰਾਣੇ ਰੁਮਾਨੀ ਗੀਤ ਵੀ ਉਹ ਬਹੁਤ ਹੀ ਦਿਲ ਖਿੱਚਵੇਂ ਢੰਗ ਨਾਲ਼ ਗਾਉਂਦੇ ਸੀ ਅਤੇ ਨੌਜਵਾਨ ਸਾਥੀਆਂ ਤੇ ਬਾਲ ਕਮਿਊਨ ਦੇ ਬੱਚਿਆਂ ਨਾਲ਼ ਵੀ ਫਿਲਮੀ ਅੰਤਾਕਸ਼ਰੀ ਖੇਲਣਾ, ਪੰਜੇ ਲੜਾਉਣਾ, ਦੌੜ ਲਗਾਉਣਾ ਅਤੇ ਕ੍ਰਿਕੇਟ ਖੇਡਣ ਲਈ ਤਿਆਰ ਰਹਿੰਦੇ ਸੀ। ਉਹ ਇੱਕ ਖ਼ੁਸ਼ਮਿਜਾਜ਼, ਜ਼ਿੰਦਾਦਿਲ ਅਤੇ ਲੋਕਾਂ ਨੂੰ ਤਾਜ਼ਗੀ ਨਾਲ਼ ਭਰ ਦੇਣ ਵਾਲ਼ੇ ਇਨਸਾਨ ਸਨ। ਅਰਾਜਕਤਾ ਉਹਨਾਂ ਨੂੰ ਨਾ–ਪਸੰਦ ਸੀ। ਵਿਵਸਥਿਤ ਢੰਗ ਨਾਲ਼ ਅਤੇ ਸੁੱਘੜਤਾ ਸਫ਼ਾਈ ਤੇ ਸਲੀਕੇ ਨਾਲ਼ ਜਿਉਣਾ ਤੇ ਕੰਮ ਕਰਨਾ ਪਸੰਦ ਕਰਦੇ ਸਨ।

ਕਾਮਰੇਡ ਅਰਵਿੰਦ ਇੱਕ ਸੱਚੇ ਬਾਲਸ਼ਵਿਕ ਸਨ ਅਤੇ ਜੱਥੇਬੰਦਕ ਅਸੂਲਾਂ 'ਤੇ ਅਮਲ ਦੇ ਕੱਟੜ ਹਿਮਾਇਤੀ ਸਨ। ਉਹ ਬਹੁਤ ਹੀ ਨਰਮ ਦਿਲ ਅਤੇ ਮਨੁੱਖੀ ਉਦਾਰਤਾ ਨਾਲ਼ ਭਰਪੂਰ ਸਨ, ਪਰ ਇਨਕਲਾਬ ਨੂੰ ਨੁਕਸਾਨ ਪਹੁੰਚਾਉਣ ਵਾਲ਼ੀਆਂ ਪਰਾਈਆਂ ਪ੍ਰਵਿਰਤੀਆਂ ਨਾਲ਼ ਲੋਹੇ ਦੇ ਹੱਥਾਂ ਨਾਲ਼ ਨਿਪਟਣ ਲਈ ਹਮੇਸ਼ਾ ਤਿਆਰ ਰਹਿੰਦੇ। ਉਹ ਇੱਕ ਅਜਿਹੇ ਜੱਥਬੰਦਕ ਸਨ ਜੋ ਲੋਕਾਂ ਤੋਂ, ਆਪਣੇ ਸਾਥੀਆਂ ਤੋਂ ਇੱਥੋਂ ਤੱਕ ਕਿ ਨਵੇਂ ਤੋਂ ਨਵੇਂ ਸਾਥੀਆਂ ਤੋਂ ਅਤੇ ਪੂਰਵਜ ਇਨਕਲਾਬੀਆਂ ਦੇ ਤਜ਼ਰਬੇ ਦੀ ਦੌਲਤ ਤੋਂ (ਜੋ ਕਿ ਇਨਕਲਾਬੀ ਸਾਹਿਤ ਦੇ ਰੂਪ ਵਿੱਚ ਮੌਜੂਦ ਹੁੰਦੀ ਹੈ) ਹਮੇਸ਼ਾ ਸਿੱਖਣ ਨੂੰ ਤਿਆਰ ਰਹਿੰਦੇ ਸਨ ਅਤੇ ਇਹਨਾਂ ਤਿੰਨ ਸੋਮਿਆਂ ਨੂੰ ਇਨਕਲਾਬੀ ਗਿਆਨ ਦਾ ਅਮੁੱਕ ਸੋਮਾਂ ਮੰਨਦੇ ਸਨ। ਮਾਓ ਦੇ ਇਸ ਕਥਨ ਤੇ ਉਹ ਵਾਰ–ਵਾਰ ਜ਼ੋਰ ਦਿੰਦੇ ਸਨ ਕਿ "ਵਿਚਾਰਧਾਰਕ ਕੰਮ ਬੁਨਿਆਦੀ ਕੰਮ ਹੁੰਦਾ ਹੈ, ਸਿਆਸੀ ਲੀਹ ਜੀਵਨ–ਰੇਖਾ ਹੁੰਦੀ ਹੈ ਤੇ ਮਨੁੱਖੀ ਕਾਰਕ ਕੇਂਦਰੀ ਕਾਰਕ ਹੁੰਦਾ ਹੈ। ਇੱਕ ਜੱਥੇਬੰਦਕ ਦੇ ਰੂਪ ਵਿੱਚ ਕਾ. ਅਰਵਿੰਦ ਦੀ ਸ਼ਖ਼ਸੀਅਤ ਵਿੱਚ ਬਾਹਰਮੁਖੀ ਵਿਚਾਰਕਤਾ, ਘਣੀ ਕਾਵਿਮਈ ਭਾਵੁਕਤਾ ਅਤੇ ਇੱਕ ਜਰਨੈਲ ਵਾਂਗ ਔਖੇ ਫੈਸਲੇ ਲੈਣ ਦੀ ਦ੍ਰਿੜਤਾ ਦਾ ਦਵੰਦਆਤਮਕ ਸੁਮੇਲ ਦੇਖਣ ਨੂੰ ਮਿਲਦਾ ਸੀ। ਉਹ ਹਰ ਪ੍ਰਕਾਰ ਦੀ ਸੋਧਵਾਦੀ ਅਤੇ, 'ਖੱਬੀ' ਮਾਅਰਕੇਬਾਜ਼ ਪ੍ਰਵਿਰਤੀ ਦੇ ਕੱਟੜ ਵਿਰੋਧੀ ਸਨ ਅਤੇ ਇਨਕਲਾਬੀ ਜਨਤਕ ਲੀਹ ਦੇ ਦ੍ਰਿੜ ਹਿਮਾਇਤੀ ਸਨ। ਉਹ ਲਗਾਤਾਰ ਆਪਮਈਆਂ ਗਲਤੀਆਂ ਨੂੰ ਠੀਕ ਕਰਨ ਤੇ ਸਿੱਖਦੇ ਜਾਣ ਦੇ ਹਾਮੀ ਸਨ, ਲਗਾਤਾਰ ਸਿੱਖਣ ਦੀ ਇਸ ਅਮੁੱਕ ਲਾਲਸਾ ਨੇ ਉਹਨਾਂ ਦੀ ਸ਼ਖ਼ਸੀਅਤ ਨੂੰ ਅਜਿਹਾ ਬਣਾਇਆ ਸੀ ਕਿ ਨਾ ਸਿਰਫ ਨਵੇਂ ਸਾਥੀ, ਉਹਨਾਂ ਦੇ ਸੀਨੀਅਰ ਸਾਥੀ ਵੀ ਉਹਨਾਂ ਤੋਂ ਸਿੱਖਦੇ ਸਨ।

ਕਾ. ਅਰਵਿੰਦ ਇੰਝ ਅਚਾਨਕ ਸਾਡੇ ਵਿੱਚੋਂ ਉੱਠ ਕੇ ਚਲੇ ਗਏ ਕਿ ਕਦੇ ਕਦੇ ਅਸੀਂ ਇਹ ਭੁੱਲ ਕੇ ਉਹਨਾਂ ਦੇ ਮੁੜ ਆਉਣ ਦਾ ਇੰਤਜ਼ਾਰ ਕਰਨ ਲੱਗਦੇ ਹਾਂ ਕਿ ਸਾਡੇ ਤੋਂ ਹਮੇਸ਼ਾ ਹਮੇਸ਼ਾ ਲਈ ਵਿਦਾ ਲੈ ਚੁੱਕੇ ਹਨ। ਉਹਨਾਂ ਦੇ ਦੇਹਾਂਤ ਤੋਂ ਇੱਕ ਮਹੀਨਾ ਬਾਅਦ, ਅਜੇ ਵੀ ਕਦੇ–ਕਦੇ ਉਹਨਾਂ ਦੇ ਮੋਬਾਈਲ ਦੀ ਘੰਟੀ ਵੱਜ ਉੱਠਦੀ ਹੈ, ਪਤਾ ਲੱਗਦਾ ਹੈ ਕਿ, ਉਹਨਾਂ ਦੇ ਦੇਹਾਂਤ ਦੀ ਖ਼ਬਰ ਭੁੱਲ ਕੇ ਕਿਸੇ ਸਾਥੀ ਨੇ ਸੁਭਾਵਕ ਹੀ ਕੁੱਝ ਪੁੱਛਣ ਲਈ

ਉਹਨਾਂ ਦਾ ਨੰਬਰ ਮਿਲ਼ਾ ਦਿੱਤਾ ਹੈ, ਜਾਂ ਫੇਰ, ਦਿੱਲੀ, ਬੰਗਾਲ, ਬਿਹਾਰ, ਨਾਗਪੁਰ, ਰਾਏਪੁਰ ਜਾਂ ਦੇਸ਼ ਦੇ ਕਿਸੇ ਕੋਨੇ ਤੋਂ ਕਿਸੇ ਅਜਿਹੇ ਪੁਰਾਣੇ ਸਾਥੀ ਨੇ ਫੋਨ ਕੀਤਾ ਹੈ ਜਿਸ ਨੂੰ ਅਜੇ ਤੱਕ ਪਤਾ ਨਹੀਂ ਸੀ ਕਿ ਉਹ ਸਾਡੇ ਦਰਮਿਆਨ ਨਹੀਂ ਰਹੇ। ਅਸੀਂ ਹੁਣ ਵੀ ਉਹਨਾਂ ਦੇ ਨਾ ਹੋਣ ਦੇ ਆਦਿ ਨਹੀਂ ਹੋ ਸਕੇ ਹਾਂ। ਕਾ. ਅਰਵਿੰਦ ਦੇ ਮੇਜ਼ 'ਤੇ ਫੌਰੀ ਅਤੇ ਦੂਰ ਰਸ ਯੋਜਨਾਵਾਂ ਨਾਲ਼ ਭਰੇ ਪੰਨੇ, ਕਈ ਲੇਖਾਂ ਦੀ ਰੂਪ ਰੇਖਾ ਤੇ ਕਈ ਅਧੂਰੇ ਲੇਖ, ਕਈ ਰਾਜਨੀਤਿਕ ਸਫਰਾਂ ਦੀਆਂ ਅਧੂਰੀਆਂ ਰਿਪੋਰਟਾਂ ਅਤੇ ਮੀਟਿੰਗਾਂ ਦੇ ਅਧੂਰੇ ਮਿਨਟਸ ਖਿੱਲਰੇ ਪਏ ਹਨ। ਕਈ ਡਾਇਰੀਆਂ ਪਈਆਂ ਹਨ ਤੇ ਇੱਕ ਵਿੱਚ ਇੱਕ ਖੁੱਲੀ ਕਲਮ ਪਈ ਹੈ। ਨਾਲ਼ ਦੇ ਟੇਬਲ 'ਤੇ ਰੱਖੇ ਕੰਪਿਊਟਰ ਨੂੰ ਖੋਲਣ 'ਤੇ ਕਈ ਫਾਈਲਾਂ ਵਿੱਚ ਅਜਿਹੀ ਢੇਰ ਸਾਰੀ ਸਮੱਗਰੀ ਮਿਲ਼ਦੀ ਹੈ। ਹਸਪਤਾਲ਼ ਜਾਂਦੇ ਹੋਏ ਉਹ ਇਹੋ ਸੋਚ ਰਹੇ ਸਨ ਕਿ ਵਾਪਸ ਆ ਕੇ ਬਹੁਤ ਸਾਰਾ ਕੰਮ ਨੇਪਰੇ ਚਾੜ੍ਹਨਾ ਹੈ।

ਉਹਨਾਂ ਦੇ ਅਧੂਰੇ ਰਹਿ ਗਏ ਕੰਮਾਂ ਨੂੰ ਪੂਰਾ ਕਰਨਾ ਤੇ ਇੱਕ ਨਵੀਂ ਸ਼ੁਰੂਆਤ ਕਰਨੀ ਹੈ। ਇਹਨਾਂ ਅਧੂਰੇ ਕਾਰਜਾਂ ਵਿੱਚ ਇੱਕ ਇਨਕਲਾਬੀ ਦਿਲ ਦੀ ਬੇਚੈਨੀ ਲੁਕੀ ਹੈ। ਇਹ ਕਾਮਰੇਡ ਅਰਵਿੰਦ ਦੀ ਵਿਰਾਸਤ ਹੈ ਜੋ ਅਸੀਂ ਸੰਭਾਲਣੀ ਹੈ। ਇਹ ਓਹਨਾਂ ਦੀ ਅਮਾਨਤ ਹੈ ਜੋ ਅਸੀਂ ਸਾਂਭਣੀ ਹੈ। ਕਾ. ਅਰਵਿੰਦ ਜਿਹੇ ਕਾਮਰੇਡ ਜੇਕਰ ਅਚਾਨਕ ਵੀ ਇਸ ਸੰਸਾਰ ਤੋਂ ਵਿਦਾ ਲੈਂਦੇ ਹਨ ਤਾਂ ਆਪਣੇ ਪਿੱਛੇ, ਵਿਰਾਸਤ ਸਾਂਭਣ ਵਾਲ਼ੇ ਵਾਰਿਸਾਂ ਦੀ ਇੱਕ ਨਵੀਂ ਪੀੜ੍ਹੀ ਛੱਡ ਜਾਂਦੇ ਹਨ। ਉਹ ਹਨ੍ਹੇਰੇ ਦੀਆਂ ਸ਼ਕਤੀਆਂ ਨੂੰ, ਕੁੰਠਿਤ ਭਗੌੜੇ-ਗੱਦਾਰਾਂ ਨੂੰ, ਆਲ੍ਹਣਿਆਂ ਵਿੱਚ ਬੈਠਕੇ ਇਨਕਲਾਬ ਤੇ ਇਨਕਲਾਬੀਆਂ ਨੂੰ ਬਦਨਾਮ ਕਰਨ ਵਾਲ਼ੇ ਆਤਮਾ ਦੇ ਸੌਦਾਗਰਾਂ ਨੂੰ, ਫਿਰ ਵੀ ਖੁਸ਼ ਹੋਣ ਦਾ ਮੌਕਾ ਨਹੀਂ ਦਿੰਦੇ। ਜਿਹੜੇ ਮੁਕਾਮ 'ਤੇ ਮੌਤ ਅਜਿਹੇ ਕਾਮਰੇਡ ਨੂੰ ਸਾਡੇ ਤੋਂ ਖੋਹ ਲੈ ਜਾਂਦੀ ਹੈ, ਉੱਥੋਂ ਹੀ ਜ਼ਿੰਦਗੀ ਦਾ ਨਵਾਂ ਸਫ਼ਰ ਸ਼ੁਰੂ ਹੁੰਦਾ ਹੈ।

ਜਿਨ੍ਹਾਂ ਨੇ ਉਮਰ ਭਰ ਤਲਵਾਰ ਦਾ ਗੀਤ ਗਾਇਆ ਹੈ
ਉਨ੍ਹਾਂ ਦੇ ਸ਼ਬਦ ਲਹੂ ਦੇ ਹੁੰਦੇ ਹਨ
ਲਹੂ ਲੋਹੇ ਦਾ ਹੁੰਦਾ ਹੈ
ਜੋ ਮੌਤ ਦੇ ਕਿਨਾਰੇ ਜੀਉਂਦੇ ਹਨ
ਉਨਾਂ ਦੀ ਮੌਤ ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ
ਜਿਨ੍ਹਾਂ ਦਾ ਲਹੂ ਅਤੇ ਪਸੀਨਾ ਮਿੱਟੀ ਵਿੱਚ ਡਿੱਗ ਜਾਂਦਾ ਹੈ
ਉਹ ਮਿੱਟੀ ਵਿੱਚ ਵਿੱਚ ਦਬ ਕੇ ਉੱਗ ਆਉਂਦੇ ਹਨ।

—ਪਾਸ਼

"ਹਰ ਆਦਮੀ ਇੱਕ ਨਾ ਇੱਕ ਦਿਨ ਜ਼ਰੂਰ ਮਰਦਾ ਹੈ, ਪਰ ਹਰ ਆਦਮੀ ਦੀ ਮੌਤ ਦੀ ਅਹਿਮੀਅਤ ਵੱਖ-ਵੱਖ ਹੁੰਦੀ ਹੈ। ...ਲੋਕਾਂ ਲਈ ਜਾਨ ਵਾਰ ਦੇਣਾ ਥਾਈ ਪਰਬਤ ਤੋਂ ਵੀ ਵੱਧ ਅਹਿਮੀਅਤ ਰੱਖਦਾ ਹੈ ਜਦੋਂ ਕਿ ਫਾਸਿਸਟਾਂ ਲਈ ਅਤੇ ਲੋਟੂਆਂ ਜਾਬਰਾਂ ਲਈ ਜਾਨ ਦੇਣਾ ਕੱਖੋਂ ਵੀ ਵੱਧ ਹੌਲੀ ਅਹਿਮੀਅਤ ਰੱਖਦਾ ਹੈ।"

—ਮਾਓ-ਜ਼ੇ-ਤੁੰਗ

ਰਾਤ ਨੂੰ

ਉਦਾਸ ਬਾਜਰਾ, ਸਿਰ ਸੁੱਟੀ ਖੜ੍ਹਾ ਹੈ
ਤਾਰੇ ਵੀ ਗਲ ਨਹੀਂ ਕਰਦੇ
ਰਾਤ ਨੂੰ ਕੀ ਹੋਇਆ ਹੈ...
ਐ ਰਾਤ ਤੂੰ ਮੇਰੇ ਲਈ ਉਦਾਸ ਨਾ ਹੋ
ਤੂੰ ਮੇਰੀ ਦੇਣਦਾਰ ਨਹੀਂ
ਰਹਿਣ ਦੇ ਇੰਝ ਨਾ ਸੋਚ
ਉਗਾਲੀ ਕਰਦੇ ਪਸ਼ੂ ਕਿੰਨੇ, ਚੁੱਪ ਹਨ
ਤੇ, ਪਿੰਡ ਦੀ ਨਿੱਘੀ ਫਿਜ਼ਾ ਕਿੰਨੀ ਸ਼ਾਂਤ ਹੈ
ਰਹਿਣ ਦੇ ਤੂੰ ਇੰਝੇ ਨਾਂ ਸੋਚ, ਰਾਤ, ਤੂੰ ਮੇਰੀਆਂ ਅੱਖਾਂ 'ਚ ਤੱਕ
ਇਹਨਾਂ ਉਸ ਬਾਂਕੇ ਯਾਰ ਨੂੰ ਹੁਣ ਕਦੀ ਨਹੀਂ ਤੱਕਣਾ
ਜਿਦ੍ਹੀ ਅੱਜ ਅਖਬਾਰਾਂ ਨੇ ਗਲ ਕੀਤੀ ਹੈ...
ਰਾਤ! ਤੇਰਾ ਓਦਣ ਦਾ ਉਹ ਰੌਅ ਕਿਥੇ ਹੈ?
ਜਦ ਉਹ ਪਹਾੜੀ ਚੋਅ ਦੇ ਪਾਣੀ ਵਾਂਗ
ਕਾਹਲ਼ਾ ਕਾਹਲ਼ਾ ਆਇਆ ਸੀ
ਚੰਨ ਦੀ ਲੋਏ ਪਹਿਲਾਂ ਅਸੀਂ ਪੜ੍ਹੇ
ਫਿਰ ਚੋਰਾਂ ਵਾਂਗ ਬਹਿਸ ਕੀਤੀ
ਤੇ ਫਿਰ ਝਗੜ ਪਏ ਸਾਂ,
ਰਾਤ ਤੂੰ ਉਦੋਂ ਤਾਂ ਖੁਸ਼ ਸੈਂ,
ਜਦ ਅਸੀਂ ਲੜਦੇ ਸਾਂ
ਤੂੰ ਹੁਣ ਕਿਓਂ ਉਦਾਸ ਏਂ
ਜਦ ਅਸੀਂ ਵਿਛੜ ਗਏ ਹਾਂ...
ਰਾਤ ਤੈਨੂੰ ਤੁਰ ਗਏ ਦੀ ਸੌਂਹ
ਤੇਰਾ ਇਹ ਬਣਦਾ ਨਹੀਂ
ਮੈਂ ਤੇਰਾ ਦੇਣਦਾਰ ਹਾਂ
ਤੂੰ ਮੇਰੀ ਦੇਣਦਾਰ ਨਹੀਂ।
ਰਾਤ, ਤੂੰ ਮੈਨੂੰ ਵਧਾਈ ਦੇ
ਮੈਂ ਇਨ੍ਹਾਂ ਖੇਤਾਂ ਨੂੰ ਵਧਾਈ ਦੇਂਦਾ ਹਾਂ
ਖੇਤਾਂ ਨੂੰ ਸਭ ਪਤਾ ਹੈ
ਮਨੁੱਖ ਦਾ ਲਹੂ ਕਿਥੇ ਡੁੱਲ੍ਹਦਾ ਹੈ
ਤੇ ਲਹੂ ਦਾ ਮੁੱਲ ਕੀ ਹੁੰਦਾ ਹੈ
ਇਹ ਖੇਤ ਸਭ ਜਾਣਦੇ ਹਨ।
ਇਸ ਲਈ ਐ ਰਾਤ
ਤੂੰ ਮੇਰੀਆਂ ਅੱਖਾਂ 'ਚ ਤੱਕ
ਮੈਂ ਭਵਿੱਖ ਦੀਆਂ ਅੱਖਾਂ 'ਚ ਤੱਕਦਾ ਹਾਂ।

—ਪਾਸ਼

ਤੇਲ ਤੋਂ ਵੀ ਸਸਤਾ ਹੋਇਆ ਮਨੁੱਖੀ ਖ਼ੂਨ

— ਡਾ. ਅੰਮ੍ਰਿਤ

20 ਮਾਰਚ, 2003 ਨੂੰ ਅਮਰੀਕੀ ਸੈਨਿਕਾਂ ਨੇ ਦੁਨੀਆਂ ਵਿੱਚ ਜਮਹੂਰੀਅਤ ਫੈਲਾਉਣ ਦੇ ਆਪਣੇ ਪਵਿੱਤਰ ਕੰਮ ਨੂੰ ਅੱਗੇ ਵਧਾਉਦੇ ਹੋਏ ਇਰਾਕ 'ਤੇ ਜ਼ਮੀਨੀ ਅਤੇ ਹਵਾਈ ਹਮਲਾ ਬੋਲ ਦਿੱਤਾ। ਅਮਰੀਕਾ ਦੇ ਰਾਸ਼ਟਰਪਤੀ ਅਤੇ ਦੁਨੀਆਂ ਭਰ ਦੀ "ਜਮਹੂਰੀਅਤ ਪਸੰਦ" ਸਰਮਾਏਦਾਰੀ ਦੇ ਮਹਾਂ-ਨਾਇਕ ਜਾਰਜ ਡਬਲਿਊ ਬੁਸ਼ ਨੇ ਇਸ ਨੂੰ ਸੱਦਾਮ ਹੁਸੈਨ ਦੇ ਭਾਰੀ ਬਰਬਾਦੀ ਵਾਲ਼ੇ ਹਥਿਆਰਾਂ ਤੋਂ ਮਨੁੱਖਤਾ ਲਈ ਖੜ੍ਹੇ ਹੋਏ ਖ਼ਤਰੇ ਤੋਂ ਨਿਜਾਤ ਪਾਉਣ ਲਈ ਜ਼ਰੂਰੀ ਦੱਸਿਆ ਅਤੇ ਇਰਾਕ ਦੇ ਲੋਕਾਂ ਨੂੰ ਸੱਦਾਮ ਹੁਸੈਨ ਦੇ ਤਾਨਾਸ਼ਾਹੀ ਵਾਲ਼ੇ ਰਾਜ ਤੋਂ ਅਜ਼ਾਦੀ ਦਿਵਾਉਣ ਵਾਲ਼ੇ ਮੁਕਤੀ-ਯੁੱਧ ਦਾ ਨਾਂ ਦਿੱਤਾ।

ਹੁਣ ਜਦੋਂ ਇਰਾਕ ਉੱਤੇ ਅਮਰੀਕੀ ਕਬਜ਼ੇ ਨੂੰ ਪੰਜ ਸਾਲ ਤੋਂ ਉੱਪਰ ਹੋ ਚੁੱਕੇ ਹਨ ਅਤੇ ਇਰਾਕ ਵਿੱਚ ਅਮਰੀਕੀ "ਜਮਹੂਰੀਅਤ" ਦੇ ਨਾਂ 'ਤੇ ਮੌਤ ਦਾ ਨੰਗਾ ਨਾਚ ਹੋ ਰਿਹਾ ਹੈ ਤਾਂ ਬਹੁਤ ਸਾਰੇ ਦੇਸ਼ਾਂ ਦੇ ਵਿਦਵਾਨਾਂ ਤੇ ਆਮ ਲੋਕਾਂ ਦੇ ਕੰਨ ਵੀ ਖੁੱਲ੍ਹ ਗਏ ਹਨ ਅਤੇ ਹੁਣ ਦੁਨੀਆਂ ਭਰ ਦੇ ਲੋਕਾਂ ਸਾਹਮਣੇ ਇਹ ਸੱਚ ਨਸ਼ਰ ਹੋ ਗਿਆ ਹੈ ਕਿ ਭਾਰੀ ਬਰਬਾਦੀ ਵਾਲ਼ੇ ਹਥਿਆਰ ਤਾਂ ਸਿਰਫ਼ ਇੱਕ ਬਹਾਨਾਂ ਸੀ, ਸਗੋਂ ਅਸਲ ਨਿਸ਼ਾਨਾਂ ਤਾਂ ਬਹੁ-ਰਾਸ਼ਟਰੀ ਕੰਪਨੀਆਂ ਦੇ ਇਸ਼ਾਰੇ 'ਤੇ ਅਮਰੀਕੀ ਅਤੇ ਬ੍ਰਿਟਿਸ਼ ਸਰਕਾਰ ਦੁਆਰਾ ਇਰਾਕ ਦੇ ਤੇਲ-ਭੰਡਾਰਾਂ 'ਤੇ ਕਬਜ਼ਾ ਕਰਨਾ ਸੀ।

ਇਰਾਕ 'ਤੇ ਹੋਏ ਹਮਲੇ ਦੇ ਅਸਲ ਕਾਰਨਾਂ ਦੇ ਵਿਸਤਾਰ ਵਿੱਚ ਜਾਣ ਤੋਂ ਪਹਿਲਾਂ ਇੱਕ ਨਜ਼ਰ ਇਰਾਕ ਵਿੱਚ ਹੋਈ ਭਿਆਨਕ ਤਬਾਹੀ ਅਤੇ ਮਨੁੱਖੀ ਜਾਨਾਂ ਦੇ ਹੋਣ ਵਾਲ਼ੇ ਨੁਕਸਾਨ ਦੇ ਬਹੁਤ ਹੀ ਬਰਬਰ ਅਤੇ ਦਿਲ-ਕੰਬਾਊ ਅੰਕੜਿਆ 'ਤੇ ਪਾ ਲਈ ਜਾਵੇ।

ਭਾਵੇਂ ਅਮਰੀਕੀ ਸਰਕਾਰੀ ਰਿਪੋਰਟਾਂ ਲਗਾਤਾਰ ਮੌਤਾਂ ਦੀ ਗਿਣਤੀ ਘਟਾ ਕੇ ਪੇਸ਼ ਕਰਦੀਆਂ ਰਹੀਆਂ (ਜਿਵੇਂ ਕਿ ਇੱਕ ਰਿਪੋਰਟ ਅਨੁਸਾਰ ਸਿਰਫ਼ 9390 ਆਮ ਲੋਕਾਂ ਦੀ ਮੌਤ ਹੋਈ ਦੱਸੀ ਗਈ ਹੈ), ਪਰ 2007 ਵਿੱਚ ਜਾਹਨ ਹਾਪਕਿਨ ਸਟੱਡੀ ਦੀ ਰਿਪੋਰਟ, ਜੋ ਕਿ ਬ੍ਰਿਟੇਨ ਦੇ ਬਹੁਤ ਹੀ ਮਸ਼ਹੂਰ ਮੈਡੀਕਲ ਮੈਗਜ਼ੀਨ, ਲਾਨਸੈਟ (lancet) ਵਿੱਚ ਛਪੀ, ਅਨੁਸਾਰ 2007 ਦੇ ਮੱਧ ਤੱਕ 6,50,000 ਆਮ ਲੋਕਾਂ ਦੀ ਮੌਤ ਹੋਈ। ਇਸ ਤੋਂ ਬਾਅਦ ਇੱਕ ਹੋਰ ਵੱਡੀ ਛਾਣ-ਬੀਣ ਰਿਪੋਰਟ, ਬ੍ਰਿਟੇਨ ਦੀ ਇੱਕ ਕੰਪਨੀ, ਓ. ਆਰ.ਬੀ (ਓਪੀਨੀਅਨ ਰਿਸਰਚ ਬਿਜ਼ਨਸ) ਦੁਆਰਾ ਅਗਸਤ 2007 ਵਿੱਚ ਪੇਸ਼ ਕੀਤੀ ਗਈ। ਇਸ ਰਿਪੋਰਟ ਅਨੁਸਾਰ (ਇਰਾਕ ਜੰਗ ਦੌਰਾਨ ਮਾਰਚ 2003 ਤੋਂ ਬਾਅਦ)

- ਲੱਗਭਗ 12 ਲੱਖ ਲੋਕਾਂ ਦੀ ਮੌਤ ਇਰਾਕ ਵਿੱਚ ਕੁਦਰਤੀ ਕਾਰਨਾਂ ਤੋਂ ਬਿਨਾਂ ਹੋਈ।
- ਲੱਗਭਗ 22% ਘਰਾਂ ਨੇ ਇੱਕ ਜਾਂ ਇੱਕ ਤੋਂ ਵੱਧ ਜੀਆਂ ਦੀ ਮੌਤ ਇਰਾਕ ਜੰਗ ਕਾਰਨ ਦੇਖੀ। ਬਗਦਾਦ ਵਿੱਚ ਤਾਂ ਹਰ ਦੂਸਰੇ ਘਰ ਵਿੱਚ ਇੱਕ ਜਾਂ ਵੱਧ ਮੈਂਬਰਾਂ ਦੀ ਮੌਤ ਹੋਈ ਹੈ।
- ਇਨ੍ਹਾਂ ਮੌਤਾਂ ਵਿੱਚ 48% ਗੋਲੀ ਲੱਗਣ ਕਾਰਨ, 20% ਕਾਰ ਬੰਬ ਧਮਾਕਿਆਂ ਕਰਕੇ, 9% ਹਵਾਈ ਹਮਲਿਆਂ ਕਰਕੇ ਅਤੇ 6% ਕਿਸੇ ਹੋਰ ਧਮਾਕੇ ਕਰਕੇ ਹੋਈਆਂ।

ਇਸ ਤੋਂ ਇਲਾਵਾਂ ਜਖਮੀ ਹੋਣ ਵਾਲ਼ਿਆਂ ਦੀ ਗਿਣਤੀ ਤਾਂ ਹੋਰ ਵੀ ਕਿਤੇ ਜ਼ਿਆਦਾ ਹੈ। 65 ਲੱਖ ਲੋਕਾਂ ਨੂੰ ਬੇਘਰ ਹੋਣ ਲਈ ਮਜ਼ਬੂਰ ਹੋਣਾ ਪਿਆ ਜਿਸ ਵਿੱਚ 22.5 ਲੱਖ ਲੋਕ ਸੀਰੀਆ ਅਤੇ ਜਾਰਡਨ ਵਿੱਚ ਸ਼ਰਨ ਲੈਣ ਲਈ ਮਜ਼ਬੂਰ ਹਨ।

ਇਰਾਕ ਵਿੱਚ, ਜਿੱਥੇ ਕਦੇ ਹਰ ਘਰ ਨੂੰ 16-24 ਘੰਟੇ ਬਿਜਲੀ ਸਪਲਾਈ ਸੀ, ਹੁਣ ਇਰਾਕ ਵਿੱਚ ਅਮਰੀਕੀ ਰਾਜਦੂਤ ਰਿਆਨ ਕਰੋਕਰ ਅਨੁਸਾਰ 1-2 ਘੰਟੇ ਹੀ ਬਿਜਲੀ ਸਪਲਾਈ ਮਿਲਦੀ ਹੈ। ਮਹਿੰਗਾਈ ਦਰ ਵੱਧ ਕੇ 50% ਤੋਂ ਉੱਪਰ ਹੋ ਚੁੱਕੀ ਹੈ। 70% ਲੋਕਾਂ ਨੂੰ ਪੀਣ ਵਾਲ਼ੇ ਪਾਣੀ ਤੱਕ ਤੋਂ ਵੀ ਮਰਹੂਮ ਹੋਣਾ ਪੈ ਰਿਹਾ ਹੈ।

ਇਰਾਕ, ਜਿੱਥੇ ਕਦੇ 1989 ਵਿੱਚ ਔਰਤਾਂ ਦੀ ਸਾਖਰਤਾ ਦਰ 87% ਸੀ, ਹੁਣ ਸਿਰਫ਼ 20% ਬੱਚਿਆਂ ਨੂੰ ਸਕੂਲ ਦਾ ਮੂੰਹ ਦੇਖਣਾ ਨਸੀਬ ਹੋ ਰਿਹਾ ਹੈ। ਇਰਾਕ, ਜਿੱਥੇ ਕਦੇ 1987 ਵਿੱਚ ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ 45 ਪ੍ਰਤੀ 1000 ਸੀ, ਹੁਣ ਵੱਧ ਕੇ 150 ਪ੍ਰਤੀ 1000 ਤੱਕ ਪਹੁੰਚ ਚੁੱਕੀ ਹੈ। ਇਨ੍ਹਾਂ ਮੌਤਾਂ ਤੋਂ ਬਿਨਾਂ, ਪਾਬੰਦੀਆਂ ਕਾਰਨ ਸਾਲ 1991 ਤੋਂ 2003 ਤੱਕ ਭੁੱਖਮਰੀ ਨਾਲ਼ 10 ਲੱਖਾਂ ਬੱਚਿਆਂ ਦੀ ਮੌਤਾਂ ਦੀ ਗਿਣਤੀ ਅਲੱਗ ਹੈ।

"ਹਰ ਕਿਸੇ ਨੂੰ ਪਤਾ ਹੈ :
ਇਰਾਕ ਜੰਗ ਤੇਲ਼ ਲਈ ਲੜੀ ਜਾ ਰਹੀ ਹੈ"

ਅਮਰੀਕਾ ਅਤੇ ਬ੍ਰਿਟੇਨ ਨੇ ਲੜਾਈ ਦੇ ਬਹੁਤ ਸਾਰੇ ਮੰਤਵ ਪੇਸ਼ ਕੀਤੇ ਸਨ ਜਿਵੇਂ ਕਿ ਦਹਿਸ਼ਤਗਰਦੀ ਖਿਲਾਫ਼ ਲੜਾਈ, ਭਾਰੀ ਬਰਬਾਦੀ ਵਾਲ਼ੇ ਹਥਿਆਰ, "ਜਮਹੂਰੀਅਤ" ਦਾ ਵਿਸਤਾਰ ਕਰਨਾ, ਸੱਦਾਮ ਹੁਸੈਨ ਦਾ ਅਲ-ਕਾਇਦਾ ਨਾਲ਼ ਸਬੰਧ ਹੋਣਾ। ਭਾਵੇਂ ਸ਼ੁਰੂ ਤੋਂ ਹੀ ਇਨ੍ਹਾਂ ਝੂਠਾਂ ਨੂੰ ਸੱਚ ਮੰਨਣ ਵਾਲ਼ੇ ਥੋੜ੍ਹੇ ਹੀ ਮੂਰਖ ਇਸ ਦੁਨੀਆਂ 'ਤੇ ਹਨ ਪਰ ਹੁਣ ਸਾਹਮਣੇ ਆਉਣ ਵਾਲ਼ੇ ਤੱਥਾਂ ਤੇ ਹਾਲਤਾਂ ਨੇ ਚਿੱਟੇ ਦਿਨ ਵਾਂਗ ਇਹ ਸਾਫ਼ ਕਰ ਦਿੱਤਾ ਹੈ ਕਿ ਇਰਾਕ 'ਤੇ ਹਮਲਾ ਸਿਰਫ਼ ਉਸਦੇ ਤੇਲ ਭੰਡਾਰਾਂ 'ਤੇ ਕਬਜ਼ਾ ਕਰਨ ਲਈ ਕੀਤਾ ਗਿਆ ਸੀ।

18 ਸਾਲ ਅਮਰੀਕੀ ਫੈਡਰਲ ਰਿਜ਼ਰਵ ਦੇ ਮੁਖੀ ਦੇ ਤੌਰ 'ਤੇ ਕੰਮ ਕਰਨ ਵਾਲ਼ੇ, ਰੀਪਬਲਿਕਨ ਐਲਨ ਗਰੀਨ ਸਪੈਨ ਨੇ ਆਪਣੀ ਸਵੈ-ਜੀਵਨੀ ਵਿੱਚ ਸਾਫ਼-ਸਾਫ਼ ਇਹ ਮੰਨਿਆ ਕਿ ਇਰਾਕ 'ਤੇ ਹਮਲਾ ਸਿਰਫ਼ ਤੇਲ ਲਈ ਕੀਤਾ ਗਿਆ। ਉਸ ਅਨੁਸਾਰ, "ਮੈਨੂੰ ਅਫ਼ਸੋਸ ਹੈ ਕਿ ਇਹ ਰਾਜਨੀਤਕ ਤੌਰ 'ਤੇ ਮੰਨਣਾ ਕਾਫ਼ੀ ਅਸੁਵਿਧਾਜਨਕ ਹੈ ਜਿਸ ਬਾਰੇ ਸਭ ਨੂੰ ਪਤਾ ਹੈ: ਇਰਾਕ

ਜੰਗ ਤੇਲ਼ ਲਈ ਲੜੀ ਜਾ ਰਹੀ ਹੈ।"

ਇਰਾਕ 'ਤੇ ਹਮਲੇ ਪਿੱਛੇ ਵੀ ਮੁਨਾਫ਼ੇ ਦੀ ਲਗਾਤਾਰ ਹਵਸ ਦੇ ਸਹਾਰੇ ਚੱਲਦਾ ਪੂੰਜੀਵਾਦ ਅਤੇ ਪੂੰਜੀਵਾਦੀ ਮੁਲਕਾਂ ਦੀਆਂ ਆਪਣੀ ਖਹਿਬਾਜੀਆਂ ਹੀ ਹਨ। ਇੱਕ ਅੰਦਾਜੇ ਅਨੁਸਾਰ ਇਰਾਕ ਕੋਲ 115 ਬਿਲੀਅਨ ਬੈਰਲ ਤੇਲ ਦੇ ਭੰਡਾਰ ਹਨ ਜੋ ਪੂਰੀ ਦੁਨੀਆਂ ਦੇ ਤੇਲ ਭੰਡਾਰ ਲੱਗਭਗ 15% ਬਣਦੇ ਹਨ ਅਤੇ ਨਾਲ਼ ਹੀ 112 ਟਰਿਲੀਅਨ ਕੁਦਰਤੀ ਗੈਸ ਦੇ ਭੰਡਾਰ ਵੀ ਹਨ। ਇਰਾਕ ਦੀ ਧਰਤੀ ਵਿੱਚੋਂ ਤੇਲ ਕੱਢਣਾ ਤਕਨੀਕੀ ਤੌਰ 'ਤੇ ਵੀ ਸੌਖਾ ਹੈ ਅਤੇ ਸਮੁੰਦਰ ਵਿੱਚੋਂ ਡਰਿਲ ਕਰਨ ਦੇ ਮੁਕਾਬਲੇ ਸਸਤਾ ਵੀ, ਇਸੇ ਕਰਕੇ ਵੱਡੀਆਂ ਤੇਲ ਕੰਪਨੀਆਂ ਲਈ ਇਹ ਤੇਲ ਭੰਡਾਰ ਅਥਾਹ ਮੁਨਾਫ਼ੇ ਦਾ ਸੋਮਾ ਹਨ ਪਰ ਉਨ੍ਹਾਂ ਦੇ ਇਹ ਸੁਪਨੇ 1975 'ਚ ਸੱਦਾਮ ਹੁਸੈਨ ਨੇ ਤੇਲ ਸੱਨਅਤ ਦਾ ਕੌਮੀਕਰਨ ਕਰਕੇ ਮਿੱਟੀ 'ਚ ਮਿਲਾ ਦਿੱਤੇ। ਇਸ ਕੌਮੀਕਰਨ ਵਕਤ ਉਸ ਵੇਲ਼ੇ ਇਰਾਕ ਦੇ ਤੇਲ 'ਤੇ ਕਬਜ਼ਾ ਕਰੀ ਬੈਠੀਆਂ ਤਿੰਨ ਕੰਪਨੀਆਂ ਐਕਸਨ ਮੋਬਿਲ (ਅਮਰੀਕੀ), ਸ਼ੈਲ ਤੇ ਬ੍ਰਿਟਿਸ਼ ਪੈਟਰੋਲੀਅਮ (ਦੋਵੇਂ ਬ੍ਰਿਟਿਸ਼) ਨੂੰ ਵੱਡਾ ਨੁਕਸਾਨ ਝੱਲਣਾ ਪਿਆ। ਪਿਛਲੀ ਸਦੀ ਦੇ ਅੰਤ ਅਤੇ ਇਸ ਸਦੀ ਦੇ ਸ਼ੁਰੂ ਵਿੱਚ ਬੋਲੀਵੀਆ ਅਤੇ ਵੈਨਜ਼ੂਏਲਾ ਵੱਲੋਂ ਤੇਲ ਸੱਨਅਤ ਦੇ ਕੀਤੇ ਮੁੜ ਸਮਝੌਤਿਆਂ ਨੇ ਇਨ੍ਹਾਂ ਕੰਪਨੀਆਂ ਨੂੰ ਹੋਰ ਵੀ ਖੂੰਜੇ ਲਗਾ ਦਿੱਤਾ ਅਤੇ ਰਹਿੰਦੀ ਕਸਰ ਰੂਸੀ ਤੇ ਭਾਰਤੀ ਕੰਪਨੀਆਂ ਨੇ ਸੱਦਾਮ ਹੁਸੈਨ ਨਾਲ਼ ਤੇਲ ਕੱਢਣ ਤੇ ਵੇਚਣ ਲਈ ਸਮਝੌਤੇ ਕਰਕੇ ਕੱਢ ਦਿੱਤੀ। ਇਸ ਤੋਂ ਇਲਾਵਾ ਚੀਨ ਵੱਲੋਂ ਵੀ ਵੱਡੀ ਪੱਧਰ 'ਤੇ ਤੇਲ ਦੇ ਖੇਤਰ ਵਿੱਚ ਆ ਜਾਣ ਨਾਲ਼ ਅਮਰੀਕੀ ਤੇ ਬ੍ਰਿਟਿਸ਼ ਕੰਪਨੀਆਂ ਦੀ ਹਾਲਤ ਪਤਲੀ ਹੋ ਰਹੀ ਸੀ। ਇਸ ਤੋਂ ਇਲਾਵਾ ਅਮਰੀਕਾ ਦੀ ਆਰਥਿਕਤਾ ਵੀ ਡਾਵਾਂਡੋਲ ਹੋ ਰਹੀ ਹੈ, ਅਜਿਹੇ ਸੰਕਟ ਦੇ ਸਮੇਂ ਪੂੰਜੀਵਾਦ ਕੋਲ਼ ਜੰਗ ਤੋਂ ਬਿਨਾਂ ਹੋਰ ਕੋਈ ਰਸਤਾ ਬਾਕੀ ਨਹੀਂ ਰਹਿ ਜਾਂਦਾ ਹੈ।

ਅਪ੍ਰੈਲ 2001 'ਚ ਯੋਜਨਾ ਸਬੰਧੀ ਮਾਮਲਿਆਂ ਬਾਰੇ ਜੇਮਜ਼ ਬੇਕਰ ਸੰਸਥਾਨ ਨੇ ਇੱਕ ਰਿਪੋਰਟ ਪੇਸ਼ ਕੀਤੀ ਜਿਸ 'ਚ ਕਿਹਾ ਗਿਆ, "ਇਰਾਕ ਮੱਧ ਪੂਰਬ ਤੋਂ ਤੇਲ ਦੇ ਨਿਕਾਸ 'ਚ ਰੋੜਾ ਅਟਕਾ ਰਿਹਾ ਹੈ, ਸੱਦਾਮ ਹੁਸੈਨ ਤੱਕ ਨੂੰ ਇੱਕ ਹਥਿਆਰ ਦੇ ਤੌਰ 'ਤੇ ਵਰਤਣ ਅਤੇ ਮੰਡੀ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ ਅਮਰੀਕਾ ਨੂੰ ਇਰਾਕ ਪ੍ਰਤੀ ਆਪਣੀ ਸੈਨਿਕ ਊਰਜਾ, ਆਰਥਿਕ, ਰਾਜਨੀਤਕ, ਕੂਟਨੀਤਕ ਨੀਤੀ ਨੂੰ ਬਦਲਣ ਦੀ ਲੋੜ ਹੈ।" ਜਿਹੜੀ ਸਲਾਹਕਾਰ ਕਮੇਟੀ ਨੇ ਇਹ ਰਿਪੋਰਟ ਤਿਆਰ ਕੀਤੀ ਸੀ, ਉਸ ਦੇ ਮੈਂਬਰ ਸ਼ੈਲ, ਬ੍ਰਿਟਿਸ਼ ਪੈਟਰੋਲੀਅਮ ਅਤੇ ਚੈਵਰੋਨ ਕੰਪਨੀਆਂ ਦੇ ਮੁਖੀ ਸਨ ਅਤੇ ਇਹੀ ਉਹ ਕੰਪਨੀਆਂ ਹਨ ਜਿਨ੍ਹਾਂ ਨੂੰ ਹੁਣ ਇਰਾਕ 'ਚ ਤੇਲ 'ਤੇ ਇਹ ਇਜ਼ਾਰੇਦਾਰੀ ਮਿਲਣ ਵਾਲ਼ੀ ਹੈ।

ਇਸ ਤੋਂ ਇਲਾਵਾ ਜਨਵਰੀ, 2003 ਦੇ ਵਾਲ ਸਟਰੀਟ ਜਰਨਲ ਨੇ ਇੱਕ ਰਿਪੋਰਟ ਵਿੱਚ ਤੇਲ ਸੱਨਅਤ ਦੇ ਮੁਖੀਆਂ ਤੇ ਉਪ-ਰਾਸ਼ਟਰਪਤੀ ਡਿਕ ਚੇਨੀ ਦੀ ਆਪਸੀ ਮੁਲਾਕਾਤ ਦੌਰਾਨ ਇਰਾਕ ਦੀ ਤੇਲ ਸੱਨਅਤ ਦਾ ਨਿੱਜੀਕਰਨ ਕਰਨ ਦੀਆਂ ਯੋਜਨਾਵਾਂ ਬਾਰੇ ਚਾਨਣਾ ਪਾਇਆ : "ਇਰਾਕ ਦੇ ਨਾਲ਼ ਜੰਗ ਦੀ ਸੰਭਾਵਨਾ ਦੇ ਮੱਦੇਨਜ਼ਰ, ਅਮਰੀਕੀ ਤੇਲ ਕੰਪਨੀਆਂ ਨੇ ਉਸ ਦਿਨ ਲਈ ਤਿਆਰੀਆਂ ਆਰੰਭ ਦਿੱਤੀਆਂ ਹਨ ਜਦੋਂ ਉਹਨਾਂ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਤੇਲ ਖੇਤਰਾਂ ਵਿੱਚੋਂ ਇੱਕ ਵਿੱਚ ਕੰਮ ਕਰਨ ਦਾ ਮੌਕਾ ਮਿਲ਼ੇਗਾ।"

ਆਪਣੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਅਮਰੀਕੀ ਸਾਮਰਾਜ ਲਈ ਇਹ ਜ਼ਰੂਰੀ ਸੀ ਕਿ ਉਹ ਇਰਾਕ ਵਿੱਚ ਤਖ਼ਤਾ ਪਲਟ ਕਰਕੇ ਆਪਣੀ ਕੱਠਪੁਤਲੀ ਸਰਕਾਰ ਬਣਾਏ ਅਤੇ ਇਰਾਕ ਨੂੰ ਆਪਣੇ ਫ਼ੌਜੀ ਅੱਡੇ ਦਾ ਰੂਪ ਦੇਵੇ ਜੋ ਕਿ ਉਸ ਲਈ ਰੂਸ ਤੇ ਚੀਨ ਨੂੰ ਰਾਜਨੀਤਕ ਤੌਰ 'ਤੇ ਕਾਬੂ ਹੇਠ ਰੱਖਣ ਲਈ ਮਦਦ ਵੀ ਦੇਵੇਗਾ ਅਤੇ ਇਰਾਨ ਤੇ ਹਮਲਾ ਕਰਨ ਦੀ ਸੂਰਤ ਵਿੱਚ ਬੇਸ-ਕੈਂਪ ਦਾ ਕੰਮ ਵੀ ਦੇਵੇਗਾ। ਪੰਜ ਸਾਲਾਂ ਦੀ ਕਤਲੋਗਾਰਦ, ਲੱਖਾਂ ਲੋਕਾਂ ਦੀ ਮੌਤ ਅਤੇ ਆਪਣੇ ਦੇਸ਼ ਦੇ 4100 ਸੈਨਿਕਾਂ ਦੀ ਮੌਤ (ਤੇ 30,000 ਜ਼ਖਮੀ) ਦੇ ਮੁੱਲ ਨੂੰ ਤਾਰ ਕੇ ਅਮਰੀਕੀ ਸਾਮਰਾਜ ਲਈ ਉਹ ਸਮਾਂ ਆ ਗਿਆ ਹੈ ਕਿ ਉਹ ਇਰਾਕ ਦੇ ਤੇਲ-ਭੰਡਾਰ 'ਤੇ ਆਪਣਾ ਕਬਜ਼ਾ ਪੱਕਾ ਕਰੇ, ਇਸ ਲਈ ਅਮਰੀਕਾ ਕੱਠਪੁਤਲੀ ਸਰਕਾਰ ਨਾਲ਼ ਕਈ ਕਿਸਮ ਦੇ ਸਮਝੌਤੇ ਕਰ ਰਿਹਾ ਹੈ।

ਪਹਿਲੇ ਸਮਝੌਤੇ ਅਨੁਸਾਰ, ਅਮਰੀਕਾ ਤੇ ਬ੍ਰਿਟੇਨ ਦੀਆਂ ਤੇਲ ਕੰਪਨੀਆਂ ਨੂੰ ਇਰਾਕ ਵਿੱਚ ਤੇਲ ਕੱਢਣ ਤੇ ਵੇਚਣ ਦੀ ਇਜ਼ਾਰੇਦਾਰੀ ਮਿਲ਼ ਜਾਵੇਗੀ ਅਤੇ ਇਹ ਸਭ ਕੁੱਝ ਬਿਨਾਂ ਕਿਸੇ ਖੁੱਲ੍ਹੀ ਬੋਲੀ ਦੇ ਹੋਵੇਗਾ ਜਿਸ ਕਾਰਨ ਕਿਸੇ ਵੀ ਹੋਰ ਦੇਸ਼ ਦੀ ਕੰਪਨੀ ਨੂੰ ਕੋਈ ਮੌਕਾ ਨਹੀਂ ਮਿਲੇਗਾ।

ਦੂਜੇ ਸਮਝੌਤੇ ਅਨੁਸਾਰ ਅਮਰੀਕਾ ਨੂੰ ਇਰਾਕ ਵਿੱਚ ਪੱਕੇ ਤੌਰ 'ਤੇ ਆਪਣੇ ਫ਼ੌਜੀ ਟਿਕਾਣੇ ਬਣਾਉਣ ਅਤੇ ਤੇਲ ਖੇਤਰਾਂ ਦੀ ਸੁਰੱਖਿਆ ਲਈ ਆਪਣੀ ਫ਼ੌਜ ਤਾਇਨਾਤ ਕਰਨ ਦੇ ਅਧਿਕਾਰ ਮਿਲ ਜਾਣਗੇ। ਇਸ ਤਰ੍ਹਾਂ ਭਾਵੇਂ ਦਸੰਬਰ ਵਿੱਚ ਅਮਰੀਕਾ ਦੇ ਇਰਾਕ ਵਿੱਚ ਫ਼ੌਜ ਰੱਖਣ ਦੀ ਮਿਆਦ ਪੂਰੀ ਹੋ ਜਾਵੇਗੀ, ਪਰ ਫਿਰ ਵੀ ਅਮਰੀਕਾ ਅੱਗੋਂ ਅਣਮਿੱਥੇ ਸਮੇਂ ਲਈ ਆਪਣੀ ਫ਼ੌਜ ਇਰਾਕ ਵਿੱਚ ਰੱਖ ਸਕੇਗਾ। ਇਸ ਨਵੇਂ ਸਮਝੌਤੇ ਅਨੁਸਾਰ ਅਮਰੀਕਾ ਨੂੰ ਇਰਾਕ ਅੰਦਰ ਫ਼ੌਜੀ ਕਾਰਵਾਈ ਦੀ ਖੁੱਲ੍ਹ ਹੋਵੇਗੀ ਅਤੇ ਅਮਰੀਕੀ ਫ਼ੌਜੀਆਂ ਤੇ ਅਪਰਾਧਿਕ ਮੁਕੱਦਮੇ ਵੀ ਅਮਰੀਕਾ ਵਿੱਚ ਹੀ ਚਲਾਏ ਜਾ ਸਕਣਗੇ। ਇਸ ਤੋਂ ਇਲਾਵਾ ਅਮਰੀਕਾ ਇਰਾਕ ਦੇ ਹਵਾਈ ਖੇਤਰ 'ਤੇ ਕੰਟਰੋਲ ਦੀ ਮੰਗ ਕਰ ਰਿਹਾ ਹੈ। ਅਮਰੀਕਾ ਦੀਆਂ ਕਾਫ਼ੀ ਮੰਗਾਂ ਕੱਠਪੁਤਲੀ ਸਰਕਾਰ ਲਈ ਵੀ ਮੰਨਣੀਆਂ ਔਖੀਆਂ ਹੋ ਰਹੀਆਂ ਹਨ, ਇਸ ਲਈ ਅਮਰੀਕਾ ਹਰ ਤਰ੍ਹਾਂ ਦਾ ਹੱਥਕੰਡਾ ਵਰਤ ਰਿਹਾ ਹੈ।

ਕੁਵੈਤ ਉੱਤੇ 1990 ਵਿੱਚ ਹਮਲਾ ਕਰਨ ਤੋਂ ਬਾਅਦ ਇਰਾਕ ਨੂੰ ਯੂ. ਐਨ. ਸੁਰੱਖਿਆ ਕੌਂਸਲ ਦੇ ਅਧਿਆਏ 7 ਅੰਦਰ ਪਾ ਦਿੱਤਾ ਗਿਆ ਸੀ, ਜਿਸ ਅਨੁਸਾਰ ਇਰਾਕ ਸੰਸਾਰ ਲਈ ਖ਼ਤਰਾ ਹੈ। ਬੁਸ਼ ਪ੍ਰਸ਼ਾਸਨ ਇਰਾਕ 'ਤੇ ਜ਼ੋਰ ਪਾ ਰਿਹਾ ਹੈ ਕਿ ਸਮਝੌਤਿਆਂ 'ਤੇ ਦਸਤਖ਼ਤ ਕਰਨ ਤੋਂ ਬਾਅਦ ਹੀ ਇਹ ਅਧਿਆਏ ਹਟਾਇਆ ਜਾਵੇਗਾ। ਇਸ ਤੋਂ ਇਲਾਵਾ ਪਾਬੰਦੀਆਂ ਕਾਰਨ ਇਰਾਕ ਨੂੰ ਆਪਣੀ ਵਿਦੇਸ਼ੀ ਪੂੰਜੀ ਦਾ ਭੰਡਾਰ ਨਿਊਯਾਰਕ ਦੀ ਫੈਡਰਲ ਰਿਜ਼ਰਵ ਵਿੱਚ ਜਮ੍ਹਾਂ ਕਰਨਾ ਪੈਂਦਾ ਹੈ। ਇਸ ਸਮੇਂ ਇਰਾਕ ਦਾ

ਤਕਰੀਬਨ 50 ਬਿਲੀਅਨ ਡਾਲਰ ਇਸ ਵਿੱਚ ਜਮ੍ਹਾ ਹੈ ਅਤੇ ਅਮਰੀਕਾ ਸਮਝੌਤੇ 'ਤੇ ਦਸਤਖਤ ਨਾ ਕਰਨ ਦੀ ਸੂਰਤ ਵਿੱਚ ਇਸ ਦੀ ਅਦਾਇਗੀ ਰੋਕਣ ਦੀ ਧਮਕੀ ਦੇ ਰਿਹਾ ਹੈ।

ਇਸ ਤੋਂ ਬਿਨਾਂ ਇਰਾਕ ਨੂੰ ਡਾਲਰ ਦੀ ਕੀਮਤ ਘੱਟਣ ਕਾਰਨ ਵੱਡਾ ਘਾਟਾ ਪੈ ਰਿਹਾ ਹੈ ਕਿਉਂਕਿ ਉਹ ਆਪਣੇ ਵਿਦੇਸ਼ੀ ਪੂੰਜੀ ਦੇ ਭੰਡਾਰ ਨੂੰ ਕਿਸੇ ਹੋਰ ਕਰੰਸੀ ਵਿੱਚ ਨਹੀਂ ਬਦਲ ਸਕਦਾ। ਇਰਾਕੀ ਲੋਕਾਂ ਵਲੋਂ ਇਹਨਾਂ ਸਮਝੌਤਿਆਂ ਦਾ ਵਿਰੋਧ ਵੀ ਸ਼ੁਰੂ ਹੋ ਗਿਆ ਹੈ।

ਕਈ ਇਰਾਕ ਹੋਰ ਵੀ :

ਬਹੁਦੇਸ਼ੀ ਕੰਪਨੀਆਂ ਦੇ ਮੁਨਾਫ਼ੇ ਦੀ ਹਵਸ ਅਤੇ ਸਾਮਰਾਜੀਆਂ ਦੀਆਂ ਰਾਜਨੀਤਕ ਚਾਲਾਂ ਤੇ ਆਪਸੀ ਖਹਿਬਾਜ਼ੀ ਦਾ ਸ਼ਿਕਾਰ ਇਕੱਲਾ ਇਰਾਕ ਦੀ ਇੱਕ ਕਤਲਗਾਹ ਨਹੀਂ, ਹੋਰ ਵੀ ਕਈ ਮੁਲਕ ਕਤਲਗਾਹ ਬਣ ਚੁੱਕੇ ਹਨ ਜਾਂ ਭਵਿੱਖ ਵਿੱਚ ਬਣ ਸਕਦੇ ਹਨ।

ਇਹਨਾਂ ਵਿੱਚੋਂ ਇੱਕ ਹੈ, ਸੂਡਾਨ। ਸੂਡਾਨ ਵੱਡੇ ਤੇਲ ਭੰਡਾਰਾਂ ਵਾਲ਼ਾ ਇੱਕ ਅਫ਼ਰੀਕੀ ਮੁਲਕ ਹੈ। 1970ਵਿਆਂ ਵਿੱਚ ਅਮਰੀਕੀ ਤੇਲ ਕੰਪਨੀ ਚੈਵਰੋਨ ਨੇ ਇੱਥੇ ਆਪਣੀ ਖ਼ੋਜ ਆਰੰਭੀ ਪਰ ਘਰੋਗੀ ਜੰਗ ਚੱਲ ਰਹੀ ਹੋਣ ਕਰਕੇ ਕੰਮ ਬੰਦ ਕਰ ਦਿੱਤਾ। ਬਾਅਦ ਵਿੱਚ ਫਰਾਂਸ, ਕੈਨੇਡਾ, ਰੂਸੀ ਤੇ ਚੀਨੀ ਕੰਪਨੀਆਂ ਨੇ ਵੱਡੀਆਂ ਖ਼ੋਜਾਂ ਕੀਤੀਆਂ ਅਤੇ ਸੂਡਾਨ ਦੇ ਤਾਨਾਸ਼ਾਹ ਅਲ-ਬਸ਼ਰ ਨਾਲ਼ ਮਿਲ ਕੇ ਅਮਰੀਕਾ ਦਾ ਪੱਤਾ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ। 80ਵਿਆਂ ਅਮਰੀਕਾ ਨੇ ਖਾਰਤੂਮ (ਸੂਡਾਨ ਦੀ ਰਾਜਧਾਨੀ) ਦੇ ਖਿਲਾਫ਼ ਬਗਾਵਤ ਖੜੀ ਕਰ ਦਿੱਤੀ। ਤਰਫ਼ੂਰ ਵਿੱਚ ਸਥਾਪਿਤ ਗੂਡਾਨੀ ਲਿਬਰੇਸ਼ਨ ਆਰਸੀ ਦੀ ਅਮਰੀਕਾ ਨੇ ਦਿਲ ਖੋਲ੍ਹ ਕੇ ਆਰਥਿਕ ਮਦਦ ਕੀਤੀ। ਇਸ ਤੋਂ ਇਲਾਵਾ ਇਥੋਪੀਆ, ਇਰੀਟੀਆ ਤੇ ਯੁਗਾਂਡਾ ਜਿਹੇ ਗੁਆਂਢੀ ਮੁਲਕਾਂ ਨੂੰ ਕਰੋੜਾਂ ਡਾਲਰਾਂ ਦਾ ਫ਼ੌਜੀ ਸਾਜ਼ੋ-ਸਾਮਾਨ ਦਿੱਤਾ ਤਾਂ ਕਿ ਖਾਰਤੂਮ ਸਰਕਾਰ 'ਤੇ ਦਬਾਅ ਪਾਇਆ ਜਾ ਸਕੇ। ਹੁਣ 2003 ਤੋਂ ਇਸ ਲੜਾਈ ਨੇ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ ਅਤੇ ਹਰ ਸਾਲ ਇੱਕ ਲੱਖ ਦੇ ਕਰੀਬ ਮਨੁੱਖੀ ਜਾਨਾਂ ਇਸ ਦੀ ਭੇਟਾ ਚੜ੍ਹ ਰਹੀਆਂ ਹਨ। ਅਮਰੀਕਾ ਸਾਰੀਆਂ ਧਿਰਾਂ ਨੂੰ ਸਬਰ ਤੋਂ ਕੰਮ ਲੈਣ ਦੀ ਸਲਾਹ ਦੇਣ ਦੇ ਨਾਲ਼-ਨਾਲ਼ ਉੱਥੇ ਸ਼ਾਂਤੀ ਬਣਾਉਣ ਲਈ ਯੂ. ਐੱਨ ਸ਼ਾਂਤੀ ਸੈਨਾ ਭੇਜਣ 'ਤੇ ਜ਼ੋਰ ਦੇ ਰਿਹਾ ਹੈ। ਹੁਣ ਜੇ ਸ਼ਾਂਤੀ ਸਥਾਪਿਤ ਹੁੰਦੀ ਹੈ ਤੇ ਖਾਰਤੂਮ ਸਰਕਾਰ ਦੀ ਥਾਂ ਕੋਈ ਹੋਰ ਸਰਕਾਰ ਆ ਜਾਂਦੀ ਹੈ ਤਾਂ ਫ਼ਰਕ ਸਿਰਫ਼ ਇੰਨਾ ਪਵੇਗਾ ਕਿ ਫਰਾਂਸ, ਰੂਸ ਤੇ ਚੀਨ ਦੀ ਥਾਂ ਅਮਰੀਕੀ ਕੰਪਨੀਆਂ ਤੇਲ ਦੇ ਮੁਨਾਫ਼ੇ ਡਕਾਰਨ ਲੱਗਣਗੀਆਂ ਅਤੇ ਆਮ ਕਿਰਤੀ ਲੋਕਾਂ ਦੇ ਹਿੱਸੇ ਭੁੱਖਮਰੀ ਤੇ ਗਰੀਬੀ ਹੀ ਰਹੇਗੀ।

ਇਸੇ ਤਰ੍ਹਾਂ ਸੂਡਾਨ ਦੇ ਗੁਆਂਢੀ ਮੁਲਕ ਚਾਡ ਵਿੱਚ ਐਕਸਨ ਮੋਬਿਲ ਨੇ ਇੱਕ ਪਾਈਪ ਲਾਈਨ ਵਿਛਾਉਣ ਲਈ ਹਜ਼ਾਰਾਂ ਲੱਖਾਂ ਕਿਸਾਨਾਂ ਨੂੰ ਉਜਾੜ ਦਿੱਤਾ ਹੈ। ਇੱਥੇ ਵੀ ਪੂੰਜੀਵਾਦੀ ਮੁਲਕਾਂ ਦੇ ਆਪਸੀ ਹਿੱਤ ਟਕਰਾ ਰਹੇ ਹਨ ਤੇ ਕੋਈ ਵੱਡੀ ਗੱਲ ਨਹੀਂ ਇੱਥੇ ਵੀ ਕੱਲ੍ਹ ਨੂੰ ਕੋਈ ਨਵਾਂ ਤਰਫ਼ੂਰ ਬਣ ਜਾਵੇ।

ਇਸੇ ਤਰ੍ਹਾਂ ਸੋਮਾਲੀਆਂ ਵਿੱਚ ਵੀ ਹੋਇਆ। 1992 'ਚ ਪਏ ਕਾਲ਼ ਕਾਰਨ "ਮਾਨਵਤਾ ਦੇ ਅਧਾਰ 'ਤੇ" ਸੋਮਾਲੀਆ 'ਚ ਯੂ. ਐਨ. ਦੀਆਂ ਫ਼ੌਜੀ ਟੁਕੜੀਆਂ ਭੇਜੀਆਂ ਗਈਆਂ ਪਰ ਬਾਅਦ 'ਚ ਪਤਾ ਚੱਲਿਆ ਕਿ ਉਨ੍ਹਾਂ ਦਾ ਅਸਲੀ ਮਿਸ਼ਨ ਤੇਲ ਦੇ ਢੋਆ-ਢੋਆਈ ਵਾਲ਼ੇ ਰਸਤਿਆਂ ਦੀ ਰੱਖਿਆ ਕਰਨਾ ਸੀ ਪਰ ਸਥਾਨਿਕ ਲੋਕਾਂ ਦੇ ਜ਼ਬਰਦਸਤ ਵਿਰੋਧ ਕਾਰਨ ਫ਼ੌਜਾਂ ਨੂੰ 1993 'ਚ ਵਾਪਸ ਬੁਲਾਉਣਾ ਪਿਆ। 2002 'ਚ ਸੋਮਾਲੀਆ ਦਾ ਅਲ-ਕਾਇਦਾ ਨਾਲ਼ ਰਿਸ਼ਤਾ ਜੋੜ ਕੇ (ਭਾਵੇਂ ਇਸ ਲਈ ਬਣਾਈ ਗਈ ਕਹਾਣੀ ਇੱਕ ਵਾਰ ਫਿਰ ਝੂਠੀ ਸਾਬਤ ਹੋਈ) ਇੱਕ ਵਾਰ ਫ਼ੌਜ ਇਸ ਮੁਲਕ ਵਿੱਚ ਭੇਜੀ ਗਈ।

ਇਸੇ ਤਰ੍ਹਾਂ ਵੈਨਜ਼ੂਏਲਾ ਦੇ ਰਾਸ਼ਟਰਵਾਦੀ ਹੂਗੋ ਚਾਵੇਜ਼ ਵੱਲੋਂ ਤੇਲ ਦੀ ਸਨਅਤ ਦੀ ਕੌਮੀਕਰਨ ਦੀ ਕੋਸ਼ਿਸ਼ ਕਰਨ ਅਤੇ ਅਮਰੀਕੀ ਤੇਲ-ਕੰਪਨੀਆਂ ਦੇ ਮੁਨਾਫ਼ੇ ਦੇ ਹਿੱਸੇ ਨੂੰ ਘਟਾਉਣ ਤੇ ਉਸ ਨੂੰ ਗੰਭੀਰ ਸਿੱਟੇ ਭੁਗਤਣ ਦੀਆਂ ਧਮਕੀਆਂ ਅਮਰੀਕੀ ਸਾਮਰਾਜ ਵੱਲੋਂ ਸਮੇਂ-ਸਮੇਂ ਦਿੱਤੀਆਂ ਜਾਂਦੀਆਂ ਰਹੀਆਂ ਹਨ ਭਾਵੇਂ ਫਿਲਹਾਲ ਇਰਾਕ ਜੰਗ ਨੇ ਇਸ ਪਾਸਿਓਂ ਅਮਰੀਕਾ ਦਾ ਧਿਆਨ ਖਿੱਚ ਲਿਆ ਹੈ।

ਹੁਣੇ-ਹੁਣੇ ਹੋਈ ਜਾਰਜੀਆ ਤੇ ਰੂਸ ਵਿਚਾਲ਼ੇ ਹੋਈ ਫ਼ੌਜੀ ਝੜਪ ਦੇ ਮੁੱਖ ਕਾਰਨਾਂ ਵਿੱਚ ਤੇਲ ਇੱਕ ਹੈ। ਬ੍ਰਿਟਿਸ਼ ਪੈਟਰੋਲੀਅਮ ਤੇ ਅਮਰੀਕੀ ਕੰਪਨੀ ਚੈਵਰੋਨ ਨੇ ਮਿਲ ਕੇ ਬਾਲੂ-ਤਿਬਦਿਲੀ-ਚੇਅਹੌਨ ਤੇਲ ਪਾਈਪ ਲਾਈਨ 2006 ਵਿੱਚ ਚਾਲੂ ਕੀਤੀ ਹੈ। ਇਹ ਪਾਈਪ ਲਾਈਨ ਜਾਰਜੀਆ ਵਿੱਚੋਂ ਦੀ ਹੋਣ ਵੇਲ਼ੇ ਦੱਖਣੀ ਉਸੇਇਆ ਪ੍ਰਾਂਤ ਦੇ ਬਿਲਕੁੱਲ ਕੋਲ਼ੋਂ ਦੀ ਲੰਘਦੀ ਹੈ। ਇਹ ਪਾਈਪ ਲਾਈਨ ਰੋਜ਼ ਇੱਕ ਮਿਲੀਅਨ ਕੱਚਾ ਤੇਲ ਯੂਰਪ ਤੇ ਅਮਰੀਕਾ ਨੂੰ ਸਪਲਾਈ ਕਰਦੀ ਹੈ। ਯੁੱਧਨੀਤਕ ਤੇ ਕੂਟਨੀਤਕ ਪੱਖੋਂ ਇੱਕ ਦੂਜੇ 'ਤੇ ਧੌਂਸ ਜਮਾਉਣ ਲਈ ਰੂਸ ਤੇ ਅਮਰੀਕਾ ਵਿਚਕਾਰ ਜੰਗ ਦਾ ਅਖਾੜਾ ਜਾਰਜੀਆ ਤੇ ਦੱਖਣੀ ਉਸੇਇਆ ਬਣ ਗਿਆ। ਰੂਸ ਕਿਸੇ ਵੀ ਤਰ੍ਹਾਂ ਇਸ ਪਾਈਪ ਲਾਈਨ ਨੂੰ ਆਪਣੀ ਮਾਰ ਹੇਠ ਰੱਖਣਾ ਚਾਹੁੰਦਾ ਹੈ ਤਾਂ ਕਿ ਕਿਸੇ ਵੱਡੀ ਜੰਗ ਦੀ ਸੂਰਤ ਵਿੱਚ ਉਹ ਅਮਰੀਕਾ ਤੇ ਯੂਰਪੀ ਮੁਲਕਾਂ 'ਤੇ ਦਬਾਅ ਬਣਾ ਸਕੇ ਅਤੇ ਦੂਜੇ ਪਾਸੇ ਅਮਰੀਕਾ ਲਈ ਇਸ ਪਾਈਪ ਲਾਈਨ ਦੀ ਸੁਰੱਖਿਆ ਮਹੱਤਵਪੂਰਨ ਹੈ, ਇਸੇ ਲਈ ਉਹ ਜਾਰਜੀਆ ਦੀ ਕੱਠਪੁਤਲੀ ਸਰਕਾਰ ਦੀ ਖੁੱਲ੍ਹ ਕੇ ਹਮਾਇਤ ਕਰ ਰਿਹਾ ਹੈ।

ਪੂੰਜੀਵਾਦ ਤੇਲ ਲਈ ਸਿਰਫ਼ ਯੁੱਧ ਹੀ ਨਹੀਂ ਕਰ ਰਿਹਾ, ਹੁਣ ਇਸ ਨੇ 'ਬਾਇਓ ਫਿਊਲ' ਨਾਂ ਦੀ ਤਕਨੀਕ ਰਾਹੀਂ ਲੋਕਾਂ ਲਈ ਅੰਨ ਸੰਕਟ ਵੀ ਪੈਦਾ ਕਰਨਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਸਰਕਾਰ ਦੀ ਯੋਜਨਾ ਮੁਤਾਬਿਕ 2017 ਤੱਕ ਅਮਰੀਕਾ 35 ਬਿਲੀਅਨ ਗੈਲਨ ਤੇਲ ਅਨਾਜ (ਮੁੱਖ ਤੌਰ 'ਤੇ ਮੱਕੀ) ਤੋਂ ਤਿਆਰ ਕਰਨ ਲੱਗੇਗਾ। ਪਿਛਲੇ ਕੁੱਝ ਸਾਲਾਂ ਵਿੱਚ ਹੀ 20% ਫਸਲ ਦੀ ਵਰਤੋਂ ਤੇਲ ਬਣਾਉਣ ਲਈ ਹੋਣ ਲੱਗੀ ਹੈ ਅਤੇ ਅਨਾਜ ਦੀਆਂ ਕੀਮਤਾਂ ਵੱਧਣ ਲੱਗੀਆਂ ਹਨ। ਚੀਨ 'ਤੇ ਬਰਾਜ਼ੀਲ ਵੀ ਅਮਰੀਕਾ

(ਬਾਕੀ ਹਿੱਸਾ ਪੰਨਾ 29 'ਤੇ)

ਉੜੀਸਾ ਵਿੱਚ ਈਸਾਈਆਂ ਦਾ ਕਤਲੇਆਮ

ਪੂੰਜੀਵਾਦੀ ਢਾਂਚੇ ਦਾ ਘਿਨੌਣਾ ਰੂਪ ਹੈ

— ਅਜੇ ਪਾਲ

ਪਿਛਲੀ 23 ਤੋਂ 24 ਅਗਸਤ ਦੀ ਰਾਤ ਆਉਣ ਵਾਲ਼ੀ ਉਸ ਕਾਲ਼ੀ ਹਨ੍ਹੇਰੀ ਦੀ ਸੂਚਕ ਸੀ, ਜਿਸ ਹਨ੍ਹੇਰੀ ਨੇ ਅੱਗੇ ਜਾ ਕੇ ਉੜੀਸਾ ਵਿੱਚ ਈਸਾਈ ਭਾਈਚਾਰੇ ਦੇ ਨਿਰਦਈ ਕਤਲੇਆਮ ਦਾ ਰੂਪ ਧਾਰਿਆ। 23-24 ਅਗਸਤ ਦੀ ਰਾਤ ਨੂੰ ਵਿਸ਼ਵ ਹਿੰਦੂ ਪਰਿਸ਼ਦ ਦੇ ਕੰਧਾਮਾਲ ਜ਼ਿਲ੍ਹਾ (ਉੜੀਸਾ) ਦੇ ਨੇਤਾ ਸਵਾਮੀ ਲਕਸ਼ਮਨਨੰਦਾ ਸਰਸਵਤੀ ਅਤੇ ਉਸਦੇ ਚਾਰ ਸਾਥੀਆਂ ਨੂੰ 30 ਦੇ ਲੱਗਭਗ ਹਥਿਆਰਬੰਦ ਅਣਪਛਾਤੇ ਵਿਅਕਤੀਆਂ ਨੇ ਕਤਲ ਕਰ ਦਿੱਤਾ। ਲਕਸ਼ਮਨਨੰਦਾ ਪਿਛਲੇ ਕਈ ਸਾਲਾਂ ਤੋਂ ਉੜੀਸਾ ਵਿੱਚ ਵਿਹਿਪ ਦੇ ਇੱਕ ਸਰਗਰਮ ਕਾਰਕੁੰਨ ਵੱਜੋਂ ਕੰਮ ਕਰਦਾ ਰਿਹਾ ਹੈ ਅਤੇ ਇੱਕ ਹਿੰਦੂ ਫਿਰਕਾਪ੍ਰਸਤ ਨੇਤਾ ਵੱਜੋਂ ਮਸ਼ਹੂਰ ਵੀ ਹੈ। ਇੱਧਰ ਵਿਹਿਪ, ਬਜਰੰਗ ਦਲ ਜਾਂ ਆਰ. ਐੱਸ. ਐੱਸ. ਲਈ ਗੱਲ ਸਿਰਫ਼ ਇੰਨੀ ਹੀ ਨਾ ਰਹੀ ਬਲਕਿ ਉਨ੍ਹਾਂ ਇਸ ਮੁੱਦੇ ਨੂੰ ਝੱਟ ਹੀ ਫਿਰਕੂ-ਸਿਆਸਤ ਦੀ ਰੰਗਤ ਵਿੱਚ ਪੂਰੇ ਯੋਜਨਾ-ਬੱਧ ਢੰਗ ਨਾਲ਼ ਢਾਲ਼ਿਆ। ਸੰਘ ਪਰਿਵਾਰ ਦੇ ਆਗੂਆਂ ਨੇ ਜ਼ੋਰ ਸ਼ੋਰ ਨਾਲ਼ ਇਹ ਪ੍ਰਚਾਰ ਵਿੱਢ ਦਿੱਤਾ ਕਿ ਇਸ ਘਟਨਾ ਪਿੱਛੇ ਈਸਾਈ ਅੱਤਵਾਦੀਆਂ ਦਾ ਹੱਥ ਹੈ ਅਤੇ ਇਸ ਪੂਰੀ ਗੱਲ ਨੂੰ ਫਿਰਕਾਪ੍ਰਸਤ ਰੰਗਤ ਦੇ ਕੇ ਹਿੰਦੂ ਭਾਈਚਾਰੇ ਨੂੰ ਭੜਕਾਇਆ ਗਿਆ ਕੁੱਝ ਇਸ ਤਰ੍ਹਾਂ ਜਿਸ ਤਰ੍ਹਾਂ ਕਿ ਜਰਮਨ ਵਿੱਚ ਹਿਟਲਰ ਦੇ ਝੂਠ-ਪ੍ਰਚਾਰ ਟੋਲਿਆਂ ਨੇ ਯਹੂਦੀਆਂ ਵਿਰੁੱਧ ਜ਼ਹਿਰ ਘੋਲ਼ਿਆ ਸੀ। ਜਿਸ ਦੇ ਸਿੱਟੇ ਵਜੋਂ 23-24 ਦੀ ਰਾਤ ਨੂੰ ਭੁਬਨੇਸ਼ਵਰ ਵਿੱਚ ਕਈ ਗਿਰਜਾ ਘਰਾਂ ’ਤੇ ਹਮਲੇ ਹੋਏ।

ਦੂਸਰੇ ਦਿਨ (24 ਅਗਸਤ) ਲੱਗਭਗ ਸਾਰੇ ਜ਼ਿਲ੍ਹਿਆਂ ਵਿੱਚ ਵਿਹਿਪ, ਬਜਰੰਗ ਦਲ, ਹਿੰਦੂ ਜਾਗਰਣ ਸਮੁੱਖ ਅਤੇ ਭਾਜਪਾ ਸਮੇਤ ਸਾਰੀ ਭਗਵਾਂ ਬ੍ਰਿਗੇਡ ਸੜਕਾਂ ’ਤੇ ਆ ਗਈ। ਜੋ ਕਿ ਗਿਣਤੀ ਵਿੱਚ ਭਾਵੇਂ ਜ਼ਿਆਦਾ ਨਹੀਂ ਸੀ ਪਰ ਹਥਿਆਰਾਂ ਦੇ ਦਮ ’ਤੇ ਅਤੇ ਸਿਆਸੀ ਅਤੇ ਰਾਜਕੀ ਸ਼ਹਿ ’ਤੇ (ਉੜੀਸਾ ਵਿੱਚ ਬਿਜੂ ਜਨਤਾ ਦਲ ਭਾਜਪਾ ਨਾਲ਼ ਗੱਠਜੋੜ ਕਰਦੇ ਸੱਤ੍ਹਾ ’ਚ ਹੈ) ਮੁੱਖ ਮਾਰਗ ਜਾਮ ਕਰਨ ਲੱਗ ਪਏ ਅਤੇ ਗੱਡੀਆ ਦੀ ਤੋੜ-ਫੋੜ ਕਰਨ ਲੱਗ ਪਏ। ਫਿਰ ਵਿਹਿਪ ਅਤੇ ਬਜਰੰਗ ਦਲ ਨੇ 25 ਅਗਸਤ ਦੇ ਬੰਦ ਦਾ ਸੱਦਾ ਦਿੱਤਾ। ਸਾਰੇ ਰਾਜ ਵਿੱਚ ਹੀ ਸੰਘ ਪਰਿਵਾਰ ਦੇ ਪਿੱਸੂ ਹਨ੍ਹੇਰੀਆ ਨੁੱਕਰਾਂ ’ਚੋਂ ਬਾਹਰ ਆ ਗਏ ਤੇ ਮਨੁੱਖਤਾ ਦੇ ਪਿੰਡੇ ’ਤੇ ਆ ਚਿੰਬੜੇ। ਕੰਧਾਮਾਲ ਜ਼ਿਲ੍ਹੇ ਵਿੱਚ ਬੰਦ ਦਾ ਬੁਰਾ ਪ੍ਰਭਾਵ ਸਭ ਤੋਂ ਵੱਧ ਪਿਆ। ਰਾਜ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਸਿਆਸੀ ਬਾਜ਼ੀ ਵਿੱਚ ਹਿੰਦੂ ਪੱਤਾ ਖੇਡਦੇ ਹੋਏ ਵਿਹਿਪ ਨੂੰ ਲਕਸ਼ਮਨਨੰਦਾ ਦੇ ਸੰਸਕਾਰ ਮੌਕੇ ਜਲੂਸ ਦੇ ਰੂਪ ਵਿੱਚ ਜਾਣ ਦੀ ਇਜਾਜ਼ਤ ਦੇ ਦਿੱਤੀ। ਬਸ ਇੱਥੋਂ ਹੀ ਸਥਿਤੀ ਨੇ ਆਪਣਾ ਅਸਲੀ ਵਿਸਫ਼ੋਟਕ ਰੂਪ ਧਾਰਿਆ। 24 ਅਗਸਤ ਦੀ ਦੁਪਹਿਰ ਨੂੰ ਜਾਲੇਜ਼ਪਤਾ ਤੋਂ ਲਕਸ਼ਮਨ ਨੰਦਾ ਦੀ ਅਰਥੀ ਇੱਕ ਜਲੂਸ ਦੇ ਰੂਪ ਵਿੱਚ ਨਿੱਕਲੀ ਜਿਸ ਦੇ ਰਾਹ ਵਿੱਚ ਹੋਰ ਵੀ ਲੋਕ ਜੁੜਦੇ ਗਏ ਤੇ ਇਸ ਜਲੂਸ ਨੇ ਇੱਕ ਕੇਸਰੀ ਟਿੱਡੀ ਦਲ ਦਾ ਰੂਪ ਧਾਰ ਲਿਆ ਜੋ ਰਾਹ ਵਿੱਚ ਆਏ ਹਰ ਈਸਾਈ ਨੂੰ ਦਰੜਦਾ ਅਤੇ ਉਸਦੇ ਘਰ-ਪਰਿਵਾਰ ਨੂੰ ਤਬਾਹ ਕਰਦਾ ਹੋਇਆ ਅੱਗੇ ਨਿਕਲਿਆ। ਇਸ ਟਿੱਡੀ ਦਲ ਦਾ ਨਿਸ਼ਾਨਾ ਸਾਫ਼ ਸੀ ‘ਈਸਾਈ ਅਤੇ ਆਪਣੇ ਸਿਆਸੀ ਵਿਰੋਧੀ’। ਵੈਸੇ ਵੀ ਕੇਸਰੀ ਬ੍ਰਿਗੇਡ ਨੇ ਇਹ ਗੱਲ ਕਈ ਵਾਰ ਸਾਫ਼-ਸਾਫ਼ ਕਹੀ ਹੈ ਕਿ ਹਿੰਦੂ ਰਾਜ ਸਥਾਪਿਤ ਕਰਨ ਦੇ ਰਾਹ ਵਿੱਚ ਤਿੰਨ ਹੀ ਰੋੜੇ ਹਨ ‘ਮੁਸਲਮਾਨ, ਈਸਾਈ ਅਤੇ ਕਮਿਊਨਿਸਟ’

ਸਾਡਾ ਦੁੱਖ ਵੰਡਾਇਆ ਨਾ ਜਾਣਾ

ਰਜਨੀ ਮਾਝੀ 19 ਸਾਲਾ ਹਿੰਦੂ ਲੜਕੀ ਸੀ ਜੋ ਕਿ ਬਾਰਗੜ੍ਹ ਜ਼ਿਲ੍ਹੇ ਦੀ ਇੱਕ ਕਾਲਜ ਵਿਦਿਆਰਥਣ ਸੀ, 25 ਅਗਸਤ ਦੀ ਦੁਪਹਿਰ ਸੰਘੀਆਂ ਵੱਲੋਂ ਜ਼ਿੰਦਾ ਜਲਾ ਦਿੱਤੀ ਗਈ। ਉਸਦਾ ਕਸੂਰ ਇਹ ਸੀ ਕਿ ਉਹ ਪਾਦਰੀ ਐਡਵਰਡ ਸਕੁਏਅਰਾ ਦੁਆਰਾ ਚਲਾਏ ਜਾਂਦੇ ਕੋਹੜ ਘਰ ਅਤੇ ਯਤੀਮਖਾਨੇ ਵਿੱਚ ਪਿਛਲੇ ਚਾਰ ਸਾਲਾਂ ਤੋਂ ਕੰਮ ਕਰਦੀ ਆ ਰਹੀ ਸੀ। ਪਾਦਰੀ ਐਡਵਰਡ ਅਨੁਸਾਰ 25 ਅਗਸਤ ਦੀ ਦੁਪਹਿਰ ਕੁੱਝ 20 ਦੇ ਲੱਗਭਗ ਲੋਕ ਉਸਦੀ ਰਿਹਾਇਸ਼ (ਪਦਮਪੁਰ)’ਤੇ ਆ ਧਮਕੇ ਉਸਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਉਸ ਤੋਂ ਬਾਅਦ ਉਸ ਉੱਪਰ ਅਤੇ ਉਸਦੇ ਘਰ ਉੱਪਰ ਕੋਈ ਕੈਮੀਕਲ ਛਿੜਕ ਕੇ ਉਸਨੂੰ ਘਰ ਅੰਦਰ ਬੰਦ ਕਰ ਕੇ ਅੱਗ ਲਾ ਦਿੱਤੀ ਗਈ। ਪਾਦਰੀ ਐਡਵਰਡ ਨੇ ਕਿਸੇ ਤਰ੍ਹਾਂ ਬਾਥਰੂਮ ਵਿੱਚ ਵੜ ਕੇ ਆਪਣੀ ਜਾਨ ਬਚਾਈ। ਪਰ ਇੰਨੇ ਨੂੰ ਉਨ੍ਹਾਂ ਨੂੰ ਬਾਹਰੋਂ ਕਿਸੇ ਦੇ ਚੀਕਣ ਦੀ ਆਵਾਜ਼ ਆ ਰਹੀ ਸੀ। ਇਹ ਆਵਾਜ਼ ਰਜਨੀ ਮਾਝੀ ਦੀ ਸੀ ਜੋ ਕਹਿ ਰਹੀ ਸੀ “ਫਾਦਰ ਉਹ ਮੈਨੂੰ ਜ਼ਿੰਦਾ ਜਲਾ ਰਹੇ ਹਨ”। ਕੁੱਝ ਚਿਰ ਬਾਅਦ ਇਹ ਆਵਾਜ਼ ਹਮੇਸ਼ਾ ਲਈ ਕੇਸਰੀ ਵੇਦੀ ਦੀ ਭੇਟ ਚੜ੍ਹ ਸ਼ਾਂਤ ਹੋ ਗਈ।

ਫਾਦਰ ਥਾਮਸ ਚੇਲਾਨ ਨੇ ਜਦ ਟੀ. ਵੀ. ’ਤੇ ਲਕਸ਼ਮਨਨੰਦਾ ਸਰਸਵਤੀ ਦੇ ਕਤਲ ਦੀ ਖ਼ਬਰ ਸੁਣੀ ਤਾਂ ਉੜੀਸਾ ਸਟੇਟ ਆਰਮਡ ਪੁਲਿਸ ਨੂੰ ਆਪਣੀ ਸੁਰੱਖਿਆ ਲਈ ਸੂਚਿਤ ਕੀਤਾ। ਪਰ ਪੁਲਿਸ ਨੇ ਇਸ ’ਤੇ ਕੋਈ ਖ਼ਾਸ ਕੰਨ ਨਾ ਧਰਿਆ ਤੇ ਕੋਈ ਦੋ-ਚਾਰ ਸਿਪਾਹੀ ਸਿਵਿਲ ਵਰਦੀ ’ਚ ਫਾਦਰ ਥਾਮਸ ਦੇ ਘਰ ਸਾਹਮਣੇ ਖੜ੍ਹੇ ਕਰ ਦਿੱਤੇ। 24 ਅਗਸਤ ਦੁਪਹਿਰ ਬਾਦ 4.30 ਵਜੇ ਦੇ ਲੱਗਭਗ ਇੱਕ ਵੱਡੀ ਭੀੜ ਨੇ ਫਾਦਰ ਦੀ ਰਿਹਾਇਸ਼ ਨੂੰ ਆ ਘੇਰਿਆ। ਫਾਦਰ ਥਾਮਸ ਨੇ ਆਪਣੇ ਕੁੱਝ ਸਾਥੀਆਂ ਨਾਲ਼ ਕਿਸੇ ਤਰ੍ਹਾਂ ਜੰਗਲ ਵਿੱਚ ਦੌੜਕੇ ਆਪਣੀ ਜਾਨ ਬਚਾਈ ਅਤੇ ਸਾਰੀ ਰਾਤ ਜੰਗਲ ਵਿੱਚ ਕੱਟੀ ਪਰ ਅਗਲੇ ਦਿਨ ਦੁਪਹਿਰ ਨੂੰ ਭੀੜ ਨੇ ਉਨ੍ਹਾਂ ਨੂੰ ਫਿਰ ਆ ਘੇਰਿਆ। ਥਾਮਸ ਅਤੇ

ਉਨ੍ਹਾਂ ਦੀ ਸਾਥੀ ਨਨ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਫਿਰ ਉਨ੍ਹਾਂ ਦੇ ਕੱਪੜੇ ਫਾੜੇ ਗਏ ਅਤੇ ਨੌਂਗਾਓਂ ਪਿੰਡ ਵਿੱਚ ਉਨ੍ਹਾਂ ਦੋਹਾਂ ਨੂੰ ਮਿੱਟੀ ਦਾ ਤੇਲ ਪਾ ਕੇ ਅੱਗ ਲਗਾਈ ਗਈ। ਪਰ ਸੀ. ਆਰ. ਪੀ. ਐੱਫ. ਦੇ ਆਉਣ ਨਾਲ਼ ਉਨ੍ਹਾਂ ਦੀ ਜਾਨ ਬਚ ਗਈ। ਫਾਦਰ ਥਾਮਸ ਅਤੇ ਉਨ੍ਹਾਂ ਦੀ ਸਾਥੀ ਨਨ ਨੇ ਮੌਕੇ ਤੇ ਖੜ੍ਹੇ ਪੁਲਿਸ ਦੇ ਜਵਾਨਾਂ ਅੱਗੇ ਕਈ ਵਾਰ ਮਿੰਨਤਾਂ ਤਰਲੇ ਕੀਤੇ ਕਿ ਉਨ੍ਹਾਂ ਦੀ ਜਾਨ ਬਚਾਈ ਜਾਵੇ ਪਰ ਪੁਲਿਸ ਦੇ ਜਵਾਨ ਮੇਲਾ ਵੇਖਣ ਆਏ ਤਮਾਸ਼ਬੀਨਾਂ ਵਾਂਗ ਉੱਥੇ ਖੜ੍ਹੇ ਰਹੇ।

22 ਸਾਲਾ ਮਾਨਸਮਿਤਾ ਦਿਗਲ ਨੂੰ ਆਪਣੀ ਮਾਂ-ਭੈਣ ਅਤੇ ਈਸਾਈ ਗੁਆਂਢੀ ਪਰਿਵਾਰਾਂ ਸਮੇਤ ਚਾਰ ਦਿਨ ਤੇ ਚਾਰ ਰਾਤਾਂ ਜੰਗਲ ਵਿੱਚ ਬਰਸਾਤ ਅਤੇ ਠੰਡ ਨਾਲ਼ ਜੂਝਦੇ ਹੋਏ ਬਿਤਾਣੇ ਪਏ ਜਦ ਉਸਦੇ ਘਰ ਉੱਤੇ ਸੰਘੀਆਂ ਦੇ ਬਿੱਛੂਆਂ ਨੇ ਹਮਲਾ ਬੋਲ ਦਿੱਤਾ। ਕੰਧਾਮਾਲ ਜ਼ਿਲ੍ਹੇ ਦੇ ਹੀ ਰਾਏਕਿਆ ਬਲਾਕ ਥੱਲੇ ਪੈਂਦੇ ਲਿਉਰਿਗਿਆ ਪਿੰਡ ਦੀ ਸੁਸ਼ਮਾ ਦਿਗਲ ਦੇ 50 ਸਾਲਾ ਭਰਾ ਜੈਕਬ ਦਿਗਲ ਨੂੰ ਉਸਦੇ ਸਾਹਮਣੇ ਹੀ ਜ਼ਿੰਦਾ ਜਲਾ ਦਿੱਤਾ ਗਿਆ ਖ਼ੁਦ ਸੁਸ਼ਮਾ ਦਿਗਲ ਚਾਰ ਦਿਨ ਜੰਗਲ ਵਿੱਚ ਬਿਤਾਉਣ ਤੋਂ ਬਾਅਦ ਕਿਸੇ ਤਰ੍ਹਾਂ ਸਰਨਾਰਥੀ ਕੈਂਪ ਵਿੱਚ ਪਹੁੰਚੀ। ਸੁਸ਼ਮਾ ਦੀ ਬੁੱਢੀ ਮਾਂ ਪਿੰਡ ਹੀ ਰਹਿ ਗਈ ਅਤੇ ਸੁਸ਼ਮਾ ਨੂੰ ਅੱਜ ਤੱਕ ਇਹ ਨਹੀਂ ਪਤਾ ਕਿ ਉਸਦੀ ਮਾਂ ਜ਼ਿੰਦਾ ਵੀ ਹੈ ਜਾ ਨਹੀਂ। ਅਜਿਹੇ ਹੋਰ ਕਿੰਨੇ ਫਾਦਰ ਥਾਮਸ, ਰਜਨੀ ਮਾਝੀ ਜਾਂ ਮਾਨਮਤਿ ਉੜੀਸਾ ਵਿੱਚ ਹੋਰ ਬਣੇ ਜੇ ਉਨ੍ਹਾਂ ਦੀ ਗਿਣਤੀ ਕਰਨ ਲੱਗੀਏ ਤਾਂ 'ਲਲਕਾਰ' ਦੇ ਪੰਨੇ ਨਾ-ਕਾਫ਼ੀ ਹਨ।

ਜਿਸ ਰਾਹ ਮੋਦੀ ਚੱਲਿਆ,
ਪਟਨਾਇਕ ਵੀ ਉੱਧਰ ਨੂੰ ਠਿੱਲਿਆ

ਉੜੀਸਾ ਦੇ ਮੁੱਖ ਮੰਤਰੀ ਅਤੇ ਬਿਜੂ ਜਨਤਾ ਦਲ ਦੇ ਆਗੂ ਨਵੀਨ ਪਟਨਾਇਕ ਵੀ ਮੋਦੀ ਦੀ ਰਾਹ ਤੁਰਦੇ ਸਾਫ਼ ਦਿਖਾਈ ਦਿੰਦੇ ਹਨ। ਉੜੀਸਾ ਦੇ ਲੋਕਾਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਾਰਟੀ ਨੂੰ ਵੋਟ ਪਾਏ ਸਨ ਕਿ ਬਦਲੇ ਵਿੱਚ ਉਹ ਰਾਜ ਦਾ ਵਿਕਾਸ ਕਰਨਗੇ ਪਰ ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇਗਾ ਕਿ ਉਹ ਵਿਕਾਸ ਦੀ ਬਜਾਇ ਇਸ ਤਰ੍ਹਾਂ ਵਿਨਾਸ਼ ਦੇ ਰਾਹ 'ਤੇ ਮਦਮਸਤ ਹਾਥੀ ਦੀ ਤਰ੍ਹਾਂ ਚੱਲ ਪੈਣਗੇ। ਜੇਕਰ ਉੜੀਸਾ ਵਿੱਚ ਵਾਪਰੀਆਂ ਸਾਰੀਆਂ ਘਟਨਾਵਾਂ ਨੂੰ ਧਿਆਨ ਨਾਲ਼ ਵਾਚਿਆ ਜਾਵੇ ਤਾਂ ਸਾਫ਼ ਦਿਖਦਾ ਹੈ ਈਸਾਈ ਭਾਈਚਾਰੇ ਦੇ ਸਿਵਿਆਂ ਦੀ ਅੱਗ 'ਤੇ ਭਾਜਪਾ, ਸੰਘ ਪਰਿਵਾਰ ਅਤੇ ਨਵੀਨ ਪਟਨਾਇਕ ਸਮੇਤ ਉਸਦੀ ਪਾਰਟੀ ਬਿਜੂ ਜਨਤਾ ਦਲ ਨੇ ਆਪਣੇ ਸਿਆਸੀ ਰੋਟ ਸੇਕੇ ਹਨ। ਇਸ ਪੂਰੀ ਘਟਨਾ 'ਤੇ ਬਹੁਤ ਸਾਰੇ ਸਵਾਲ ਹਨ ਜੋ ਕਿ ਉਂਗਲੀ ਸਿੱਧੀ ਰਾਜ ਵੱਲ ਹੀ ਉਠਾਉਂਦੇ ਹਨ। ਪਹਿਲਾਂ ਤਾਂ ਇਹੀ ਹੈ ਕਿ ਸਵਾਮੀ ਲਕਸ਼ਮਨਨੰਦਾ ਦੀ ਮੌਤ ਤੋਂ ਤੁਰੰਤ ਬਾਅਦ ਈਸਾਈ ਭਾਈਚਾਰੇ ਦੀ ਸੁਰੱਖਿਆ ਦਾ ਇੰਤਜ਼ਾਮ ਕਿਉਂ ਨਹੀਂ ਕੀਤਾ ਗਿਆ? ਬਹੁਤ ਸਾਰੇ ਈਸਾਈਆਂ ਵੱਲੋਂ ਮੰਗਣ 'ਤੇ ਵੀ ਸੁਰੱਖਿਆ ਨਹੀਂ ਦਿੱਤੀ ਗਈ, ਕਿਉਂ? ਰਾਜ ਦਾ ਖੁਫ਼ੀਆ ਤੰਤਰ ਆਖ਼ਰ ਕਰ ਕੀ ਰਿਹਾ ਸੀ? ਜਦ ਕਤਲ ਦੀ ਰਾਤ ਹੀ ਸਥਿਤੀ ਵਿਸਫੋਟਕ ਬਣ ਗਈ ਸੀ ਤਾਂ ਸੰਘ ਪਰਿਵਾਰ ਨੂੰ ਆਪਣੇ ਸਾਰੇ ਆਗੂਆਂ ਸਮੇਤ ਲਕਸ਼ਮਨਨੰਦਾ ਦਾ ਸੰਸਕਾਰ ਕਰਨ ਲਈ ਰੈਲੀ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ? ਗੁਜਰਾਤ 2002 ਦੀ ਤਰਜ਼ 'ਤੇ ਹੀ ਸਾਰੀ ਰਾਜ ਮਸ਼ੀਨਰੀ ਚੁੱਪ-ਚਾਪ ਤਮਾਸ਼ਾ ਕਿਉਂ ਦੇਖਦੀ ਰਹੀ? ਕਿਸੇ ਵੀ ਸੰਘੀ ਨੂੰ ਜੋ ਸਾਫ਼ ਤੌਰ 'ਤੇ ਲੋਕਾਂ ਨੂੰ ਭੜਕਾ ਕੇ ਹਿੰਸਕ ਘਟਨਾਵਾਂ ਨੂੰ ਅੰਜਾਮ ਦੇ ਰਿਹਾ ਸੀ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ?

ਇਨ੍ਹਾਂ ਸਭ ਸਵਾਲਾਂ ਦਾ ਇੱਕ ਹੀ ਜਵਾਬ ਹੈ ਕਿ ਇਹ ਸਾਰੇ ਦੰਗੇ 'ਹਿੰਦੂ ਸਮਾਜ' ਦੀ 'ਸਹਿਜ ਪ੍ਰਤੀਕਿਰਿਆ' ਨਹੀਂ ਸੀ, ਸਗੋਂ ਇਹ ਗੁਜਰਾਤ ਵਾਂਗ ਹੀ ਈਸਾਈਆਂ ਦਾ ਯੋਜਨਾਬੱਧ ਤਰੀਕੇ ਨਾਲ਼ ਕੀਤਾ ਕਤਲੇਆਮ ਸੀ। ਮੌਕੇ 'ਤੇ ਮੌਜੂਦ ਲੋਕਾਂ ਨੇ ਅਖ਼ਬਾਰਾਂ ਨੂੰ ਸਾਫ਼-ਸਾਫ਼ ਦੱਸਿਆ ਕਿ ਦੰਗਕਾਰੀਆਂ ਦੇ ਹੱਥਾਂ ਵਿੱਚ ਈਸਾਈਆਂ ਦੇ ਘਰਾਂ ਦੀ ਸੂਚੀਆਂ ਮੌਜੂਦ ਸਨ ਤੇ ਉਹ ਆਪਣੇ 'ਸ਼ਿਕਾਰ' ਚੁਣ-ਚੁਣ ਕੇ ਅਤੇ ਲੱਭ-ਲੱਭ ਕੇ ਕਰ ਰਹੇ ਸਨ। ਆਖ਼ਰ ਇੱਕ ਸਵਾਲ ਇਹ ਵੀ ਤਾਂ ਬਣਦਾ ਹੈ ਕਿ ਕਿਵੇਂ ਇੱਕ ਰਾਤ ਵਿੱਚ ਹੀ 'ਹਿੰਦੂ ਸਮਾਜ' ਦੀ 'ਸਹਿਜ ਪ੍ਰਤਿਕਿਰਿਆਂ' ਇੰਨਾ ਵੱਡਾ ਅਤੇ ਜੱਥੇਬੰਦਕ ਰੂਪ ਧਾਰਨ ਕਰ ਗਈ। ਪਰਵੀਨ ਤੋਗੜੀਆ ਵਰਗੇ ਹਿੰਦੂ ਫਿਰਕਾਪ੍ਰਸਤ ਨੇਤਾ ਨੂੰ ਕਿਉਂ ਅਜਿਹੀ ਨਾਜ਼ੁਕ ਸਥਿਤੀ ਵਿੱਚ ਉੜੀਸਾ ਵਿੱਚ ਦਨਦਨਾਉਂਦੇ ਘੁੰਮਣ ਦਿੱਤਾ ਗਿਆ?

ਆਰ. ਐੱਸ. ਐੱਸ. ਦੇ ਸੰਸਦੀ ਦੰਦ ਭਾਜਪਾ ਨੇ ਤਾਂ ਸਰਕਾਰ ਤੋਂ ਹਮਾਇਤ ਵਾਪਸ ਲੈਣ ਤੱਕ ਦੀ ਗੱਲ ਕਹਿ ਦਿੱਤੀ। ਪਰ ਕੀ ਆਪਣੀ ਪਾਰਟੀ ਦੀ ਸਰਕਾਰ ਡਿੱਗਣ ਤੋਂ ਬਚਾਉਣ ਲਈ ਹੀ ਬਿਜੂ ਜਨਤਾ ਦਲ ਨੇ ਜਾਂ ਨਵੀਨ ਪਟਨਾਇਕ ਨੇ ਸੰਘ ਦੀ ਖੁੱਲੀ ਹਮਾਇਤ ਕੀਤੀ? ਨਹੀਂ! ਸਗੋਂ ਉਸਨੇ ਇਸ ਘਿਨੌਣੀ ਕਰਤੂਤ ਵਿੱਚ ਇਸ ਲਈ ਹਿੱਸੇਦਾਰੀ ਕੀਤੀ ਤਾਂ ਕਿ ਉਹ ਅਗਲੀਆਂ ਵੋਟਾਂ ਤੱਕ ਹਿੰਦੂ ਵੋਟ ਬੈਂਕ ਵਿੱਚ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਸਕੇ। ਮੁੱਖ ਮੰਤਰੀ ਨਵੀਨ ਪਟਨਾਇਕ ਖ਼ੁਦ ਚੱਲ ਕੇ ਜਾਲੇਜ਼ਪਤਾ ਆਸ਼ਰਮ (ਲਕਛਮਨਨੰਦਾ ਦੇ ਕਤਲ ਹੋਣ ਦਾ ਸਥਾਨ) ਪਹੁੰਚੇ ਅਤੇ ਦੁੱਖ ਪ੍ਰਗਟ ਕੀਤਾ। ਉੜੀਸਾ ਰਾਜ ਸਰਕਾਰ ਨੇ ਸੰਘ ਪਰਿਵਾਰ ਦੁਆਰਾ ਦਿੱਤੇ ਬੰਦ ਦੇ ਸੱਦੇ ਨੂੰ ਮੌਨ ਹਮਾਇਤ ਦਿੱਤੀ ਤੇ ਉਸ ਦਿਨ ਸਾਰੇ ਸਰਕਾਰੀ ਅਦਾਰੇ ਬੰਦ ਕਰਨ ਦੇ ਹੁਕਮ ਚਾੜ੍ਹ ਦਿੱਤੇ। ਬਿਜੂ ਜਨਤਾ ਦਲ ਦੇ ਵਰਕਰ ਬੰਦ ਨੂੰ ਕਾਮਯਾਬ ਕਰਨ ਲਈ ਭਾਜਪਾ ਵਿੱਚ ਸ਼ਾਮਲ ਹੋ ਗਏ। ਹੋਰ ਪਾਰਟੀਆਂ ਅਤੇ ਜੱਥੇਬੰਦੀਆਂ ਵੱਲੋਂ ਜਦ ਸ਼ਾਂਤੀ ਲਈ ਰੈਲੀ ਅਤੇ ਪ੍ਰੋਗਰਾਮ ਕੀਤੇ ਜਾ ਰਹੇ ਸਨ ਉਦੋਂ ਬਿਜੂ ਜਨਤਾ ਦਲ ਢਿੱਡ 'ਤੇ ਹੱਥ ਧਰ ਸੁੱਤਾ ਪਿਆ ਸੀ। ਨਵੀਨ ਪਟਨਾਇਕ ਦੀ ਸਾਰੀ ਹਮਦਰਦੀ ਵੀ ਸੰਘ ਪਰਿਵਾਰ ਨਾਲ਼ ਹੀ ਦਿੱਖਦੀ ਰਹੀ। ਈਸਾਈਆਂ ਲਈ ਉਨ੍ਹਾਂ ਸਿਰਫ਼ ਇੰਨਾਂ ਕਹਿ ਕੇ ਪੱਲਾ ਝਾੜ ਲਿਆ ਕਿ ਇਹ ਘਟਨਾ 'ਮੰਦਭਾਗੀ' ਸੀ।

ਗੱਲ ਸਿਰਫ਼ ਬਿਜੂ ਜਨਤਾ ਦਲ ਦੀ ਹੀ ਨਹੀਂ ਹੈ ਅਸਲ ਵਿੱਚ ਸੰਸਦੀ ਸੂਰਵਾੜੇ ਵਿੱਚ ਲੱਗਭਗ ਹਰੇਕ ਪਾਰਟੀ ਨੇ ਤੇ ਇੱਥੋਂ ਤੱਕ ਕਿ ਆਪਣੇ-ਆਪ ਨੂੰ ਪ੍ਰਗਤੀਸ਼ੀਲ ਧਰਮ-ਨਿਰਪੱਖ ਦੱਸਣ

ਵਾਲ਼ੀਆਂ ਪਾਰਟੀਆਂ ਤੱਕ ਨੇ ਭਾਜਪਾ ਨਾਲ਼ ਗੱਠਜੋੜ ਕਰਕੇ ਲੋਟਣੀਆਂ ਲਗਾਈਆਂ ਹਨ। ਫਿਰ ਚਾਹੇ ਉਹ ਚੰਦਰਬਾਬੂ ਨਾਇਡੂ ਤੋਂ ਲੈ ਕੇ ਜੈਲਲਿਤਾ ਹੋਵੇ, ਜਨਤਾ ਦਲ ਦੇ ਬਚੇ ਬਾਕੀ ਦੋਨੋਂ ਟੁੱਕੜੇ ਹੋਣ ਜਾਂ ਫਿਰ ਖ਼ੁਦ ਮਹਾਰਾਣੀ ਪ੍ਰਗਤੀਸ਼ੀਲ, ਦਲਿਤ-ਮੁਕਤੀਦਾਤੀ ਕੁਮਾਰੀ ਮਾਇਆਵਤੀ ਹੋਵੇ। ਸਭ ਨੇ ਭਾਜਪਾ ਦੇ ਸਹਿਯੋਗ ਨਾਲ਼ ਸੱਤ੍ਹਾ ਦੇ ਸਵਾਦ ਲਏ ਹਨ। ਇੱਥੋਂ ਤੱਕ ਕੇ ਲੋਕਾਂ ਨੂੰ ਸਮਾਜਵਾਦ ਦੇ ਬੇਸੁਰੇ ਜਾਅਲੀ ਗੀਤ ਗਾ ਕੇ ਭਰਮਾਉਣ ਵਾਲ਼ੇ ਖੱਬੇ ਪੱਖੀ ਤੋਤੇ ਵੀ ਆਪਣੇ ਸਾਰੇ ਇਤਿਹਾਸ ਵਿੱਚ ਹੀ ਫਿਰਕਾਪ੍ਰਸਤੀ ਖਿਲਾਫ਼ ਧਰਮ-ਨਿਰਪੱਖਤਾ ਦੀ ਵਿੰਗੀ ਬੀਨ ਵਜਾਉਣ ਤੋਂ ਸਿਵਾ ਕੁੱਝ ਨਹੀਂ ਕਰਦੇ ਤੇ ਲੋਕ ਸਭਾ ਦੇ ਸੋਨ-ਪਿੰਜਰੇ 'ਚ ਬੈਠ ਪੂੰਜੀ ਦੀਆਂ ਹਰੀਆਂ ਮਿਰਚਾਂ ਖਾਂਦੇ ਹਨ।

ਸੰਘ ਪਰਿਵਾਰ ਦੇ ਮਨਸੂਬੇ

ਸੰਘ ਪਰਿਵਾਰ ਹੋਰ ਕੁੱਝ ਨਹੀਂ, ਬਸ ਕੁੱਝ ਭਿੰਨਤਾਵਾਂ ਦੇ ਬਾਵਜੂਦ ਜਰਮਨੀ ਦੇ ਨਾਜ਼ੀਵਾਦ ਅਤੇ ਇਟਲੀ ਦੇ ਫਾਸੀਵਾਦ ਦਾ ਭਾਰਤੀ ਐਡੀਸ਼ਨ ਹੈ, ਜਿਸ ਤਰ੍ਹਾਂ ਇਨ੍ਹਾਂ ਦੇਸ਼ਾਂ ਵਿੱਚ ਨਸਲ ਦੇ ਸ਼ੁੱਧੀਕਰਨ ਦੇ ਨਾਂ 'ਤੇ ਯਹੂਦੀਆਂ ਦਾ ਬੇਦਰਦੀ ਨਾਲ਼ ਲਹੂ ਵਹਾਇਆ ਗਿਆ ਸੀ, ਉਸੇ ਜੱਥੇਬੰਦਕ ਢੰਗ ਨਾਲ਼ ਸੰਘ ਪਰਿਵਾਰ ਨੇ ਉਹੀ ਪ੍ਰਯੋਗ 2002 ਵਿੱਚ ਗੁਜਰਾਤ ਵਿੱਚ ਪੂਰੇ ਕੀਤੇ, ਇਸ ਤੋਂ ਪਹਿਲਾਂ ਅਯੋਧਿਆ ਵਿੱਚ ਅਤੇ ਹੁਣ ਉੜੀਸਾ ਵਿੱਚ ਈਸਾਈਆਂ ਦਾ ਖ਼ੂਨ ਵਹਾ ਕੇ ਕੀਤੇ ਹਨ।

ਰਾਜਸਥਾਨ ਅਤੇ ਮੱਧ ਪ੍ਰਦੇਸ਼ ਵੀ ਆਰ. ਐਸ. ਐਸ. ਦੀਆਂ ਉੜੀਸਾ ਜਿਹੀਆਂ ਹੀ ਪ੍ਰਯੋਗਸ਼ਾਲਾਵਾਂ ਹਨ ਜਿੱਥੇ ਕਿ ਉਹ ਆਪਣੇ ਅਗਲੇ ਖ਼ਤਰਨਾਕ ਮਨਸੂਬਿਆਂ ਨੂੰ ਅੰਜਾਮ ਦੇ ਰਿਹਾ ਹੈ। ਗੁਜਰਾਤ ਦੇ ਛਾੜਾ ਕਬੀਲੇ, ਉੜੀਸਾ ਵਿਚਲੀਆਂ ਕਈ ਥਾਵਾਂ ਵਾਂਗ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿੱਚ ਵੀ ਸੰਘ ਆਪਣੇ ਅਖੌਤੀ 'ਰਚਨਾਤਮਕ ਕੰਮ' ਕਰਦੇ ਹੋਏ 'ਹਿੰਦੂਤਵ ਦੀ ਚੇਤਨਾ' ਜਗਾ ਰਿਹਾ ਹੈ ਅਤੇ 'ਅਧਰਮੀਆਂ' ਦੇ ਕਤਲੇਆਮ ਲਈ ਤਿਆਰ ਵੀ ਕਰ ਰਿਹਾ ਹੈ। ਪਿਛਲੇ ਕੁੱਝ ਮਹੀਨਿਆ ਵਿੱਚ ਇਨ੍ਹਾਂ ਰਾਜਾਂ ਵਿੱਚ ਅਜਿਹੀਆਂ ਕਈ ਵਾਰਦਾਤਾਂ ਵੀ ਸਾਹਮਣੇ ਆਈਆ ਹਨ। ਇਨ੍ਹਾਂ 'ਰਚਨਾਤਮਕ ਕੰਮਾਂ' ਵਿੱਚ 'ਕੁੰਭ ਮੇਲੇ' ਵਰਗੇ ਧਾਰਮਿਕ ਪਖੰਡ ਰਚੇ ਜਾਂਦੇ ਹਨ ਅਤੇ ਆਮ ਹਿੰਦੂ ਦੇ ਮਨ ਵਿੱਚ ਮੱਧਯੁੱਗੀ ਧਾਰਮਿਕ ਕੱਟੜਤਾ ਦੇ ਬੀਜ ਬੀਜੇ ਜਾਂਦੇ ਹਨ।

ਅਲਾਹਾਬਾਦ ਵਿੱਚ 18-19 ਫਰਵਰੀ 2006 ਨੂੰ ਹੋਈ ਧਰਮ-ਸੰਸਦ ਵਿੱਚ 13-ਨੁਕਾਤੀ 'ਹਿੰਦੂ ਚਾਰਟਰ' ਵੀ ਪਾਸ ਕੀਤਾ ਗਿਆ। ਚਾਰਟਰ ਵਿੱਚ ਗੰਗਾ ਦੇ ਸ਼ੁੱਧੀਕਰਨ, ਗਾਂ ਦੇ ਕਤਲ 'ਤੇ ਪਾਬੰਦੀ ਦੇ ਨਾਲ਼ ਹੀ ਆਪਣਾ ਅਸਲੀ ਕੰਮ 'ਹਿੰਦੂ ਵੋਟ ਬੈਂਕ' ਵਧਾਉਣ ਲਈ ਵੀ ਤਜਵੀਜ਼ਾਂ ਹਨ। ਚਾਰਟਰ ਵਿੱਚ ਸਾਫ਼ ਲਿਖਿਆ ਹੈ "ਸਾਰੀਆਂ ਸਿਆਸੀ ਪਾਰਟੀਆਂ ਉੱਤੇ ਦਬਾਅ ਪਾਉਣ ਲਈ ਹਿੰਦੂ ਵੋਟ ਬੈਂਕ ਨੂੰ ਹੋਰ ਜ਼ਿਆਦਾ ਵਿਕਸਤ ਕਰਨਾ ਤਾਂ ਕਿ ਹਿੰਦੂਆਂ ਦੀਆਂ ਮੰਗਾਂ ਧਿਆਨ ਹੇਠ ਆਉਣ" ਅਸੀਂ ਸਭ ਜਾਣਦੇ ਹਾਂ ਕਿ ਸੰਘ ਪਰਿਵਾਰ ਲਈ ਹਿੰਦੂਆਂ ਦੀ ਗਿਣਤੀ ਵਧਾਉਣ ਦਾ ਇੱਕੋਂ ਤਰੀਕਾ ਹੈ ਤੇ ਉਹ ਹੈ ਹੋਰਨਾਂ ਧਰਮਾਂ ਦੇ ਲੋਕਾਂ ਦੀ ਗਿਣਤੀ ਘਟਾਈ ਜਾਵੇਂ। ਪਰ ਅਸਲ ਵਿੱਚ ਸੰਘ ਦਾ ਆਮ ਹਿੰਦੂ ਨਾਲ਼ ਕੋਈ ਦੂਰ ਦਾ ਵੀ ਲੈਣ-ਦੇਣ ਨਹੀਂ ਹੈ। ਇਹ ਸੰਘ ਪਰਿਵਾਰ ਹਿਟਲਰ, ਮੁਸੋਲਿਨੀ ਦਾ ਚੇਲਾ ਹੈ ਤੇ ਪੂੰਜੀ ਦੇ ਤਲ਼ੇ ਚੱਟਣੇ ਹੀ ਇਸਦੀ ਔਕਾਤ ਹੈ। ਗੁਜਰਾਤ ਦੰਗਿਆਂ ਤੋਂ ਬਾਅਦ ਜਿਸ ਤਰ੍ਹਾਂ ਸਾਰੀਆਂ ਲੋਕ-ਵਿਰੋਧੀ ਆਰਥਿਕ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ ਉਹ ਸਾਫ਼ ਦੱਸਦੀਆਂ ਹਨ ਸੰਘ ਪਰਿਵਾਰ ਦਾ ਅਸਲੀ ਧਰਮ ਕੀ ਹੈ। ਪੂੰਜੀਵਾਦ ਨੂੰ ਹਮੇਸ਼ਾ ਹੀ ਅਜਿਹੇ ਪਾਲਤੂ ਜਾਨਵਰ ਦੀ ਲੋੜ ਹੁੰਦੀ ਹੈ ਜੋ ਲੋਕਾਂ ਨੂੰ ਲਗਾਤਾਰ ਡਰਾਉਂਦਾ ਰਹੇ ਅਤੇ ਇਸ ਜਾਨਵਰ ਦੀ ਢੋਈ ਵਿੱਚ ਪੂੰਜੀਵਾਦ ਆਪਣੀਆਂ ਨੀਤੀਆਂ ਨਿਧੱੜਕ ਹੋ ਕੇ ਲਾਗੂ ਕਰ ਸਕੇ। ਨਾਲ਼ ਹੀ ਪੂੰਜੀਵਾਦ ਇਹ ਵੀ ਚਾਹੁੰਦਾ ਹੈ ਕਿ ਇਹ ਜਾਨਵਰ ਇੱਕ ਹੱਦ ਤੱਕ ਹੀ ਰਹੇ ਤੇ ਇਸਦੀ ਸੰਗਲ਼ੀ ਉਸਦੇ ਹੀ ਹੱਥ ਰਹੇ ਪਰ ਇਹ ਜਾਨਵਰ ਅਕਸਰ ਆਪਣਾ ਪਟਾ ਤੁੜਵਾ ਲੈਂਦਾ ਹੈ ਕਿਉਂਕਿ ਮਾਲਕ ਦਾ ਵਫ਼ਾਦਾਰ ਹੋਣ ਦੇ ਨਾਲ਼-ਨਾਲ਼ ਹੀ ਇਸ ਜਾਨਵਰ ਦੀਆਂ ਆਪਣੀਆਂ ਕੁੱਝ ਵਹਿਸ਼ੀ ਖਾਹਿਸ਼ਾਂ ਵੀ ਹਨ। ਸੰਘ ਪਰਿਵਾਰ ਵੀ ਪੂੰਜੀਵਾਦ ਦੇ ਹੱਥ ਵਿੱਚ ਅਜਿਹਾ ਹੀ ਜਾਨਵਰ ਹੈ ਜਿਸਨੂੰ ਉਹ ਆਪਣੀ ਨੀਤੀਆਂ ਲਾਗੂ ਕਰਵਾਉਣ ਲਈ ਆਮ ਲੋਕਾਂ ਨੂੰ ਅਤੇ ਖ਼ਾਸ ਕਰ ਮਜ਼ਦੂਰ ਜਮਾਤ ਲਹਿਰ ਨੂੰ ਧਮਕਾਉਣ ਲਈ ਵਰਤਦਾ ਹੈ।

ਸਾਨੂੰ ਵੀ ਇਸ ਵਰਤਾਰੇ ਨੂੰ ਸਹੀ ਢੰਗ ਨਾਲ਼ ਸਮਝਣਾ ਚਾਹੀਦਾ ਹੈ। ਆਮ ਪ੍ਰਗਤੀਸ਼ੀਲ ਬੁੱਧੀਜੀਵੀਆਂ, ਐਨ. ਜੀ. ਓ. ਆਦਿ ਵਾਂਗ ਦਿੱਲੀ ਵਿੱਚ ਅਜਿਹੀਆਂ ਘਟਨਾਵਾਂ ਵਿਰੁੱਧ ਜੰਤਰ-ਮੰਤਰ ਤੱਕ ਮੋਮਬੱਤੀ ਮਾਰਚ ਕਰਨ ਨਾਲ਼ ਕੁੱਝ ਨਹੀਂ ਬਣਨ ਵਾਲ਼ਾ। ਇਹ ਸਭ ਬਸ ਮੱਝ ਅੱਗੇ ਬੀਨ ਵਜਾਉਣ ਤੋਂ ਵੱਧ ਕੇ ਕੁੱਝ ਵੀ ਨਹੀਂ। ਇਸ ਕੇਸਰੀਆ ਟਿੱਡੀ ਦਲ ਨੂੰ ਖਦੇੜਨ ਲਈ 'ਜਿਓ ਔਰ ਜੀਨੇ ਦੋ' ਦੇ ਜੰਗ-ਖਾਧੇ ਪੀਪੇ ਖੜਕਾਉਣ ਨਾਲ਼ ਵੀ ਕੁੱਝ ਨਹੀਂ ਸੰਵਰਨ ਵਾਲ਼ਾ। ਇਸਦਾ ਹੱਲ ਸਿਰਫ਼ ਜਮਾਤੀ ਏਕਤਾ ਅਤੇ ਪੂੰਜੀ ਦੀ ਸੱਤ੍ਹਾ ਵਿਰੁੱਧ ਜੁਝਾਰੂ ਸੰਘਰਸ਼ ਹੀ ਹੈ। ਕਿਉਂਕਿ ਫਿਰਕਾਪ੍ਰਸਤੀ ਤਾਂ ਸਿਰਫ ਬਿਮਾਰੀ ਦਾ ਇੱਕ ਲੱਛਣ ਹੈ, ਅਸਲ ਵਿੱਚ ਬਿਮਾਰੀ ਤਾਂ ਪੂੰਜੀਵਾਦ ਹੈ। ਫਿਰਕਾਪ੍ਰਸਤੀ ਤਾਂ ਪੂੰਜੀਵਾਦ ਦੇ ਹੱਥ ਵਿੱਚ ਹਥਿਆਰ ਹੈ ਆਪਣੇ ਬਚਾਅ ਦਾ ਅਤੇ ਮਨਸੂਬੇ ਕਾਮਯਾਬ ਕਰਨ ਦਾ, ਭਾਜਪਾ ਦੀ ਕੇਂਦਰ ਵਿੱਚ ਸਰਕਾਰ ਮੌਕੇ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਸੰਘ ਅਤੇ ਭਾਜਪਾ ਦਾ ਪੂੰਜੀ ਪਿਆਰ ਡੁੱਲ-ਡੁੱਲ ਪੈਂਦਾ ਸੀ। ਉਸ ਵਕਤ ਕਿਸੇ ਨੂੰ 'ਈਸਾਈ-ਕਸਾਈ' ਯਾਦ ਨਹੀਂ ਆਇਆ ਸਾਰਾ ਸੰਘੀ ਟੋਲਾ ਅਮਰੀਕੀ ਰਾਸ਼ਟਰਪਤੀ ਦੇ ਇਰਦ-ਗਿਰਦ ਮੰਡਰਾਉਂਦਾ ਦਿਖਾਈ ਦਿੱਤਾ। ਇਹੀ ਹੈ ਇਸ ਫਿਰਕਾਪ੍ਰਸਤੀ ਦਾ ਅਸਲੀ ਚਿਹਰਾ ਅਤੇ ਇਸ ਨੂੰ ਪਛਾਨਣ ਅਤੇ ਭੰਨਣ ਦੀ ਲੋੜ ਹੈ।

ਹਿੰਦੁਸਤਾਨ ਦਾ ਭਵਿੱਖ ਬੜਾ ਕਾਲਾ ਨਜ਼ਰ ਆਉਂਦਾ ਹੈ। ਇਨ੍ਹਾਂ 'ਧਰਮਾਂ' ਨੇ ਭਾਰਤ-ਵਰਸ਼ ਦਾ ਬੇੜਾ ਗਰਕ ਕਰ ਛੱਡਿਆ ਹੈ ਅਤੇ ਅਸਾਂ ਵੇਖਿਆ ਹੈ ਕਿ ਇਸ ਅੰਧ-ਵਿਸ਼ਵਾਸੀ ਵਹਿਣ ਵਿੱਚ ਸਭ ਵਹਿ ਜਾਂਦੇ ਹਨ। ...ਲੋਕਾਂ ਨੂੰ ਆਪਸ 'ਚ ਲੜਨ ਤੋਂ ਰੋਕਣ ਲਈ ਜਮਾਤੀ ਚੇਤਨਾ ਦੀ ਲੋੜ ਹੈ...ਅਸਲੀ ਦੁਸ਼ਮਣ ਸਰਮਾਏਦਾਰ ਹਨ।

—ਸ਼ਹੀਦ ਭਗਤ ਸਿੰਘ

ਪਰਮਾਣੂ ਸਮਝੌਤਾ

—ਆਸ਼ੀਸ਼

1. ਸਮਝੌਤੇ ਰਾਹੀਂ ਮਨਮੋਹਨ 'ਤੇ ਹਮਲਾ

5 ਸਤੰਬਰ, 08, ਦੈਨਿਕ ਭਾਸਕਰ

2. ਭਾਰਤ ਦਾ ਸਾਲ ਤੋਂ ਚੱਲਦਾ ਆ ਰਿਹਾ ਪਰਮਾਣੂ ਬਣਵਾਸ ਸ਼ਨੀਵਾਰ ਨੂੰ ਖ਼ਤਮ ਹੋ ਗਿਆ। ਨਿਊਕਲੀਅਰ ਸਪਲਾਇਰ ਗਰੁੱਪ (ਐਨ. ਐੱਸ. ਜੀ.) ਨੇ ਭਾਰਤ 'ਤੇ ਲਗਾਈਆਂ ਰੋਕਾਂ ਨੂੰ ਹਟਾ ਲਿਆ ਅਤੇ ਸਰਵ ਸੰਮਤੀ ਨਾਲ਼ ਉਸਨੂੰ ਪਰਮਾਣੂ ਵਪਾਰ ਦੀ ਮਨਜ਼ੂਰੀ ਦੇ ਦਿੱਤੀ।

8 ਸਤੰਬਰ 08, ਆਜ ਸਮਾਜ

3. ਐਟਮੀ ਊਰਜਾ ਕਮਿਸ਼ਨ ਦੇ ਸਾਬਕਾ ਪ੍ਰਧਾਨ ਪੀ.ਕੇ. ਆਇੰਗਰ ਨੇ ਕਿਹਾ ਹੈ ਕਿ ਐੱਨ. ਐੱਸ. ਜੀ. ਵਿੱਚ ਭਾਰਤ ਨੂੰ ਐਟਮੀ ਸਮੱਗਰੀ ਦੇ ਕਾਰੋਬਾਰ ਲਈ ਛੋਟ ਭਾਰਤ ਨਾਲ਼ੋਂ ਵੱਧ ਅਮਰੀਕਾ ਦੀ ਜਿੱਤ ਹੈ।

8 ਸਤੰਬਰ 08, ਜਨ ਸੱਤ੍ਹਾ

4. ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਸੈਨੇਟ ਦੀ ਵਿਦੇਸ਼ ਮਾਮਲਿਆਂ ਦੀ ਕਮੇਟੀ ਦੇ ਸਾਹਮਣੇ ਦੱਸਿਆ ਕਿ ਸਾਲ 2012, ਤੱਕ ਭਾਰਤ ਨੂੰ ਇੱਕ ਹਜ਼ਾਰ ਮੈਗਾਵਾਟ ਦੀ ਸਮਰੱਥਾ ਵਾਲ਼ੇ ਪਰਮਾਣੂ ਰਿਐਕਟਰਾਂ ਦਾ ਆਯਾਤ ਕਰਨਾ ਹੈ। ਜੇਕਰ ਅਮਰੀਕਾ ਨੂੰ ਦੋ ਰਿਐਕਟਰਾਂ ਦਾ ਵੀ ਠੇਕਾ ਮਿਲ਼ ਜਾਂਦਾ ਹੈ ਤਾਂ ਇਸ ਨਾਲ਼ ਅਮਰੀਕਾ ਵਿੱਚ ਤਿੰਨ ਤੋਂ ਪੰਜ ਹਜ਼ਾਰ ਨਵੀਂਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਅਸਿੱਧੇ ਰੂਪ ਵਿੱਚ ਘੱਟੋ-ਘੱਟ 15 ਹਜ਼ਾਰ ਲੋਕਾਂ ਨੂੰ ਰੁਜ਼ਗਾਰ ਮਿਲੇਗਾ।

4 ਸਤੰਬਰ,08, ਦੈਨਿਕ ਭਾਸਕਰ

5. ਵਿਗਿਆਨ ਅਤੇ ਟੈਕਨੋਲੌਜੀ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਪਰਮਾਣੂ ਵਪਾਰ ਦੇ ਖੇਤਰ ਵਿੱਚ ਨਿੱਜੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਪਰਮਾਣੂ ਊਰਜਾ ਆਰਡੀਨੈਂਸ ਵਿੱਚ ਕਿਸੇ ਵੀ ਸੋਧ ਦੀ ਲੋੜ ਹੋਵੇਗੀ ਤਾਂ ਕੀਤੀ ਜਾਵੇਗੀ। ਗੌਰਤਲਬ ਹੈ ਕਿ ਭਾਰਤੀ ਪਰਮਾਣੂ ਊਰਜਾ ਆਰਡੀਨੈਂਸ ਅਨੁਸਾਰ ਕਿਸੇ ਵੀ ਪ੍ਰਾਈਵੇਟ ਕੰਪਨੀ ਨੂੰ ਪਰਮਾਣੂ ਵਪਾਰ ਕਰਨ ਦੀ ਆਗਿਆ ਨਹੀਂ ਸੀ।

10 ਸਤੰਬਰ, 08, ਆਜ ਸਮਾਜ

ਅਖਬਾਰਾਂ ਵਿੱਚ ਛਪੀਆਂ ਇਹ ਟਿੱਪਣੀਆਂ ਭਾਰਤ-ਅਮਰੀਕਾ ਪਰਮਾਣੂ ਸਮਝੌਤੇ ਸਬੰਧੀ ਹਨ। ਜਿਹੜੀਆਂ ਇਨ੍ਹਾਂ ਦਿਨਾਂ ਵਿੱਚ ਕਾਫ਼ੀ ਚਰਚਾ ਵਿੱਚ ਹਨ। ਸਮਝੌਤੇ ਪੱਖੀ ਪਾਰਟੀਆਂ ਅਤੇ ਸਰਕਾਰੀ ਵਿਦਵਾਨਾਂ ਦੀ ਸੁਣੀਏ ਤਾਂ ਮੌਜੂਦਾ ਸੰਸਾਰ ਹਾਲਤਾਂ ਵਿੱਚ ਹੋ ਰਿਹਾ ਸਮਝੌਤਾ ਦੇਸ਼ ਦੇ ਹਿੱਤ ਲਈ ਹੈ। ਜੇਕਰ ਅਸੀਂ ਅਜਿਹੇ ਮੌਕੇ 'ਤੇ ਪਛੜ ਗਏ ਤਾਂ ਦੁਨੀਆਂ ਦੀ ਦੌੜ ਵਿੱਚ ਪਛੜ ਜਾਵਾਂਗੇ। ਮੀਡੀਆ ਵਿੱਚ ਬਹਿਸ ਦਾ ਬਜ਼ਾਰ ਗਰਮ ਹੈ। ਸੰਸਦੀ ਖੱਬੇ ਪੱਖੀਆਂ ਦੀ ਜ਼ੁਬਾਨ ਵਿੱਚ ਇਹ ਦੇਸ਼ ਦੀ ਖੁਦਮੁਖਤਿਆਰੀ ਨਾਲ਼ ਸਮਝੌਤਾ ਹੈ। ਦੇਸ਼ ਅਮਰੀਕੀ ਸਾਮਰਾਜਵਾਦੀਆਂ ਦਾ ਪਿੱਛਲੱਗੂ ਬਣ ਕੇ ਰਹਿ ਜਾਵੇਗਾ। ਭਾਜਪਾ ਅੰਨ੍ਹੀ ਕੌਮਪ੍ਰਸਤੀ ਦੀ ਜ਼ਮੀਨ 'ਤੇ ਖੜੀ ਹੋ ਕੇ ਖੂਬ 'ਬੰਬ-ਬੰਬ' ਕਰਕੇ ਸ਼ੇਖ਼ੀ ਬਚਨ ਉਚਾਰਦੇ ਹੋਏ ਟਹਿਲ ਰਹੀ ਹੈ ਕਿ ਇਸ ਸਮਝੌਤੇ ਨਾਲ਼ ਨਵੇਂ ਪਰਮਾਣੂ ਪਰੀਖਣਾਂ 'ਤੇ ਰੋਕ ਲੱਗ ਜਾਵੇਗੀ। ਆਦਿ-ਆਦਿ ਸਾਰੀਆਂ ਗੱਲਾਂ ਹਨ। ਸਭ ਦੇਸ਼ ਦੇ ਹਿੱਤ ਦਾ ਰਾਗ ਅਲਾਪ ਰਹੇ ਹਨ। ਇਹ ਵੱਖਰੀ ਗੱਲ ਹੈ, ਕਿ ਇਹਨਾਂ ਦੇ 'ਦੇਸ਼ਹਿੱਤ' ਦੇ 'ਰਾਗ' ਵਿੱਚ ਮਹਿੰਗਾਈ, ਗਰੀਬੀ, ਭੁੱਖਮਰੀ ਅਤੇ ਬੇਰੁਜ਼ਗਾਰੀ ਵਰਗੇ ਸਵਾਲ ਗਾਇਬ ਹਨ।

ਅਜਿਹੇ ਸਮੇਂ 'ਤੇ ਚੰਦ ਇੱਕ ਸਵਾਲ ਪੈਦਾ ਹੁੰਦੇ ਹਨ। ਕੀ ਭਾਰਤ ਦੀ ਸਰਮਾਏਦਾਰ ਜਮਾਤ ਸੱਚ-ਮੁੱਚ ਆਪਣੀ ਖੁਦਮੁਖਤਿਆਰੀ ਗਹਿਣੇ ਰੱਖ ਰਹੀ ਹੈ! ਉਹ ਅਮਰੀਕਾ ਦੀ ਪੂਛ ਬਣਨ ਜਾ ਰਹੀ ਹੈ ਜਾਂ ਉਹ "ਮੌਜੂਦਾ ਹਾਲਤਾਂ" ਦਾ ਬੇਹਤਰ ਇਸਤੇਮਾਲ ਕਰਨ ਲਈ ਯਤਨ ਕਰ ਰਹੀ ਹੈ। ਕਿਸ ਕੀਮਤ 'ਤੇ! ਇਸ ਸਮਝੌਤੇ ਨਾਲ਼ ਅਸਲ ਵਿੱਚ ਕਿਸ ਦੇ ਹਿੱਤ ਸਧ ਰਹੇ ਹਨ।

ਜਿੱਥੋਂ ਤੱਕ ਇਸ ਸਮਝੌਤੇ ਦੀ ਗੱਲ ਹੈ ਉਸਦੀ ਸ਼ੁਰੂਆਤ ਜੁਲਾਈ 2005 ਵਿੱਚ ਬੁਸ਼-ਮਨਮੋਹਣ ਦੇ ਸਾਂਝੇ ਬਿਆਨ ਨਾਲ਼ ਹੁੰਦੀ ਹੈ। ਜਿਸਦਾ ਤਰਕਸ਼ੀਲ ਸਿੱਟਾ ਅਮਰੀਕੀ ਊਰਜਾ ਆਰਡੀਨੈਂਸ ਦੀ ਧਾਰਾ 1,2,3 ਦੇ ਪੂਰੇ ਹੋਣ ਤੱਕ ਪਹੁੰਚਦਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦਾ ਅਣੂ ਊਰਜਾ ਕਾਨੂੰਨ ਅਜਿਹੇ ਕਿਸੇ ਦੇਸ਼ ਨੂੰ ਪਰਮਾਣੂ ਸਹਿਯੋਗ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਜਿਹੜੇ ਦੇਸ਼ ਨੇ ਪ੍ਰਮਾਣੂ ਅਪ੍ਰਸਾਰ ਸੰਧੀ 'ਤੇ ਦਸਤਖਤ ਨਾ ਕੀਤੇ ਹੋਣ। ਪਰ ਧਾਰਾ 1,2,3 ਦੀ ਵਰਤੋਂ ਕਰਦੇ ਹੋਏ ਰਾਸ਼ਟਰਪਤੀ ਬੁਸ਼ ਨੇ ਦਸੰਬਰ 2006 ਵਿੱਚ ਇੱਕ ('ਹਾਈਟਏਕਟ' ਹੇਨਰੀ ਜੇ. ਰਾਇਟ) ਅਮਰੀਕਾ ਭਾਰਤ ਸ਼ਾਂਤੀਪੂਰਣ ਪਰਮਾਣੂ ਊਰਜਾ ਕਾਨੂੰਨ 2006 ਬਣਾਇਆ। ਇਸ ਅਨੁਸਾਰ ਅਮਰੀਕਾ ਨੇ ਭਾਰਤ ਨੂੰ ਭਰੋਸਾ ਦਿਵਾਇਆ ਕਿ ਉਹ ਜੇਕਰ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ (ਆਈ. ਏ. ਈ. ਏ) ਸੁਰੱਖਿਆ ਪੈਮਾਨੇ ਦੀ ਮੋਹਰ ਲਗਵਾਉਂਦਾ ਹੈ-ਜਿਹੜੀ ਕਿ ਲੱਗ ਚੁੱਕੀ ਹੈ। 35 ਵਿੱਚੋਂ 25 ਮੈਂਬਰ ਦੇਸ਼ਾਂ ਨੇ ਭਾਰਤ ਦੀ ਪੈਰਵੀ ਕੀਤੀ—ਤਾਂ ਉਹ ਐੱਨ. ਐੱਸ. ਜੀ. ਵਿੱਚ ਭਾਰਤ ਦੇ ਪੱਖ ਨੂੰ ਮਜ਼ਬੂਤੀ ਨਾਲ਼ ਰੱਖੇਗਾ। ਇਹੀ ਨਹੀਂ ਉਹ ਸੀ. ਟੀ. ਬੀ. ਟੀ. (ਵਿਆਪਕ ਪਰਮਾਣੂ ਪਰੀਖਣ ਰੋਕੂ ਸੰਧੀ) ਤੇ ਐੱਨ.ਪੀ.ਟੀ. (ਪ੍ਰਮਾਣੂ ਅਪ੍ਰਸਾਰ ਸੰਧੀ) 'ਤੇ ਦਸਤਖ਼ਤ ਕੀਤੇ ਬਿਨਾਂ ਏਨ. ਐੱਸ. ਜੀ. ਦੇ ਦੇਸ਼ਾਂ ਨੂੰ ਮਨਾ ਲਵੇਗਾ। ਉਸਦੇ ਬਾਅਦ ਕੌਮਾਂਤਰੀ ਨਿਊਕਲੀਅਰ ਬਜ਼ਾਰ ਦੇ ਦਰਵਾਜ਼ੇ ਭਾਰਤ

ਲਈ ਖੁੱਲ੍ਹ ਜਾਣਗੇ। ਦੂਜੇ ਪਾਸੇ ਇਸ ਸਮਝੌਤੇ ਨਾਲ਼ ਅਮਰੀਕਾ ਨੂੰ ਭਾਰਤ ਦੇ ਗ਼ੈਰ-ਫ਼ੌਜੀ ਪਰਮਾਣੂ ਟਿਕਾਣਿਆਂ ਦੇ ਨਿਰੀਖਣ ਦੀ ਇਜਾਜ਼ਤ ਮਿਲ਼ ਜਾਵੇਗੀ।

ਅੱਗੇ ਵੱਧਣ ਤੋਂ ਪਹਿਲਾਂ ਇਹ ਸਪੱਸ਼ਟ ਕਰ ਦੇਈਏ ਕਿ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਦੀ ਹਰੀ ਝੰਡੀ ਹੋਣ ਦੇ ਬਾਅਦ ਸਮਝੌਤੇ ਦੀ ਗੱਡੀ ਐੱਨ. ਐੱਸ. ਜੀ. ਕੇ ਦੇਸ਼ਾਂ ਕੋਲ਼ ਆ ਕੇ ਹਫ਼ਤਿਆਂ ਤੱਕ ਅਟਕੀ ਰਹੀ। ਹੁਣ ਬੱਦਲ਼ ਹੱਟ ਗਏ ਹਨ। ਅੰਤ ਵਿੱਚ ਇੱਥੋਂ ਵੀ ਹਰੀ ਝੰਡੀ ਮਿਲ਼ ਗਈ ਹੈ। ਹੁਣ ਕਰਾਰ ਕਿਸੇ ਵੀ ਤਰ੍ਹਾਂ ਦੇ ਬੰਧੇਜ ਤੋਂ ਮੁਕਤ ਹੈ।ਐਨ.ਐੱਸ.ਜੀ.ਦੇ ਕੁੱਝ ਦੇਸ਼ (ਨਿਊਜ਼ੀਲੈਂਡ, ਸਵਿਟਜ਼ਰਲੈਂਡ, ਆਸਟਰੀਆ, ਨਾਰਵੇ ਆਦਿ) ਇਸ ਸਮਝੌਤੇ ਨੂੰ ਲੈ ਕੇ ਅਸਮਹਿਮਤ ਸਨ।ਉਹ ਅਮਰੀਕਾ ਰਾਹੀਂ ਭਾਰਤ ਨੂੰ ਦਿੱਤੀ ਜਾ ਰਹੀ ਵਿਸ਼ੇਸ਼ ਛੋਟ 'ਤੇ ਸਵਾਲ ਖੜਾ ਕਰ ਰਹੇ ਸਨ। ਉਹਨਾਂ ਦਾ ਕਹਿਣਾ ਸੀ ਕਿ ਅਮਰੀਕਾ ਭਾਰਤ ਨਾਲ਼ ਐਨ. ਪੀ. ਟੀ. ਨੂੰ ਲਾਂਭੇ ਕਰਕੇ ਸਮਝੌਤਾ ਕਿਉਂ ਕਰ ਰਿਹਾ ਹੈ।ਅਜਿਹੇ ਮੌਕੇ 'ਤੇ ਅਮਰੀਕਾ ਨੇ ਵਾਇਦੇ ਮੁਤਾਬਿਕ ਭਾਰਤ ਦਾ ਪੁਰਜ਼ੋਰ ਸਮਰਥਨ ਕੀਤਾ।ਆਪਣੇ ਜੂਨੀਅਰ ਪਾਰਟਨਰ ਦਾ ਪੂਰਾ ਖਿਆਲ ਰੱਖਿਆ। ਆਪਣੇ ਕੂਟਨੀਤਕ ਯਤਨਾਂ ਜ਼ਰੀਏ ਅਸਹਿਮਤ ਦੇਸ਼ਾਂ ਨੂੰ ਮਨਾ ਹੀ ਲਿਆ। ਇਹ ਮੰਨ ਲੈਣ ਦੇ ਕਾਫ਼ੀ ਕਾਰਨ ਹਨ ਜਿਹੜੇ ਹਨ-ਅਮਰੀਕਾ ਨਾਲ਼ ਬਹੁਤ ਸਾਰੇ ਦੇਸ਼ਾਂ ਦੇ ਹਿੱਤ ਨੱਥੀ ਹਨ। ਐੱਨ. ਐੱਸ. ਜੀ. ਜਿਹੜਾ ਕਿ ਨਾ ਦਾ ਹੀ 'ਸਪਲਾਇਰ ਗਰੁੱਪ' ਹੈ ਅਤੇ ਇਸਦਾ ਉਦੇਸ਼ ਵਪਾਰ ਹੈ। ਉਸਨੂੰ ਪਤਾ ਹੈ ਕਿ ਭਾਰਤ ਦੁਨੀਆਂ ਦਾ ਕਿੰਨਾ ਵੱਡਾ ਅਰਥ-ਚਾਰਾ ਬਣ ਚੁੱਕਿਆ ਹੈ। ਉਸਨੂੰ ਇਹ ਵੀ ਪਤਾ ਹੈ ਕਿ ਇੱਕ ਅਰਬ ਵੀਹ ਕਰੋੜ ਦੀ ਅਬਾਦੀ ਵਾਲ਼ਾ ਦੇਸ਼ ਉਹਨਾਂ ਦੇ ਯੂਰੇਨੀਅਮ ਦਾ ਕਿੰਨਾ ਵੱਡਾ ਖਰੀਦਦਾਰ ਬਣਨ ਵਾਲ਼ਾ ਹੈ।ਅਜਿਹੇ ਵਿੱਚ ਪਿਛਲੇ ਦਿਨੀਂ ਸਮਝੌਤੇ ਸਬੰਧੀ ਐਨ. ਐੱਸ. ਜੀ. ਦੇਸ਼ਾਂ ਦੀਆਂ ਮੀਟਿੰਗਾਂ ਵਿੱਚ ਚੱਲ ਰਹੀ ਧੂਹ-ਘੜੀਸ ਮਹਿਜ ਦਬਾਅ ਬਣਾਉਣ ਦੀ ਪ੍ਰਕ੍ਰਿਆ ਦਾ ਹਿੱਸਾ ਸੀ, ਇਸ ਤੋਂ ਵੱਧ ਕੇ ਕੁੱਝ ਨਹੀਂ।

ਇਸ ਪਰਮਾਣੂ ਸਮਝੌਤੇ ਨਾਲ਼ ਭਾਰਤ ਨੂੰ ਪਰਮਾਣੂ ਰਿਐਕਟਰ ਅਤੇ ਉਸ ਵਿੱਚ ਵਰਤਿਆ ਜਾਣ ਵਾਲ਼ਾ ਯੂਰੇਨੀਅਮ ਨਾਮਕ ਬਾਲਣ ਮਿਲੇਗਾ। ਇਸ 'ਤੇ ਹੁਣ ਤੱਕ ਕੌਮਾਂਤਰੀ ਬਜ਼ਾਰ ਦੇ ਦਰਵਾਜੇ ਬੰਦ ਸਨ। 1974 ਵਿੱਚ ਜਦੋਂ ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ ਮੰਤਰੀ ਸੀ, ਪੋਖਰਣ ਵਿੱਚ ਪਹਿਲਾ ਪਰਮਾਣੂ ਪਰੀਖਣ ਹੋਇਆ ਸੀ। ਤਦ ਤੋਂ ਭਾਰਤ 'ਤੇ ਰੋਕ ਲੱਗੀ ਹੋਈ ਸੀ। ਭਾਰਤ ਹੁਣ ਆਪਣੇ ਪਰਮਾਣੂ ਰਿਐਕਟਰਾਂ ਵਿੱਚ ਪਰਮਾਣੂ ਬਾਲਣ ਦੇ ਰੂਪ ਵਿੱਚ ਕੁਦਰਤੀ ਯੂਰੇਨਿਅਮ ਦੀ ਬਜਾਏ ਥੋਰੀਅਮ ਦਾ ਇਸਤੇਮਾਲ ਕਰਦਾ ਹੈ। ਇਸ ਨਾਲ਼ ਪਰਮਾਣੂ ਊਰਜਾ ਪੈਦਾ ਕਰਨੀ ਕਾਫ਼ੀ ਮਹਿੰਗੀ ਪੈਂਦੀ ਹੈ। ਇਸਦੀ ਪ੍ਰਕਿਰਿਆ ਵੀ ਬੇਹੱਦ ਜਟਿਲ ਹੈ। ਕੌਮਾਂਤਰੀ ਬਜ਼ਾਰ ਵਿੱਚ ਭਾਰਤ ਦੀ ਪਹੁੰਚ ਹੋ ਜਾਣ ਨਾਲ਼ ਉਸਨੂੰ ਪਰਮਾਣੂ ਬਾਲਣ ਮਿਲਣ ਲੱਗੇਗਾ। ਤਦ ਉਹ ਆਪਣੀ ਪਰਮਾਣੂ ਊਰਜਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪਰਮਾਣੂ ਰਿਐਕਟਰਾਂ ਅਤੇ ਕੁਦਰਤੀ ਯੂਰੇਨਿਅਮ ਦੀ ਬਰਾਮਦ ਕਰ ਸਕੇਗਾ। ਇਸ ਲਈ ਮੁੜ ਸੰਸਾਧਨ (Reprocessing) ਦੀ ਟੈਕਨੋਲੋਜੀ ਉਹ ਜ਼ਰੂਰਤਮੰਦ ਦੇਸ਼ਾਂ ਨੂੰ ਨਿਰਯਾਤ ਕਰ ਸਕੇਗਾ।ਮੁੜ ਸੰਸਾਧਨ (Reprocessing) ਦੀ ਟੈਕਨੋਲੌਜੀ ਵਿੱਚ ਭਾਰਤ ਨੇ ਕਾਫ਼ੀ ਤਰੱਕੀ ਕਰ ਲਈ ਹੈ।

ਜਿੱਥੋਂ ਤੱਕ ਅਮਰੀਕਾ ਦਾ ਸਵਾਲ ਹੈ।ਉਹ ਇਸ ਸਮੇਂ ਦੁਨੀਆਂ ਦਾ ਚੌਧਰੀ ਬਣ ਕੇ ਬੈਠਾ ਹੈ। ਉਸਨੂੰ ਹਮੇਸ਼ਾਂ ਆਪਣੇ ਚੌਧਰਪੁਣੇ ਦੀ ਗੱਦੀ ਖਿਸਕਦੀ ਨਜ਼ਰ ਆਉਂਦੀ ਹੈ।ਇਸ ਸਮਝੌਤੇ ਦੀ ਇੱਕ ਵਜ੍ਹਾ ਇਹ ਵੀ ਹੈ ਕਿ ਉਹ ਦੱਖਣੀ ਏਸ਼ੀਆ ਵਿੱਚ ਆਪਣੀ ਪਕੜ ਮਜ਼ਬੂਤ ਰੱਖਣਾ ਚਾਹੁੰਦਾ ਹੈ। ਉਸਦੀ ਨਿਗਾਹ ਏਸ਼ੀਆ ਵਿੱਚ ਰੂਸ ਅਤੇ ਚੀਨ ਦੀ ਵੱਧ ਰਹੀ ਤਾਕਤ 'ਤੇ ਹੈ। ਇਸ ਸਮੇਂ ਰੂਸੀ ਸਾਮਰਾਜਵਾਦ ਦੀ ਮੁੜ-ਸੁਰਜੀਤੀ ਹੋ ਰਹੀ ਹੈ। ਚੀਨ ਦੁਨੀਆਂ ਵਿੱਚ ਇੱਕ ਨਵੀਂ ਮਹਾਂ ਤਾਕਤ ਦੇ ਰੂਪ ਵਿੱਚ ਦਸਤਕ ਦੇ ਰਿਹਾ ਹੈ। ਚੀਨ ਦੀ ਅਗਵਾਈ ਵਿੱਚ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ਸ਼ਨ' ਦੇ ਰੂਪ ਵਿੱਚ ਇੱਕ ਨਵੇਂ ਆਰਥਿਕ-ਰਾਜਨੀਤਕ-ਯੁੱਧਨੀਤਕ ਗੱਠਜੋੜ ਨੇ ਦੱਖਣੀ ਏਸ਼ੀਆ ਵਿੱਚ ਹੀ ਨਹੀਂ ਸਗੋਂ ਸੰਸਾਰ ਪੱਧਰ 'ਤੇ ਅਮਰੀਕੀ ਮਨਸੂਬਿਆਂ ਲਈ ਇੱਕ ਨਵੀਂ ਚੁਣੌਤੀ ਪੇਸ਼ ਕੀਤੀ ਹੈ।ਅਜਿਹੇ ਵਿੱਚ ਅਮਰੀਕਾ, ਭਾਰਤ ਨੂੰ ਚੀਨ ਅਤੇ ਰੂਸ ਦੀ ਵੱਧਦੀ ਤਾਕਤ ਨੂੰ ਚੁਣੌਤੀ ਦੇਣ ਵਾਲ਼ਾ ਯੁੱਧਨੀਤਕ ਸਹਿਯੋਗੀ ਬਣਾਉਣਾ ਚਾਹੁੰਦਾ ਹੈ।

ਅਮਰੀਕਾ ਦਾ ਪਰਮਾਣੂ ਊਰਜਾ ਉਦਯੋਗ ਗੰਭੀਰ ਖੜੋਤ ਦਾ ਸ਼ਿਕਾਰ ਹੈ। ਇਹ ਪਰਮਾਣੂ ਸਮਝੌਤਾ ਅਮਰੀਕਾ ਦੇ ਖੜੋਤ ਮਾਰੇ ਅਰਥ-ਚਾਰੇ ਲਈ ਰਾਮ ਬਾਣ ਬਣ ਸਕਦਾ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਉਦਯੋਗ ਢਾਂਚਾ ਬਹੁਤ ਹੱਦ ਤੱਕ ਉਸਦੇ ਰੱਖਿਆ ਉਦਯੋਗ 'ਤੇ ਨਿਰਭਰ ਹੈ। ਹਥਿਆਰਾਂ ਦੀ ਸਪਲਾਈ ਕਰਕੇ ਉਹ ਦੁਨੀਆਂ ਦੇ ਇਸ ਜਾਂ ਉਸ ਦੇਸ਼ ਨੂੰ 'ਮਜ਼ਬੂਤ' ਬਣਾਉਣ ਦਾ 'ਉਪਕਾਰ' ਕਰਦਾ ਹੈ। ਇਸੇ ਸਹਾਰੇ ਉਹ ਮੌਜੂਦਾ ਸੰਕਟ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਵਿੱਚ ਹੈ। ਅਮਰੀਕਾ ਦਾ ਕਹਿਣਾ ਹੈ ਕਿ ਉਹ ਪਰਮਾਣੂ ਸਮਝੌਤਾ ਕਰਕੇ ਭਾਰਤ ਨੂੰ ਸੁਪਰ-ਪਾਵਰ ਬਣਾਉਣ ਵਿੱਚ ਮਦਦ ਕਰਨਾ ਚਾਹੁੰਦਾ ਹੈ ਜਿਸਦਾ ਮਤਲਬ ਹੈ ਅਮਰੀਕੀ ਰੱਖਿਆ ਕੰਪਨੀਆਂ ਭਾਰਤ ਦੇ ਰੱਖਿਆ ਪ੍ਰਬੰਧ ਨੂੰ 'ਮਜ਼ਬੂਤ' ਬਣਾਉਣ ਵਿੱਚ ਲੱਗਣ ਅਤੇ ਉਹ ਲੱਗ ਵੀ ਚੁੱਕੀਆਂ ਹਨ। ਹੁਣੇ ਪਿਛਲੇ ਦਿਨੀਂ ਦੇਸ਼ ਦੇ ਰੱਖਿਆ ਮੰਤਰੀ ਏ. ਕੇ. ਏਟੰਨੀ ਦੀ ਅਮਰੀਕੀ ਯਾਤਰਾ ਵਿੱਚ ਅਮਰੀਕਾ ਨੇ 17 ਕਰੋੜ ਡਾਲਰ ਦੇ ਸੌਦੇ ਤਹਿਤ ਭਾਰਤ ਨੂੰ ਹਾਰਪੂਨ ਮਿਜ਼ਾਈਲਾਂ ਵੇਚਣ ਦਾ ਐਲਾਨ ਕੀਤਾ ਹੈ। ਪ੍ਰਮੁੱਖ ਅਮਰੀਕੀ ਰੱਖਿਆ ਕੰਪਨੀਆਂ ਜਿਵੇਂ ਲਾਕਹੀਡ ਮਾਰਟਿਨ, ਬੋਇੰਗ ਰੇਥਿਐਨ ਅਤੇ ਹੋਰ ਭਾਰਤੀ ਠੇਕਿਆਂ ਲਈ ਟੈਂਡਰ ਪੇਸ਼ ਕਰ ਰਹੀਆਂ ਹਨ। ਜਨਰਲ ਇਲੈਕਟ੍ਰਿਕ ਅਤੇ ਵੇਗਟਿੰਗਹਾਊਸ ਵਰਗੀਆਂ ਅਮਰੀਕੀ ਕੰਪਨੀਆਂ ਭਾਰਤ ਨੂੰ ਪਰਮਾਣੂ ਰਿਐਕਟਰਾਂ ਦੀ ਵਿਕਰੀ ਲਈ ਲਾਈਨ ਵਿੱਚ ਹਨ। ਪਤਾ ਲੱਗਿਆ ਹੈ ਕਿ ਭਾਰਤ ਦੀ ਪਰਮਾਣੂ ਊਰਜਾ ਦੇ ਵਿਕਾਸ 'ਤੇ 2020 ਤੱਕ ਲੱਗਭਗ 150 ਅਰਬ ਡਾਲਰ ਦਾ ਨਿਵੇਸ਼ ਹੋਵੇਗਾ। ਜਿਸ ਵਿੱਚ ਜ਼ਿਆਦਾਤਰ ਅਮਰੀਕੀ ਬਹੁ-

ਕੌਮੀ ਕੰਪਨੀਆਂ ਦਾਅਵੇਦਾਰ ਹਨ। ਉਹ ਭਾਰਤ ਦੀਆਂ ਸਹਿਯੋਗੀ ਕੰਪਨੀਆਂ ਨੂੰ ਖੋਜਣ ਵਿੱਚ ਰੁੱਝੀਆਂ ਹੋਈਆਂ ਹਨ। ਭਵਿੱਖ ਦੇ ਪ੍ਰਾਜੈਕਟਾਂ ਲਈ ਰੇਥਿਓਨ ਅਤੇ ਟਾਟਾ ਦਰਮਿਆਨ, ਬੋਇੰਗ ਕੰਪਨੀ ਲਾਰਸੇਨ ਐਂਡ ਟੂਬਰੋ ਦਰਮਿਆਨ ਹੋਇਆ ਸਮਝੌਤਾ ਤਾਜ਼ੀਆਂ ਉਦਾਹਰਣਾਂ ਹਨ। ਆਰਥਿਕ, ਰਾਜਨੀਤਕ ਅਤੇ ਯੁੱਧਨੀਤਕ ਦਰਪਣ ਵਿੱਚ ਅਮਰੀਕਾ ਦੀ ਪੋਜ਼ੀਸ਼ਨ ਅਸਾਨੀ ਨਾਲ਼ ਸਮਝੀ ਜਾ ਸਕਦੀ ਹੈ।

ਜਿੱਥੋਂ ਤੱਕ ਗੱਲ ਭਾਰਤ 'ਤੇ ਥੋਪੀਆਂ ਜਾ ਰਹੀਆਂ ਸ਼ਰਤਾਂ ਦੀ ਜਾਂ ਦਬਾਅ ਦੀ ਹੈ। ਉਸ ਬਾਰੇ ਇਹ ਕਹਿਣਾ ਢੁੱਕਵਾਂ ਹੈ ਕਿ ਇਹ ਇੱਕ ਸਮਝੌਤਾ ਹੈ। ਅਮਰੀਕੀ ਲੋਕਾਂ ਅਤੇ ਭਾਰਤ ਦੇ ਲੋਕਾਂ ਵਿੱਚ ਨਹੀਂ, ਸਗੋਂ ਦੋਨਾਂ ਦੇਸ਼ਾਂ ਦੇ ਪੂੰਜੀਪਤੀਆਂ ਵਿੱਚ। ਦੋਨਾਂ ਦੇਸ਼ਾਂ ਦੀ ਪੂੰਜੀਪਤੀ ਜਮਾਤ ਇਸ ਸਮਝੌਤੇ ਤੋਂ ਬੇਹੱਦ ਆਸਵੰਦ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਕੋਈ ਵੀ ਪੂੰਜੀਵਾਦੀ ਦੇਸ਼ ਸਾਮਰਾਜਵਾਦੀ ਦੇਸ਼ਾਂ ਤੋਂ ਵੱਖ ਰਹਿ ਨਹੀਂ ਸਕਦਾ। ਪੂੰਜੀਵਾਦੀ ਦੁਨੀਆਂ ਵਿੱਚ ਸਮਝੌਤਾ ਬਰਾਬਰੀ ਦਾ ਨਹੀਂ ਹੁੰਦਾ। ਕੁੱਝ ਹਾਸਿਲ ਕਰਨ ਦੀ ਕੀਮਤ 'ਤੇ ਕੁੱਝ ਦੇਣਾ ਹੁੰਦਾ ਹੈ। ਜੇਕਰ ਕੋਈ ਸਮਝੌਤਾ ਸਾਮਰਾਜਵਾਦੀ ਦੇਸ਼ ਅਤੇ ਤੀਜੀ ਦੁਨੀਆਂ ਦੇ ਪੂੰਜੀਵਾਦੀ ਦੇਸ਼ ਵਿਚਕਾਰ ਹੋਵੇ ਤਾਂ ਯਕੀਨੀ ਹੀ ਅਜਿਹਾ ਸਮਝੌਤਾ ਸਾਮਰਾਜਵਾਦੀ ਦੇਸ਼ ਦੇ ਪੱਖ ਵਿੱਚ ਹੀ ਝੁਕਿਆ ਹੋਵੇਗਾ। ਇਹੀ ਗੱਲ ਭਾਰਤ-ਅਮਰੀਕਾ ਸਮਝੌਤੇ ਦੇ ਸੰਦਰਭ ਵਿੱਚ ਸੱਚ ਹੈ।

ਜਿੱਥੋਂ ਤੱਕ ਭਾਰਤ ਦੀ ਪੂੰਜੀਪਤੀ ਜਮਾਤ ਨੇ ਦੁਨੀਆਂ ਦੀ ਛੇਵੀਂ ਪਰਮਾਣੂ ਮਹਾਂਸ਼ਕਤੀ ਬਣਨ ਦਾ ਸੁਪਨਾ ਪਾਲ਼ੀ ਬੈਠੀ ਹੈ। ਬਦਲੀਆਂ ਹੋਈਆਂ ਸੰਸਾਰ ਹਾਲਤਾਂ ਵਿੱਚ ਅਮਰੀਕਾ ਸਹਾਰੇ ਆਪਣੀ ਸਥਿਤੀ ਮਜ਼ਬੂਤ ਕਰਨਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ ਇਹ ਉਹੀ ਅਮਰੀਕਾ ਹੈ ਜਿਸਨੇ 1974 ਵਿੱਚ ਭਾਰਤ 'ਤੇ ਰੋਕ ਲਾਉਣ ਲਈ ਆਪਣੀ ਅਗਵਾਈ ਵਿੱਚ ਐਨ.ਪੀ.ਟੀ ਦਾ ਗਠਨ ਕੀਤਾ ਸੀ। ਅੱਜ ਉਸਨੂੰ ਆਪਣੇ ਹੀ ਫੈਸਲੇ ਬਦਲਣੇ ਪਏ ਹਨ। ਅਜਿਹੇ ਮੌਕੇ ਦਾ ਲਾਭ ਲੈਣ ਦੀ ਕੋਸ਼ਿਸ਼ ਵਿੱਚ ਹੈ। ਭਾਰਤ ਸੰਸਾਰ ਵਿਆਪੀ ਲੁੱਟ ਦੀ ਸਿਆਸਤ ਵਿੱਚ ਸੰਭਵ ਹੱਦ ਤੱਕ ਸ਼ਕਤੀ ਸੰਤੁਲਨ ਆਪਣੇ ਪੱਖ ਵਿੱਚ ਕਰਨ ਵਿੱਚ ਲੱਗਿਆ ਹੋਇਆ ਹੈ। ਇਸ ਵਿੱਚ ਉਸਦੇ ਯੁੱਧਨੀਤਕ-ਆਰਥਿਕ-ਫ਼ੌਜੀ ਹਿੱਤ ਸ਼ਾਮਿਲ ਹਨ।

ਮਨਮੋਹਣ ਸਰਕਾਰ ਦੇਸ਼ਹਿੱਤ ਦੀ ਪੀਪਨੀ ਵਜਾਉਂਦੇ ਹੋਏ ਕਹਿੰਦੀ ਹੈ ਕਿ ਪਰਮਾਣੂ ਸਮਝੌਤੇ ਨਾਲ਼ ਸਾਡੀਆਂ ਊਰਜਾ ਜ਼ਰੂਰਤਾਂ ਪੂਰੀਆਂ ਹੋਣਗੀਆਂ। ਦੇਸ਼ ਨੂੰ ਪ੍ਰਦੂਸ਼ਣ-ਰਹਿਤ ਊਰਜਾ ਦਾ ਕਦੇ ਨਾ ਮੁੱਕਣ ਵਾਲ਼ਾ ਸੋਮਾ ਮਿਲੇਗਾ। ਜਦੋਂ ਕਿ ਅਸਲੀਅਤ ਕੁੱਝ ਹੋਰ ਹੀ ਹੈ। ਪਰਮਾਣੂ ਬਾਲਣ ਦਾ ਕਚਰਾ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲ਼ਾ ਹੁੰਦਾ ਹੈ। ਦਹਾਕਿਆਂ ਬਾਅਦ ਵੀ ਕੋਈ ਦੇਸ਼ ਇਸਦੇ ਵਿਕਿਰਨਾਂ ਨੂੰ ਕੰਟਰੋਲ ਕਰਨ ਦਾ ਉਪਾਅ ਨਹੀਂ ਲੱਭ ਸਕਿਆ ਹੈ। ਹਜ਼ਾਰਾਂ ਸਾਲਾਂ ਤੱਕ ਇਸ ਨਾਲ਼ ਵਾਤਾਵਰਣ ਜ਼ਹਿਰੀਲਾ ਹੁੰਦਾ ਰਹੇਗਾ। ਰਹੀ ਗੱਲ ਪਰਮਾਣੂ ਸਮਝੌਤੇ ਨਾਲ਼ ਦੇਸ਼ ਦੀਆਂ ਊਰਜਾ ਜ਼ਰੂਰਤਾਂ ਦੇ ਪੂਰੇ ਹੋਣ ਦੀ ਉਸਦੀ ਅਸਲੀਅਤ ਇਹ ਹੈ ਕਿ ਉਹ ਰਿਵਾਇਤੀ ਤਰੀਕੇ ਨਾਲ਼ ਪੈਦਾ ਹੋਣ ਵਾਲ਼ੀ ਬਿਜਲੀ (ਤਾਪ ਅਤੇ ਪਣ ਬਿਜਲੀ) ਤੋਂ ਮਹਿੰਗੀ ਸਾਬਤ ਹੋ ਰਹੀ ਹੈ। ਪਿਛਲੀ 24 ਜੂਨ 08 ਨੂੰ ਜਾਰੀ ਇੱਕ ਰਿਪੋਰਟ ਵਿੱਚ ਪਰਮਾਣੂ ਊਰਜਾ ਕਮਿਸ਼ਨ ਦੇ ਸਾਬਕਾ ਮੁਖੀ ਪੀ. ਕੇ. ਆਇੰਗਰ ਅਤੇ ਦੋ ਹੋਰ ਵਿਗਿਆਨਕਾਂ ਨੇ ਦੱਸਿਆ ਕਿ ਅਮਰੀਕਾ ਨਾਲ਼ ਇਸ ਸਮਝੌਤੇ ਤਹਿਤ ਆਯਾਤ ਕੀਤੇ ਪ੍ਰਮਾਣੂ ਬਿਜਲੀ ਰਿਐਕਟਰਾਂ ਨਾਲ਼ ਜਿਹੜੀ ਬਿਜਲੀ ਪੈਦਾ ਹੋਵੇਗੀ ਉਹ ਰਿਵਾਇਤੀ ਬਿਜਲੀ ਯੰਤਰਾਂ ਰਾਹੀਂ ਪੈਦਾ ਬਿਜਲੀ ਦੇ ਮੁਕਾਬਲੇ ਪ੍ਰਤੀ ਯੂਨਿਟ ਲਗਭਗ ਤਿੰਨ ਗੁਣਾ ਮਹਿੰਗੀ ਹੋਏਗੀ। ਅਜਿਹੇ ਸਮੇਂ ਵਿੱਚ ਸਰਕਾਰ ਦੁਆਰਾ ਉਦਯੋਗਾਂ ਨੂੰ ਸਬਸਿਡੀ 'ਤੇ ਬਿਜਲੀ ਦੇਣ ਦੇ ਬਾਵਜੂਦ ਇਲਾਜ ਆਦਿ ਇੰਨਾ ਮਹਿੰਗਾ ਹੋਵੇਗਾ ਕਿ ਉਸਦਾ ਫ਼ਾਇਦਾ ਸਿਰਫ਼ ਮੁੱਠੀ ਭਰ ਅਮੀਰ ਤਬਕਾ ਹੀ ਲੈ ਸਕਦਾ ਹੈ। ਜਿਹੜੇ ਢਾਂਚੇ ਦੀ ਜ਼ਿੰਦਗੀ ਦੀ ਰੇਖਾ ਪੈਸਾ ਹੋਵੇ ਉੱਥੇ ਜੀਵ ਦੀ ਗਰੰਟੀ ਤਾਂ ਸਿਰਫ਼ ਧਨਪਤੀਆਂ ਦੀ ਹੀ ਹੋ ਸਕਦੀ ਹੈ। ਉਹਨਾਂ ਦੀ ਸੁਰੱਖਿਆ ਵਿਚ ਇਹ ਹਕੂਮਤ 'ਦੇਸ਼ਹਿੱਤ-ਦੇਸ਼ਹਿੱਤ' ਦੀ ਬੀਨ ਵਜਾਉਂਦੇ ਨਹੀਂ ਥੱਕਦੀ। ਇਹਨਾਂ ਤੋਂ ਪੁੱਛਣ ਦੀ ਲੋੜ ਹੈ ਕਿ ਜਿਸ ਦੇਸ਼ ਦੀ 84 ਕਰੋੜ ਅਬਾਦੀ 20 ਰੁਪਏ ਰੋਜ਼ਾਨਾ ਤੋਂ ਘੱਟ 'ਤੇ ਗੁਜਾਰਾ ਕਰਦੀ ਹੈ। 30 ਕਰੋੜ ਬੇਰੋਜ਼ਗਾਰ ਨੌਜਵਾਨ ਦਰ-ਦਰ ਦੀਆਂ ਠੋਕਰਾਂ ਖਾਂਦੇ ਫਿਰ ਰਹੇ ਹਨ, ਜ਼ਿੰਦਗੀ ਦਾ ਸਵਾਲ ਭੁੱਲ ਚੁੱਕੇ ਲੋਕਾਂ ਲਈ ਤੁਹਾਡੇ ਕੋਲ਼ ਕੀ ਯੋਜਨਾ ਹੈ? ਕੁੱਝ ਨਹੀਂ ਦੋਸਤ ਪੂੰਜੀਵਾਦੀ ਢਾਂਚੇ ਵਿੱਚ ਦੇਸ਼ਹਿੱਤ ਦਾ ਮਤਲਬ ਹੁੰਦਾ ਹੈ ਪੂੰਜੀਪਤੀ ਜਮਾਤ ਦਾ ਹਿੱਤ। ਦੇਸ਼ੀ-ਵਿਦੇਸ਼ੀ ਪੂੰਜੀ ਦਾ ਅਥਾਹ ਮੁਨਾਫ਼ਾ ਹੀ ਇਸ ਸਮਝੌਤੇ ਦੀ ਅਸਲੀਅਤ ਹੈ। ਬਾਕੀ ਸਵਾਲ ਗੌਣ ਹਨ।

ਜਾਂਦੇ-ਜਾਂਦੇ ਦੋ ਗੱਲਾਂ ਹੋਰ

ਪਰਮਾਣੂ ਸਮਝੌਤੇ ਬਾਰੇ ਸੰਸਦੀ ਖੱਬੇ ਪੱਖੀਆਂ ਨੇ ਕੀ ਖੂਬ ਵਿਰੋਧ ਕੀਤਾ। ਇਹਨਾਂ ਦੇ ਨਕਲੀ ਸਾਮਰਾਜਵਾਦ ਵਿਰੋਧ ਦੀ ਨੌਟੰਕੀ ਵੇਖਣ ਵਾਲ਼ੀ ਹੁੰਦੀ ਹੈ। ਪਿਛਲੇ ਚਾਰ ਵਰ੍ਹਿਆਂ ਤੱਕ ਸਾਰੇ ਕਿੰਤੂ-ਪਰੰਤੂ ਕਰਦੇ ਹੋਏ ਯੂ.ਪੀ.ਏ. ਦੀ ਗੋਦ ਵਿੱਚ ਬਹਿ ਕੇ ਸੱਤ੍ਹਾ ਸੁੱਖ ਦਾ ਸਵਾਦ ਲੈਂਦੇ ਰਹੇ। ਫ਼ਿਰਕਾਪ੍ਰਸਤੀ ਵਿਰੋਧ ਦੀ ਮਾਲ਼ਾ ਜਪਦੇ ਹੋਏ ਲੋਕ ਵਿਰੋਧੀ ਨੀਤੀਆਂ ਬਣਾਉਣ ਵਿੱਚ ਸਹਾਈ ਰਹੇ। ਜੋੜ-ਤੋੜ ਨਾਲ਼ ਸੱਤ੍ਹਾ ਦੀ ਖੇਡ ਦੇ ਹਿੱਸੇਦਾਰ ਇੱਸ ਪਾਸੇ ਜਿੱਥੇ ਮੁਨਾਫ਼ਾਖੋਰਾਂ ਦੀ ਵਫ਼ਾਦਾਰੀ ਵਿੱਚ ਕਿਸਾਨਾਂ 'ਤੇ ਗੋਲੀਬਾਰੀ ਚਲਾਉਣ ਤੋਂ ਨਹੀਂ ਖੁੰਝਦੇ ਉੱਥੇ ਆਮ ਲੋਕਾਂ ਦਾ ਨਾਂ ਲੈ ਕੇ ਵਿਰੋਧ-ਵਿਰੋਧ ਦੀ ਖੇਡ-ਖੇਡਦੇ ਹਨ। ਇਹਨਾਂ ਦੇ ਇਸ ਢੋਂਗ ਤੋਂ ਦੇਸ਼ ਦਾ ਕਿਰਤੀ ਅਵਾਮ ਵਾਕਿਫ਼ ਹੋ ਚੁੱਕਿਆ ਹੈ। ਉੱਥੇ ਮੁਲਾਇਮ ਸਿੰਘ ਯਾਦਵ ਵਰਗੇ ਮੌਕਾਪ੍ਰਸਤ ਨੇਤਾ 'ਦੇਸ਼ਹਿੱਤ' ਦੀ ਮਾਲਾ ਜਪਦੇ ਹੋਏ ਆਉਣ ਵਾਲ਼ੀਆਂ ਚੋਣਾਂ ਵਿੱਚ ਕਾਂਗਰਸ ਨਾਲ਼ ਵੋਟ ਸਮਝੌਤੇ ਕਰਨ 'ਚ ਰੁੱਝੇ ਹੋਏ ਹਨ। ਇਹਨਾਂ ਨੂੰ ਨਾ ਤਾਂ ਮਹਿੰਗਾਈ ਨਾਲ਼ ਕੁਰਲਾਉਂਦੇ ਲੋਕਾਂ ਦੀ ਫ਼ਿਕਰ ਹੈ ਨਾ ਹੀ ਨੌਜਵਾਨਾਂ ਲਈ ਕਿਸੇ ਬਦਲ ਦੀ ਤਲਾਸ਼। ਹੋਵੇ ਵੀ ਕਿਉਂ?

ਅਮਰਨਾਥ ਮੁੱਦਾ

—ਸ਼ਿਵਾਰਥ

ਜੰਮੂ ਅਤੇ ਕਸ਼ਮੀਰ, ਸਦਾ ਹੀ ਸਾਡੇ ਦੇਸ਼ ਦੀਆਂ ਵੋਟ-ਬਟੋਰੂ ਪਾਰਟੀਆਂ ਲਈ ਇੱਕ ਭੱਖਦਾ ਮੁੱਦਾ ਰਿਹਾ ਹੈ। ਹਿੰਦੂਵਾਦੀ ਫਾਸਿਸਟਾਂ ਤੋਂ ਲੈ ਕੇ ਨਕਲੀ ਸੈਕੂਲਰ ਪੰਥੀਆਂ ਅਤੇ ਨਾਮਧਾਰੀ ਕਮਿਊਨਿਸਟਾਂ ਸਾਰਿਆਂ ਨੇ ਇਸ ਨੂੰ ਰੱਜ ਕੇ ਭਖਾਇਆ ਹੈ। ਹੁਰੀਅਤ ਵਰਗੀਆਂ ਕਸ਼ਮੀਰੀ ਵੱਖਵਾਦੀ ਜੱਥੇਬੰਦੀਆਂ ਅਤੇ ਪਾਕਿਸਤਾਨ ਦੀਆਂ ਵੋਟ ਪਾਰਟੀਆਂ ਵੀ ਇਸ ਵਿੱਚ ਪਿੱਛੇ ਨਹੀਂ ਰਹੀਆਂ ਹਨ। ਇਹਨਾਂ ਸਾਰਿਆਂ ਦੀਆਂ ਕਾਰਸਤਾਨੀਆਂ ਵਿੱਚ ਜੇਕਰ ਕੁਚਲਿਆ ਗਿਆ ਹੈ ਤਾਂ ਉਹ ਹੈ ਜੰਮੂ ਅਤੇ ਕਸ਼ਮੀਰ ਦਾ ਅਵਾਮ। ਹੁਣੇ ਹੀ ਚੁੱਕਿਆ ਗਿਆ ਅਮਰਨਾਥ ਦਾ ਮੁੱਦਾ ਵੀ ਲਿਆਂਦਾ ਤਾਂ ਗਿਆ ਸੀ ਆਉਣ ਵਾਲ਼ੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਵੋਟਾਂ ਬਟੋਰਨ ਲਈ, ਪਰ ਇਸਦੇ ਜਿਹੜੇ ਨਤੀਜੇ ਨਿਕਲ਼ੇ, ਉਹਨਾਂ ਨੇ ਤਬਾਹ ਕੀਤਾ ਆਮ ਲੋਕਾਂ ਨੂੰ। ਆਓ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਕਿ ਆਖਰ ਇਹ ਮੁੱਦਾ ਹੈ ਕੀ ਅਤੇ ਕੋਈ ਇਸ ਲਈ ਇੰਨਾ ਰੌਲ਼ਾ ਕਿਉਂ ਪਾ ਰਿਹਾ ਹੈ ?

ਅਮਰਨਾਥ ਦੀ ਗੁਫਾ ਕਸ਼ਮੀਰ ਦੀਆਂ ਘਾਟੀਆਂ ਵਿੱਚ ਸਥਿਤ ਹਨ। ਇੱਥੇ ਸਾਲ ਦੇ ਤਿੰਨ ਮਹੀਨੇ (ਜੂਨ-ਅਗਸਤ) ਦੌਰਾਨ ਸ਼ਿਵਲਿੰਗ ਦੇ ਅਕਾਰ ਵਿੱਚ ਬਰਫ਼ ਜੰਮਦੀ ਹੈ। ਇਹਨਾਂ ਤਿੰਨ ਮਹੀਨਿਆਂ ਦੌਰਾਨ ਭਾਰਤ ਦੇ ਅਨੇਕਾਂ ਇਲਾਕਿਆਂ ਤੋਂ ਲੋਕ ਇਸ ਦੇ ਦਰਸ਼ਨ ਕਰਨ ਆਉਂਦੇ ਹਨ। ਅਮਰਨਾਥ ਦੀ ਗੁਫ਼ਾ ਤੱਕ ਜਾਣ ਦੇ ਦੋ ਰਸਤੇ ਹਨ। ਪਹਿਲਾ ਹੈ ਸ੍ਰੀਨਗਰ ਤੋਂ ਪਹਿਲਗਾਮ ਵੱਲ ਜਾਣ ਵਾਲ਼ਾ ਰਾਹ। ਇਹ ਰਵਾਇਤੀ ਰਾਹ ਹੈ ਅਤੇ ਜ਼ਿਆਦਾਤਰ ਮੁਸਾਫਰ ਇਸੇ ਰਾਹ ਦਾ ਇਸਤੇਮਾਲ ਕਰਦੇ ਹਨ। ਦੂਜਾ ਰਾਹ ਹੈ ਸੋਨਮਾਰਗ ਤੋਂ ਬਾਲਤਲ ਵੱਲ ਜਾਣ ਵਾਲ਼ਾ ਰਾਹ। ਇਹ ਰਾਹ ਤੰਗ ਹੈ ਅਤੇ ਮਹਿਜ 10-15 ਫੀਸਦੀ ਮੁਸਾਫਰਾਂ ਦੁਆਰਾ ਇਸਤੇਮਾਲ ਕੀਤਾ ਜਾਂਦਾ ਹੈ। ਅਮਰਨਾਥ ਯਾਤਰਾ ਲਈ ਆਉਣ ਵਾਲ਼ੇ ਮੁਸਾਫਰਾਂ ਦੀ ਗਿਣਤੀ ਵਿੱਚ ਪਿਛਲੇ 15-20 ਸਾਲਾਂ ਤੋਂ ਭਾਰੀ ਵਾਧਾ ਹੋਇਆ ਹੈ। ਜਿੱਥੇ 60 ਦੇ ਦਹਾਕੇ ਵਿੱਚ ਇੱਥੇ 12-15 ਹਜ਼ਾਰ ਮੁਸਾਫਰ ਆਇਆ ਕਰਦੇ ਸਨ। ਉੱਥੇ ਅੱਜ ਮੁਸਾਫਰਾਂ ਦੀ ਗਿਣਤੀ 40-50 ਹਜ਼ਾਰ ਦਰਮਿਆਨ ਹੈ।

ਅਗਸਤ 1996 ਦੌਰਾਨ ਹੋਈ ਇੱਕ ਦੁਰਘਟਨਾ ਵਿੱਚ ਲੱਗਭਗ 250 ਲੋਕ ਮਾਰੇ ਗਏ ਸਨ। ਇਸ ਦੁਰਘਟਨਾ ਦੇ ਕਾਰਨਾਂ ਦੀ ਜਾਂਚ ਪੜਤਾਲ਼ ਕਰਨ ਅਤੇ ਇਸ ਤੋਂ ਬਚਣ ਦੇ ਤਰੀਕਿਆਂ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਨੀਤੀਸ਼ ਕੇ. ਸੇਨਗੁਪਤਾ (ਸੇਵਾਮੁਕਤ ਆਈ. ਏ. ਐੱਸ) ਤੋਂ ਰਿਪੋਰਟ ਮੰਗੀ।

ਇਸ ਰਿਪੋਰਟ ਅਨੁਸਾਰ

1. ਸੈਰ-ਸਪਾਟਾ ਵਿਭਾਗ ਨੂੰ ਹੀ ਪੂਰੀ ਯਾਤਰਾ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਨਿਕ ਜ਼ਿੰਮੇਵਾਰੀ ਸੌਂਪੀ ਜਾਣੀ ਚਾਹੀਦੀ ਹੈ।
2. ਸੈਰ-ਸਪਾਟਾ ਵਿਭਾਗ ਨੂੰ ਸਹਾਇਤਾ ਕਰਨ ਲਈ ਮੁੱਖ ਮੰਤਰੀ ਦੀ ਪ੍ਰਧਾਨਗੀ ਵਿੱਚ ਇੱਕ ਬੋਰਡ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ।
3. ਯਾਤਰਾ ਦੀ ਸਮਾਂ ਸੀਮਾ 45 ਦਿਨਾਂ ਦੀ ਹੋਣੀ ਚਾਹੀਦੀ ਹੈ (ਜੁਲਾਈ-ਅਗਸਤ 15 ਤੱਕ) ਅਤੇ ਇੱਕ ਸਾਲ ਵਿੱਚ ਯਾਤਰੀਆਂ ਦੀ ਸੰਖਿਆ ਇੱਕ ਲੱਖ ਤੱਕ ਸੀਮਤ ਹੋਣੀ ਚਾਹੀਦੀ ਹੈ।

ਇਸ ਰਿਪੋਰਟ ਅਨੁਸਾਰ ਜੇਕਰ ਮੁਸਾਫ਼ਰਾਂ ਦੀ ਸੰਖਿਆ ਸੀਮਤ ਰਹੇਗੀ ਤਾਂ ਪਹਿਲਗਾਮ ਵਾਲ਼ਾ ਰਾਹ ਕਾਫ਼ੀ ਹੋਵੇਗਾ। ਮੁਸਾਫਰਾਂ ਨੂੰ ਬਾਲਟਾਲ ਵਾਲ਼ਾ ਰਾਹ, ਜਿਹੜਾ ਕਿ ਜੋਖ਼ਮ ਭਰਿਆ ਰਾਹ ਹੈ, ਘੱਟ ਤੋਂ ਘੱਟ ਇਸਤੇਮਾਲ ਕਰਨਾ ਪਵੇਗਾ। ਇਸ ਰਿਪੋਰਟ ਵਿੱਚ ਕਿਤੇ ਵੀ ਜ਼ਮੀਨ ਵੰਡਣ ਦੀ ਗੱਲ ਨਹੀਂ ਕਹੀ ਗਈ ਸੀ।

ਜੰਮੂ ਅਤੇ ਕਸ਼ਮੀਰ ਦੀ ਅਮਰਨਾਥ ਜੀ ਸ਼ਰਾਈਨ ਬੋਰਡ ਆਰਡੀਨੈਂਸ, 2000 ਰਾਹੀਂ ਮੁਸਾਫਰ ਸੁਵਿਧਾਵਾਂ ਵਿੱਚ ਸੁਧਾਰ ਕਰਨ ਲਈ ਗਵਰਨਰ ਦੀ ਪ੍ਰਧਾਨਗੀ ਵਿੱਚ ਇੱਕ ਬੋਰਡ ਦਾ ਗਠਨ ਕੀਤਾ ਗਿਆ। ਇਸ ਆਰਡੀਨੈਂਸ ਰਾਹੀਂ 'ਇਹ ਬੋਰਡ, ਸ਼ਰਾਈਨ ਅਤੇ ਇਸਦੇ ਆਲ਼ੇ-ਦੁਆਲ਼ੇ ਦੀ ਜ਼ਮੀਨ 'ਤੇ 'ਵਿਕਾਸ ਸਬੰਧੀ' ਕਾਰਵਾਈਆਂ ਦੀ ਜ਼ਿੰਮੇਵਾਰੀ ਲੈ ਸਕਦਾ ਹੈ ਅਤੇ ਇਸ ਤੋਂ ਵੱਧ ਕੁੱਝ ਵੀ ਨਹੀਂ।

2003 ਵਿੱਚ ਐਨ. ਡੀ. ਏ. ਸਰਕਾਰ ਦੇ ਕਾਰਜਕਾਲ ਦੌਰਾਨ ਐੱਸ. ਕੇ. ਸਿਨਹਾ ਨੂੰ ਜੰਮੂ ਅਤੇ ਕਸ਼ਮੀਰ ਦਾ ਰਾਜਪਾਲ ਨਿਯੁਕਤ ਕੀਤਾ ਗਿਆ। ਜੁਲਾਈ 2004 ਵਿੱਚ ਜੰਮੂ ਦੀ ਹਾਈਕੋਰਟ ਵਿੱਚ ਰਾਜ ਸਰਕਾਰ ਖਿਲਾਫ਼ ਇੱਕ ਪਟੀਸ਼ਨ ਦਾਖਲ ਕੀਤੀ ਗਈ, ਕੁੱਝ ਰਿਆਸਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ। ਇਹ ਧਿਆਨ ਦੇਣ ਵਾਲ਼ੀ ਗੱਲ ਹੈ ਕਿ ਪਟੀਸ਼ਨ ਜੰਮੂ ਹਾਈ ਕੋਰਟ ਵਿੱਚ ਦਾਖਲ ਕੀਤੀ ਗਈ, ਜਦੋਂ ਕਿ ਅਮਰਨਾਥ ਗੁਫ਼ਾ ਕਸ਼ਮੀਰ ਵਿੱਚ ਸਥਿਤ ਹੈ। ਇਹਨਾਂ ਰਿਆਸਤਾਂ ਵਿੱਚ ਕਿਤੇ ਜ਼ਮੀਨ ਵੰਡਣ ਦੀ ਗੱਲ ਨਹੀਂ ਕੀਤੀ ਗਈ। ਇਸ ਪਟੀਸ਼ਨ ਦੀ ਸ਼ਰਾਈਨ ਬੋਰਡ ਨੇ ਪੂਰੀ ਤਰ੍ਹਾਂ ਹਿਮਾਇਤ ਕੀਤੀ। ਇਸ ਪਟੀਸ਼ਨ ਦਾ ਜਸਟਿਸ ਪ੍ਰਮੋਦ ਕੋਹਲੀ ਨੇ ਜਿਹੜਾ ਅਪ੍ਰੈਲ 2005 ਵਿੱਚ ਜਵਾਬ ਦਿੱਤਾ, ਉਹ ਹੈਰਾਨ ਕਰਨ ਵਾਲ਼ਾ ਸੀ। ਪਟੀਸ਼ਨ ਦੀਆਂ ਮੰਗਾਂ ਤੋਂ ਬਹੁਤ ਅੱਗੇ ਜਾਂਦੇ ਹੋਏ ਉਹਨਾਂ ਨੇ ਸਫ਼ਰ ਦੀ ਸਮਾਂ ਹੱਦ ਵਧਾ ਕੇ ਦੋ ਮਹੀਨੇ ਲਈ ਕਰ ਦਿੱਤੀ। ਨਾਲ਼ ਹੀ ਜ਼ਮੀਨ ਅਲਾਟ ਕਰਨ ਦੇ ਸਵਾਲ 'ਤੇ ਬੋਰਡ ਨੂੰ ਆਦੇਸ਼ ਦਿੱਤਾ ਗਿਆ ਕਿ ਜ਼ਮੀਨ ਦੀ ਵਰਤੋਂ ਕਰਨ ਵਾਲ਼ੀ ਸੰਸਥਾ ਨੂੰ ਇਹ ਅਜ਼ਾਦੀ ਦਿੱਤੀ ਜਾਵੇ ਕਿ ਉਹ ਇਸ 'ਤੇ ਉਸਾਰੀ ਸਬੰਧੀ ਸੁਧਾਰ ਕਰ ਸਕੇ। ਇਹ ਸੰਸਥਾ ਸੀ ਜੰਗਲਾਤ ਮਹਿਕਮਾ, ਜਿਸਦੀ ਸਕੱਤਰ ਸੀ ਸੋਨਾਲੀ ਕੁਮਾਰ ਜਿਹੜੀ ਕਿ ਸ਼ਰਾਈਨ ਬੋਰਡ ਦੇ ਮੁੱਖ ਅਧਿਕਾਰੀ ਅਰੁਣ ਕੁਮਾਰ ਦੀ ਪਤਨੀ ਹੈ। ਇਸ ਆਦੇਸ਼ ਖਿਲਾਫ਼ ਦਾਖਲ ਪਟੀਸ਼ਨ ਦਾ ਜਵਾਬ ਦਿੰਦੇ ਹੋਏ ਜਸਚਿਸ ਵਾਈ. ਪੀ. ਨਾਰਗੋਤਰਾ ਅਤੇ ਵੀ. ਕੇ. ਸ਼ਾਨ ਜੀ ਨੇ ਇੱਕ ਕਦਮ ਅੱਗੇ ਜਾਂਦੇ ਹੋਏ ਬੋਰਡ ਨੂੰ ਜ਼ਮੀਨ ਦੀ ਵੰਡ ਕਰਨ ਦੇ ਆਦੇਸ਼ ਦਿੱਤੇ। ਸੋਨਾਲਡੀ ਕੁਮਾਰ ਨੇ ਜੰਗਲਾਤ ਸੁਰੱਖਿਆ ਸਬੰਧੀ ਸਾਰੇ ਕਾਨੂੰਨ, ਜਿਨ੍ਹਾਂ ਅਨੁਸਾਰ ਜੰਗਲਾਤ ਮਹਿਕਮੇ ਦੀ ਕਿਸੇ ਵੀ ਜ਼ਮੀਨ ਦੀ ਵਰਤੋਂ ਲਈ ਕੈਬਿਨਟ ਤੋਂ

ਮਨਜ਼ੂਰੀ ਲੈਣੀ ਪੈਂਦੀ ਹੈ, ਨੂੰ ਲਾਂਭੇ ਰੱਖ ਕੇ ਅਰੁਣ ਕੁਮਾਰ ਦੇ ਆਦੇਸ਼ਾਂ ਦਾ ਪਾਲਣ ਕੀਤਾ।

ਜੰਮੂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਨੇ ਜਦੋਂ ਇਸ 'ਤੇ ਸਵਾਲ ਕੀਤਾ ਤਾਂ ਰਾਜਪਾਲ ਨੇ ਖੁਦ ਨੂੰ ਹੀ ਸਭ ਕੁੱਝ ਐਲਾਨਦੇ ਹੋਏ ਕਿਹਾ ਕਿ ਉਹਨਾਂ ਨੂੰ ਨਿੱਜੀ ਸੰਤੁਸ਼ਟੀ ਦੇ ਅਧਾਰ 'ਤੇ ਜੋ ਠੀਕ ਲੱਗੇਗਾ ਉਹੀ ਕਰਨਗੇ ਅਤੇ ਉਹਨਾਂ ਨੂੰ ਮੁੱਖ ਮੰਤਰੀ ਦੀ ਸਲਾਹ ਦੀ ਕੋਈ ਲੋੜ ਨਹੀਂ ਹੈ। ਸ਼ਾਇਦ ਰਾਜਪਾਲ ਨੂੰ ਇਹ ਪਤਾ ਨਹੀਂ ਕਿ ਸ਼ਰਾਈਨ ਬੋਰਡ ਇੱਕ ਸੰਵਿਧਾਨਕ ਸੰਸਥਾ ਹੈ ਅਤੇ ਇਹ ਪੂਰੀ ਤਰ੍ਹਾਂ ਅਦਾਲਤ ਅਤੇ ਵਿਧਾਇਕਾਂ ਪ੍ਰਤੀ ਜਵਾਬਦੇਹ ਹੈ। ਇਸ ਪੂਰੀ ਕਾਰਸਤਾਨੀ ਤੋਂ ਬਾਅਦ ਮਈ, 2008 ਨੂੰ ਸ਼ਰਾਈਨ ਬੋਰਡ ਦੇ ਉੱਚ ਅਧਿਕਾਰੀ ਨੇ ਇਹ ਐਲਾਨ ਕੀਤਾ ਕਿ ਸਫਰ ਸਾਲ ਭਰ ਚੱਲੇਗਾ ਅਤੇ ਜੰਗਲਾਤ ਵਿਭਾਗ ਦੁਆਰਾ ਜ਼ਮੀਨ ਪੂਰੀ ਤਰ੍ਹਾਂ ਬੋਰਡ ਨੂੰ ਸੌਂਪ ਦਿੱਤੀ ਗਈ ਹੈ।

2000 ਵਿੱਚ ਸ਼ਰਾਈਨ ਬੋਰਡ ਦੇ ਗਠਨ ਤੋਂ ਬਾਅਦ ਮਈ, 2008 ਜਦੋਂ ਤੱਕ ਕਿ ਜ਼ਮੀਨ ਅਲਾਟ ਕਰਨ ਦਾ ਐਲਾਨ ਹੋਇਆ, ਤਦ ਤੱਕ ਕਈ ਸਾਰੀਆਂ ਗੱਲਾਂ ਧਿਆਨ ਦੇਣ ਯੋਗ ਹਨ। ਅਮਰਨਾਥ ਸ਼ਰਾਈਨ ਬੋਰਡ ਰਾਹੀਂ ਭੂਮੀ ਅਲਾਟ ਕਰਨ ਨੂੰ ਲੈ ਕੇ ਜਿਹੜਾ ਤਰਕ ਦਿੱਤਾ ਗਿਆ ਉਹ ਕੁੱਝ ਇਸ ਤਰ੍ਹਾਂ ਸੀ। 1990 ਤੋਂ ਲੈ ਕੇ 2008 ਦਰਮਿਆਨ ਅਮਰਨਾਥ ਯਾਤਰਾ ਲਈ ਆਉਣ ਵਾਲ਼ੇ ਮੁਸਾਫਰਾਂ ਦੀ ਸੰਖਿਆ ਵਿੱਚ ਭਾਰੀ ਵਾਧਾ ਹੋਇਆ ਹੈ। ਇਨ੍ਹਾਂ ਮੁਸਾਫਰਾਂ ਨੂੰ ਰਹਿਣ, ਖਾਣ ਆਦਿ ਸਹੂਲਤਾਂ ਮੁਹੱਈਆ ਕਰਾਉਣ ਲਈ ਜ਼ਮੀਨ ਦੀ ਲੋੜ ਹੈ। ਨਿਸ਼ਚਿਤ ਹੀ ਮੁਸਾਫ਼ਰਾਂ ਲਈ ਸਹੂਲਤਾਂ ਕਰਾਉਣ ਲਈ ਜ਼ਮੀਨ ਦੀ ਲੋੜ ਹੈ। ਨਿਸ਼ਚਿਤ ਹੀ ਮੁਸਾਫ਼ਰਾਂ ਲਈ ਸਹੂਲਤਾਂ ਦੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ, ਪਰ ਜੇਕਰ ਸਫ਼ਰ ਸਾਲ ਵਿੱਚ ਸਿਰਫ 3 ਮਹੀਨੇ ਲਈ ਹੁੰਦਾ ਹੈ, ਤਾਂ ਫਿਰ ਪੂਰੇ ਸਾਲ ਭਰ ਲਈ ਜ਼ਮੀਨ ਦੀ ਕੀ ਲੋੜ ਹੈ। ਦੂਜੀ ਗੱਲ ਜੇਕਰ ਮੁਸਾਫਰਾਂ ਦੀਆਂ ਸਹੂਲਤਾਂ ਦੀ ਹੀ ਗੱਲ ਹੈ ਤਾਂ ਜ਼ਮੀਨ ਸੋਨਮਾਰਗ ਵਾਲ਼ੇ ਰਸਤੇ, ਜਿਹੜਾ ਕਿ ਖ਼ਤਰਿਆਂ ਭਰਿਆ ਰਸਤਾ ਹੈ ਅਤੇ ਬਹੁਤ ਘੱਟ ਮੁਸਾਫਰ ਇਸਦੀ ਵਰਤੋਂ ਕਰਦੇ ਹਨ 'ਤੇ ਕਿਉਂ ਲੈਣ ਜਾ ਰਹੇ ਹਨ। ਇਹ ਜ਼ਮੀਨ ਤਾਂ ਸ੍ਰੀ ਨਗਰ ਤੋਂ ਪਹਿਲਗਾਮ ਵਾਲ਼ੇ ਰਾਹ 'ਤੇ ਲੈਣੀ ਚਾਹੀਦੀ ਸੀ। ਇਸ ਤੋਂ ਇਲਾਵਾ ਜੇਕਰ ਮੁਸਾਫਰਾਂ ਦੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਮੀਨ ਲੈ ਚੁੱਕੇ ਹਨ, ਤਾਂ ਭਾਰਤ ਦੇ ਕਿਸੇ ਹੋਰ ਤੀਰਥ ਸਥਾਨ ਜਿਵੇਂ ਕੁੰਭ ਦਾ ਮੇਲਾ, ਉਤਰਾਖੰਡ ਵਿੱਚ ਗੰਗੋਤਰੀ ਅਤੇ ਗੋਮੁਖ ਆਦਿ ਜਿੱਥੇ ਮੁਸਾਫਰਾਂ ਦੀ ਤਦਾਦ ਅਮਰਨਾਥ ਤੋਂ ਕਿਤੇ ਵੱਧ ਹੁੰਦੀ ਹੈ, ਉੱਥੇ ਜ਼ਮੀਨ ਅਲਾਟ ਕਰਨ ਦਾ ਕੋਈ ਪ੍ਰਬੰਧ ਕਿਉਂ ਨਹੀਂ ਕੀਤਾ ਗਿਆ ਹੈ। ਇਨ੍ਹਾਂ ਤੀਰਥ ਸਥਾਨਾਂ 'ਤੇ ਸਫ਼ਰ ਦੌਰਾਨ ਪ੍ਰਸ਼ਾਸਨ ਆਲ਼ੇ-ਦੁਆਲ਼ੇ ਦੀ ਜ਼ਮੀਨ ਅਸਥਾਈ ਤੌਰ 'ਤੇ ਵਰਤੋਂ ਵਿੱਚ ਲਿਆਉਂਦਾ ਹੈ ਅਤੇ ਫਿਰ ਜ਼ਮੀਨ ਵਾਪਸ ਦੇ ਦਿੱਤੀ ਜਾਂਦੀ ਹੈ।

ਪੂਰੇ ਮੱਸਲੇ ਦੀ ਠੀਕ ਢੰਗ ਨਾਲ਼ ਪੜਤਾਲ਼ ਕਰਨ ਤੋਂ ਬਾਅਦ ਪਤਾ ਲੱਗੇਗਾ ਕਿ ਮੁਸਾਫਰਾਂ ਦੀਆਂ ਸਹੂਲਤਾਂ ਤਾਂ ਇੱਕ ਬਹਾਨਾ ਹੈ, ਜ਼ਮੀਨ ਦੇਣ ਪਿੱਛੇ ਕੁੱਝ ਲੋਕਾਂ ਦੇ ਨਿੱਜੀ ਹਿੱਤ ਕੰਮ ਕਰ ਰਹੇ ਹਨ। ਪਿਛਲੇ ਦਹਾਕੇ ਦੌਰਾਨ ਭਾਰਤ ਵਿੱਚ ਤੀਰਥ ਯਾਤਰਾਵਾਂ ਲਈ ਜਾਣ ਵਾਲ਼ੇ ਮੁਸਾਫਰਾਂ ਦੇ ਜਮਾਤੀ-ਖਾਸੇ ਵਿੱਚ ਵੱਡੀ ਤਬਦੀਲੀ ਆਈ ਹੈ। ਜਿੱਥੇ 60 ਦੇ ਦਹਾਕੇ ਵਿੱਚ ਮੱਧ-ਵਰਗ ਬਹੁਤ ਮੁਸ਼ਕਲ ਨਾਲ਼ ਸਫ਼ਰ ਖਰਚ ਝੱਲਦਾ ਸੀ, ਉੱਥੇ ਅੱਜ ਤੀਰਥ-ਯਾਤਰਾਵਾਂ 'ਤੇ ਪਹੁੰਚਣ ਵਾਲ਼ੇ ਮੁਸਾਫਰ ਮਹਿੰਗੀਆਂ ਸੁੱਖ-ਸਹੂਲਤਾਂ ਚਾਹੁੰਦੇ ਹਨ। ਅਮਰਨਾਥ ਯਾਤਰਾ ਦੀ ਵੀ ਇਹੀ ਸਥਿਤੀ ਹੈ। ਇੱਕ ਆਮ ਆਦਮੀ ਜਿੱਥੇ ਅਜਿਹੀਆਂ ਯਾਤਰਾਵਾਂ ਦਾ ਸਿਰਫ਼ ਸੁਪਨਾ ਦੇਖ ਸਕਦਾ ਹੈ, ਉੱਥੇ ਅੱਜ ਉਦਯੋਗਪਤੀਆਂ ਤੋਂ ਲੈ ਕੇ ਦੁਕਾਨਦਾਰਾਂ ਦੀ ਜੋ ਭੀੜ ਇੱਥੇ ਪਹੁੰਚਦੀ ਹੈ, ਉਹ ਹਵਾਈ ਜਹਾਜ ਦੀ ਵਰਤੋਂ ਕਰਦੀ ਹੈ ਅਤੇ ਸਫ਼ਰ ਦੌਰਾਨ ਮਹਿੰਗੀਆਂ ਸੁੱਖ-ਸਹੂਲਤਾਂ ਚਾਹੁੰਦੀ ਹੈ। ਉਸਨੂੰ ਟੈਂਟ ਦੀ ਬਜਾਏ ਵੱਡੇ ਹੋਟਲ ਚਾਹੀਦੇ ਹਨ, ਛੋਟੀਆਂ-ਵੱਡੀਆਂ ਦੁਕਾਨਾਂ ਦੀ ਬਜਾਏ ਵੱਡੇ ਰੈਸਤਰਾਂ ਅਤੇ ਸ਼ਾਪਿੰਗ ਮਾਲ ਚਾਹੀਦੇ ਹਨ। ਇਨ੍ਹਾਂ ਸਾਰੀਆਂ ਚੀਜਾਂ ਨੂੰ ਖੜ੍ਹਾ ਕਰਕੇ ਬਹੁਤ ਵੱਡਾ ਮੁਨਾਫਾ ਕਮਾਇਆ ਜਾ ਸਕਦਾ ਹੈ ਅਤੇ ਬਹੁਤੇ ਲੋਕਾਂ ਦੀ ਇਸ 'ਤੇ ਨਜ਼ਰ ਸੀ। ਸ਼ਰਾਈਨ ਬੋਰਡ ਦੇ ਬਣਨ ਪਿੱਛੇ ਮੁੱਖ ਉਦੇਸ਼ ਇਹੀ ਸੀ। ਇਸ ਕੰਮ ਵਿੱਚ ਜਿਹੜੀ ਇੱਕ ਮੁਸ਼ਕਿਲ ਸਾਹਮਣੇ ਆਈ, ਉਹ ਇਹ ਕਿ ਵੱਡੇ ਹੋਟਲ ਤੋਂ ਲੈ ਕੇ ਸ਼ਾਪਿੰਗ ਮਾਲ ਖੜ੍ਹੇ ਕਰਨ ਲਈ ਸਥਾਈ ਤੌਰ 'ਤੇ ਜ਼ਮੀਨ ਚਾਹੀਦੀ ਹੋਵੇਗੀ। ਭਾਵ ਕਿ ਜ਼ਮੀਨ ਦੀ ਮਾਲਕੀ ਚਾਹੀਦੀ ਹੋਵੇਗੀ। ਇਸ ਮਾਲਕੀ ਨੂੰ ਹਾਸਿਲ ਕਰਨ ਲਈ ਅਕਤੂਬਰ, 2004 ਤੋਂ ਲੈ ਕੇ ਮਈ, 2008 ਤੱਕ ਪੂਰਾ ਨਾਟਕ ਕੀਤਾ ਗਿਆ। ਐੱਸ. ਕੇ. ਸਿਨ੍ਹਾ ਨੂੰ ਲੈ ਕੇ ਅਰੁਣ ਕੁਮਾਰ ਅਤੇ ਸੋਨਾਲੀ ਕੁਮਾਰ ਤੱਕ ਸਾਰਿਆਂ ਨੇ ਇਹ ਚੰਗੀ ਤਰ੍ਹਾਂ ਸਿੱਧ ਕੀਤਾ ਕਿ ਨਿਯਮਾਂ ਅਤੇ ਕਾਨੂੰਨਾਂ ਦੀ ਕੀ ਅਸਲੀਅਤ ਹੈ। ਪੈਸੇ ਵਾਲ਼ੇ ਲੋਕਾਂ ਸਾਹਮਣੇ, ਕੋਰਟ-ਕਚਿਹਰੀਆਂ ਤੋਂ ਲੈ ਕੇ ਰਾਜਪਾਲ ਤੱਕ ਸਾਰੇ ਆਪਣੇ ਕੰਮ ਬਿਹਤਰ ਢੰਗ ਨਾਲ਼ ਸਮਝਦੇ ਹਨ।

ਜੇਕਰ ਮੁੱਦਾ ਇੱਥੋਂ ਤੱਕ ਸੀਮਤ ਰਹਿੰਦਾ, ਤਾਂ ਸ਼ਾਇਦ ਲੋਕ ਗ਼ੈਰ-ਕਾਨੂੰਨੀ ਤੌਰ 'ਤੇ ਕੀਤੀ ਗਈ ਜ਼ਮੀਨ ਦੀ ਅਲਾਟਮੈਂਟ ਨੂੰ ਪ੍ਰਵਾਨ ਕਰ ਲੈਂਦੇ, ਪਰ ਪੂਰੇ ਮੁੱਦੇ ਨੇ ਇੱਥੇ ਇੱਕ ਵੱਖਰਾ ਮੋੜ ਲੈ ਲਿਆ। ਹੁਣੇ ਹੀ ਆ ਰਹੀਆਂ ਕੇਂਦਰੀ ਚੋਣਾਂ ਅਤੇ ਜੰਮੂ-ਕਸ਼ਮੀਰ ਵਿਧਾਨਸਭਾ ਚੋਣਾਂ ਨੂੰ ਵੇਖਦੇ ਹੋਏ ਹਿੰਦੂਵਾਦੀਆਂ ਨੇ ਪਹਿਲ ਕੀਤੀ। ਰਾਸ਼ਟਰੀ ਸਵੈ-ਸੇਵਕ ਸੰਘ ਤੋਂ ਲੈ ਕੇ ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ ਤੱਕ ਸਾਰਿਆਂ ਨੇ ਇਸ ਪੂਰੇ ਮੁੱਦੇ ਨੂੰ ਧਾਰਮਿਕ ਰੰਗਤ ਦੇਣ ਦੀਆਂ ਕਵਾਇਦਾਂ ਸ਼ੁਰੂ ਕੀਤੀਆਂ। ਇਹ ਦਲੀਲ ਦਿੰਦੇ ਹੋਏ ਕਿ ਕਿਉਂ ਜੋ ਅਮਰਨਾਥ ਗੁਫਾ ਹਿੰਦੂਆਂ ਦਾ ਤੀਰਥ ਸਥਾਨ ਅਤੇ ਇਸ ਸਫਰ ਲਈ ਆਉਣ ਵਾਲ਼ੀ ਬਹੁ ਗਿਣਤੀ ਅਬਾਦੀ ਹਿੰਦੂਆਂ ਦੀ ਹੈ। ਇਸ ਲਈ ਕਸ਼ਮੀਰੀ ਲੋਕ ਅਤੇ ਮੁਫ਼ਤੀ ਮੁਹੰਮਦ ਸਈਦ ਸਰਕਾਰ ਸ਼ਰਾਈਨ ਬੋਰਡ ਨੂੰ ਜ਼ਮੀਨ ਨਹੀਂ ਦੇ ਰਹੀ ਹੈ। ਉਹਨਾਂ ਅਨੁਸਾਰ ਕਸ਼ਮੀਰੀ ਨਹੀਂ ਚਾਹੁੰਦੇ ਕਿ ਹਿੰਦੂਆਂ ਨੂੰ ਯਾਤਰਾ ਦੌਰਾਨ ਸੁੱਖ-ਸਹੂਲਤਾਂ ਮਿਲ ਸਕਣ। ਇਸ ਦਲੀਲ ਦੇ ਦਮ 'ਤੇ ਉਹਨਾਂ ਨੇ ਜੰਮੂ ਵਿੱਚ ਸੰਘਰਸ਼ ਵਿੱਢਣ ਦੀ ਕੋਸ਼ਿਸ਼ ਕੀਤੀ। ਇਸ ਲਈ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਸੰਘੀਆਂ ਅਤੇ ਵਿਹਿਪ ਕਾਰਕੁੰਨਾਂ ਨੂੰ ਜੰਮੂ ਰਵਾਨਾ ਕੀਤਾ ਗਿਆ। ਇਸ ਸਭ ਦੇ ਬਾਵਜੂਦ ਲੰਮੇ ਸਮੇਂ ਤੱਕ ਲੋਕ ਇਹਨਾਂ ਨਾਲ਼ ਖੜੇ ਹੋਣ ਲਈ ਤਿਆਰ ਨਹੀਂ ਸਨ। ਲੰਮੇ ਯਤਨਾਂ ਅਤੇ ਭੜਕਾਊ ਭਾਸ਼ਣਾਂ

ਅਤੇ ਨਾਅਰਿਆਂ ਬਾਅਦ ਲੋਕ ਕਸ਼ਮੀਰ ਵਿੱਚ ਖੜ੍ਹੀ ਕੀਤੀ ਲਹਿਰ ਦੀ ਪ੍ਰਤੀਕਿਰਿਆ ਸਦਕਾ ਇਸ ਲਹਿਰ ਵਿਚ ਸ਼ਮੂਲੀਅਤ ਕਰਨ ਲਈ ਅੱਗੇ ਆਏ।

ਹਿੰਦੂਵਾਦੀ ਜੱਥੇਬੰਦੀਆਂ ਦੇ ਕਾਰਕੁੰਨਾਂ ਤੋਂ ਅਸੀਂ ਪੁੱਛਣਾ ਚਾਹਾਂਗੇ ਕਿ ਕੀ ਉਹਨਾਂ ਨੂੰ ਉਦੋਂ ਕੋਈ ਔਖ ਕਿਉਂ ਨਹੀਂ ਹੋਈ ਜਦੋਂ ਇਹੀ ਕਸ਼ਮੀਰੀ ਅਮਰਨਾਥ ਦੇ ਮੁਸਾਫਰਾਂ ਦੇ ਰਹਿਣ-ਸਹਿਣ ਤੋਂ ਲੈ ਕੇ ਖਾਣ-ਪੀਣ ਦੇ ਸਾਰੇ ਪ੍ਰਬੰਧ ਕਰਦੇ ਸਨ। ਉਹਨਾਂ ਨੂੰ ਅੱਜ ਹਿੰਦੂਆਂ ਦੀ ਬਹੁਤ ਯਾਦ ਆ ਰਹੀ ਹੈ। ਜਦੋਂ ਮੁੱਠੀ ਭਰ ਧਨਾਢਾਂ ਦੇ ਹਿੱਤ ਪ੍ਰਭਾਵਿਤ ਹੋ ਰਹੇ ਹਨ।

ਇੱਕ ਪਾਸੇ ਜਿੱਥੇ ਹਿੰਦੂਵਾਦੀਆਂ ਨੇ ਇਹ ਪੈਂਤੜਾ ਅਪਣਾਇਆ ਉੱਥੇ ਹੁਰੀਅਤ ਵਰਗੀ ਵੱਖਵਾਦੀ ਜੱਥੇਬੰਦੀ ਨੇ ਵੀ ਮੌਕੇ ਦਾ ਪੂਰਾ ਫਾਇਦਾ ਲਿਆ। ਉਹਨਾਂ ਨੇ ਦਲੀਲ ਦਿੱਤੀ ਕਿ ਇਸ ਤਰ੍ਹਾਂ ਜ਼ਮੀਨ ਅਲਾਟ ਕਰਕੇ, ਕਸ਼ਮੀਰ ਜਿਹੜਾ ਕਿ ਮੁਸਲਿਮ ਅਬਾਦੀ ਵਾਲ਼ਾ ਇਲਾਕਾ ਹੈ। ਉੱਥੋਂ ਦੀ ਅਬਾਦੀ ਦਾ ਅਨੁਪਾਤ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਅਨੁਸਾਰ ਇਸ 'ਤੇ ਹਿੰਦੂਆਂ ਨੂੰ ਵਸਾਇਆ ਜਾਵੇਗਾ ਅਤੇ ਮੁਸਲਮਾਨਾਂ ਦੀ ਬਹੁਗਿਣਤੀ ਦੇ ਅਨੁਪਾਤ ਨੂੰ ਪ੍ਰਭਾਵਿਤ ਕੀਤਾ ਜਾਵੇਗਾ। ਇਸ ਦਲੀਲ ਨੇ ਕਸ਼ਮੀਰੀ ਲੋਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਸਿੱਟੇ ਵਜੋਂ ਉੱਥੇ ਇੱਕ ਵਿਸ਼ਾਲ ਲੋਕ ਲਹਿਰ ਖੜ੍ਹੀ ਹੋ ਗਈ। ਇਸ ਲਹਿਰ ਵਿੱਚ ਬਜ਼ੁਰਗਾਂ ਅਤੇ ਨਾਗਰਿਕਾਂ ਨੂੰ ਲੈ ਕੇ ਨੌਜਵਾਨਾਂ ਅਤੇ ਸਕੂਲੀ ਬੱਚਿਆਂ ਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਇਹ ਜ਼ਰੂਰੀ ਹੈ ਕਿ ਇਸ ਗੱਲ ਦੀ ਪੜਤਾਲ਼ ਕੀਤੀ ਜਾਵੇ ਕਿ ਜਿੱਥੇ ਜੰਮੂ ਵਿੱਚ ਲਹਿਰ ਦਾ ਪੱਧਰ ਬਹੁਤ ਸੀਮਤ ਸੀ, ਉੱਥੇ ਕਸ਼ਮੀਰ ਵਿੱਚ ਇਸ ਮੁੱਦੇ ਨੂੰ ਲੈ ਕੇ ਵਿਸ਼ਾਲ ਲਹਿਰ ਉੱਭਰ ਆਈ। ਬੁਨਿਆਦੀ ਕਾਰਨ ਹੈ, ਕਸ਼ਮੀਰ ਦੇ ਲੋਕਾਂ ਨਾਲ਼ ਪਿਛਲੇ 60 ਸਾਲ ਤੋਂ ਕੀਤਾ ਜਾਣ ਵਾਲਾ ਮਤਰੇਈਆਂ ਵਾਲ਼ਾ ਸਲੂਕ। ਅਜ਼ਾਦੀ ਦੇ ਤੁਰੰਤ ਬਾਅਦ ਹੀ ਜੰਮੂ ਅਤੇ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਬਣਾਉਣ ਨੂੰ ਲੈ ਕੇ ਵਿਵਾਦ ਰਿਹਾ ਸੀ। ਜੰਮੂ ਅਤੇ ਕਸ਼ਮੀਰ ਰਾਜ ਰਾਜਾ ਹਰੀ ਸਿੰਘ ਦੇ ਅਧੀਨ ਸੀ। ਪੰਡਿਤ ਨਹਿਰੂ ਨੇ ਰਾਜਾ ਹਰੀ ਸਿੰਘ ਨੂੰ ਨਾਲ਼ ਲੈ ਕੇ ਜੰਮੂ ਅਤੇ ਕਸ਼ਮੀਰ ਨੂੰ ਭਾਰਤ ਵਿੱਚ ਮਿਲ਼ਾ ਲਿਆ। ਉਸ ਸਮੇਂ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਵਿਸ਼ਵਾਸ ਵਿੱਚ ਨਹੀਂ ਲਿਆ ਗਿਆ। ਭਾਰਤ ਅਤੇ ਗੁਆਂਢੀ ਦੇਸ਼ ਦੋਨਾਂ ਦੇ ਲੋਕ ਕੀ ਚਾਹੁੰਦੇ ਹਨ ? ਇਸਦੀ ਅਣਦੇਖੀ ਕਰਦੇ ਹੋਏ ਆਪਣੇ ਰਾਜ ਵਿਸਥਾਰ ਦੀ ਲਾਲਸਾ ਲੈ ਕੇ ਵੱਧਦੇ ਗਏ। ਉਂਝ ਪੰਡਿਤ ਨਹਿਰੂ ਅਤੇ ਸਾਡੇ ਗੁਆਂਢੀ ਦੇਸ਼ਾਂ ਦੇ ਆਗੂਆਂ ਤੋਂ ਇਸ ਤੋਂ ਇਲਾਵਾ ਕੁੱਝ ਉਮੀਦ ਨਹੀਂ ਕੀਤੀ ਜਾ ਸਕਦੀ।

ਭਾਰਤ ਵਿੱਚ ਜੰਮੂ ਅਤੇ ਕਸ਼ਮੀਰ ਦੇ ਇਲਹਾਕ ਦੇ ਤੁਰੰਤ ਬਾਅਦ ਤੋਂ ਹੀ ਉੱਥੇ ਸਰਕਾਰੀ ਜ਼ਬਰ ਜਾਰੀ ਰਿਹਾ ਹੈ। ਨਹਿਰੂ ਨੂੰ ਇਸ ਗੱਲ ਦਾ ਡਰ ਸੀ, ਕਿ ਕਿਤੇ ਵਿਸ਼ਾਲ ਲਹਿਰ ਨਾ ਖੜ੍ਹੀ ਹੋ ਜਾਵੇ ਅਤੇ ਆਪਣੇ ਹੱਕਾਂ ਦੀ ਗੱਲ ਕਰਨ ਲੱਗੇ. ਜਿੱਥੇ ਲੋਕਾਂ ਵਿੱਚ ਫੈਲੀ ਬੇਚੈਨੀ ਨੂੰ ਇੱਕ ਸੁਚੱਜਾ ਸ਼ਾਸਨ ਸੌਂਪਣ ਅਤੇ ਜਿਉਂਦੇ ਰਹਿਣ ਲਈ ਬੁਨਿਆਦੀ ਸਹੂਲਤਾਂ ਦੇ ਕੇ, ਦੂਰ ਕੀਤੇ ਜਾਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਸੀ, ਉੱਥੇ ਲੋਕਾਂ 'ਤੇ ਜ਼ਬਰ ਦੀ ਨੀਤੀ ਅਪਣਾਈ ਗਈ। ਪਰ ਇਸ ਵਿੱਚ ਨਹਿਰੂ ਦੀ ਵੀ ਗਲਤੀ ਨਹੀਂ ਹੈ। ਇਸ ਪ੍ਰਬੰਧ ਵਿੱਚ ਵਿਸ਼ਾਲ ਲੋਕਾਈ ਨੂੰ ਜਿਉਣ ਦੀਆਂ ਸਹੂਲਤਾਂ ਮੁਹੱਈਆ ਕਰਾਉਣਾ ਅਸੰਭਵ ਹੈ। ਇਸ ਵਿੱਚ ਵੀ ਜੰਮੂ ਅਤੇ ਕਸ਼ਮੀਰ ਨਾਲ਼ ਵੱਖ-ਵੱਖ ਸਲੂਕ ਕੀਤਾ ਗਿਆ। ਕਿਉਂਕਿ ਕਸ਼ਮੀਰ ਪਾਕਿਸਤਾਨ ਦੇ ਵੱਧ ਨੇੜੇ ਸੀ ਅਤੇ ਉੱਥੇ ਮੁਸਲਿਮ ਅਬਾਦੀ ਦੀ ਵਧੇਰੇ ਸੀ, ਉੱਥੇ ਜ਼ਬਰ ਵਧੇਰੇ ਤਿੱਖਾ ਸੀ। ਜੰਮੂ ਵਿੱਚ ਜਿੱਥੇ ਕੁੱਝ ਹਸਪਤਾਲ, ਸਕੂਲ, ਕਾਲਜ ਆਦਿ ਬਣਵਾਏ ਗਏ, ਉੱਥੇ ਕਸ਼ਮੀਰ ਵਿੱਚ ਇਸ ਤਰ੍ਹਾਂ ਦੀ ਕੋਈ ਵੀ ਸਹੂਲਤ ਮੁਹੱਈਆ ਨਹੀਂ ਕਰਵਾਈ ਗਈ। ਇਸ ਕਾਰਨ ਲਗਾਤਾਰ ਲੋਕ ਸੜਕਾਂ 'ਤੇ ਆ ਰਹੇ ਸਨ ਅਤੇ ਅਜ਼ਾਦੀ ਦੀ ਮੰਗ ਕਰ ਰਹੇ ਸਨ। ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਸਰਕਾਰ ਨੇ ਫ਼ੌਜ ਰਾਹੀਂ ਜ਼ਬਰ ਢਾਹਿਆ। ਪਿਛਲੇ ਸੱਠਾਂ ਸਾਲਾਂ ਤੋਂ ਲਗਾਤਾਰ ਫ਼ੌਜ ਦੇ ਜਵਾਨਾਂ ਦਾ ਹੱਥ ਖੁੱਲ੍ਹਾ ਛੱਡਿਆ ਗਿਆ ਹੈ। ਇਹੀ ਕਾਰਨ ਹੈ ਕਿ ਹਰ ਰੋਜ ਬੇਗੁਨਾਹ ਲੋਕਾਂ ਨੂੰ ਦਹਿਸ਼ਤਗਰਦੀ ਦੇ ਨਾਂ 'ਤੇ ਮਾਰਿਆ ਜਾਂਦਾ ਹੈ, ਬੱਚਿਆਂ ਅਤੇ ਇਸਤਰੀਆਂ ਨਾਲ਼ ਬਦਸਲੂਕੀ ਕੀਤੀ ਜਾਂਦੀ ਹੈ। ਇਸ 'ਤੇ ਜਦੋਂ ਲੋਕ ਵਿਦਰੋਹ ਕਰਦੇ ਹਨ, ਤਾਂ ਉਹਨਾਂ 'ਤੇ ਵੱਖਵਾਦੀ ਦਾ ਲੇਬਲ ਜੜ ਦਿੱਤਾ ਜਾਂਦਾ ਹੈ। ਭਾਰਤ ਸਰਕਾਰ ਦੇ ਜੰਮੂ ਅਤੇ ਕਸ਼ਮੀਰ ਨਾਲ਼ ਦੋਹਰੇ ਸਲੂਕ ਦੀ ਝਲਕ ਹੁਣ ਹੀ ਦੀ ਲਹਿਰ ਦੌਰਾਨ ਵੀ ਮਿਲ਼ੀ ਹੈ। ਜੰਮੂ ਵਿੱਚ ਜਿੱਥੇ ਬਹੁਤ ਘੱਟ ਲੋਕ ਮਰੇ ਅਤੇ ਕਰਫਿਊ ਵੀ ਸਧਾਰਨ ਰੱਖਿਆ ਗਿਆ, ਉੱਥੇ ਕਸ਼ਮੀਰ ਵਿੱਚ ਬਹੁਤ ਲੋਕ ਮਾਰੇ ਗਏ। ਜੇਕਰ ਉੱਥੋਂ ਦੇ ਅਖ਼ਬਾਰਾਂ ਦੀਆਂ ਖ਼ਬਰਾਂ ਨੂੰ ਮੰਨਿਆ ਜਾਵੇ ਤਾਂ ਸ਼ਾਇਦ ਪਿਛਲੇ ਸਾਲਾਂ ਵਿੱਚ ਹੋਇਆ ਸਭ ਤੋਂ ਭਿਆਨਕ ਜ਼ਬਰ ਸੀ। ਆਮ ਲੋਕਾਂ ਤੋਂ ਲੈ ਕੇ ਡਾਕਟਰਾਂ ਤੱਕ ਨੂੰ ਸ਼ਰੇਆਮ ਮਾਰਿਆ ਗਿਆ। ਅਜਿਹੇ ਵਿੱਚ ਕਿਉਂ ਨਾ ਕਰਨ ਉੱਥੋਂ ਦੇ ਲੋਕ ਅਜ਼ਾਦੀ ਦੀ ਮੰਗ! ਕਿਉਂ ਨਾ ਕਰਨ ਉਹ ਲੋਕ ਦੂਜੇ ਮੁਲਕ ਨਾਲ਼ ਜੁੜਨ ਦੀ ਗੱਲ! ਲੋਕ ਵੱਖਵਾਦੀ ਨਹੀਂ ਹਨ, ਪਰ ਪਿਛਲੇ 60 ਸਾਲਾਂ ਤੋਂ ਭਾਰਤ ਸਰਕਾਰ ਉਹਨਾਂ ਨੂੰ ਵੱਖਵਾਦੀ ਬਣਨ ਲਈ ਮਜ਼ਬੂਰ ਕਰ ਰਹੀ ਹੈ।

ਇਸ ਸਭ ਵਿੱਚੋਂ ਜਿਹੜਾ ਸਭ ਤੋਂ ਵੱਡਾ ਸਵਾਲ ਉੱਭਰ ਕੇ ਆਉਂਦਾ ਹੈ, ਉਹ ਇਹ ਕਿ ਆਮ ਲੋਕ ਕੀ ਕਰਨ ? ਕੀ ਉਹ ਭਾਰਤੀ ਦਾਬੇ ਨੂੰ ਪ੍ਰਵਾਨ ਕਰਕੇ ਚੁੱਪ ਕਰਕੇ ਬਹਿ ਜਾਣ ? ਜਾਂ ਫਿਰ ਹੁਰੀਅਤ ਦੇ ਕਹਿਣ 'ਤੇ ਇੱਕ ਅਜ਼ਾਦ ਰਾਜ ਦੀ ਸਥਾਪਨਾ ਦੀ ਮੰਗ ਕਰਨ। ਜਾਂ ਫਿਰ ਪਾਕਿਸਤਾਨ 'ਚ ਸ਼ਾਮਿਲ ਹੋ ਜਾਣ। ਇਨ੍ਹਾਂ ਵਿੱਚੋਂ ਕੁੱਝ ਵੀ ਹੋਵੇ ਬਾਹਰਮੁਖੀ ਸੱਚਾਈ ਇਹ ਹੈ, ਭਾਰਤ ਸਰਕਾਰ ਹੋਵੇ, ਪਾਕਿਸਤਾਨ ਸਰਕਾਰ ਹੋਵੇ ਜਾਂ ਫਿਰ ਹੁਰੀਅਤ ਉਹਨਾਂ ਨੂੰ ਆਮ ਲੋਕਾਈ ਨਾਲ਼ ਕੋਈ ਸਰੋਕਾਰ ਨਹੀਂ ਹੈ। ਉਹਨਾਂ ਦਾ ਸਰੋਕਾਰ ਹੈ ਤਾਂ ਸਿਰਫ਼ ਸ਼ਾਸਨ ਦੀ ਵਾਗਡੋਰ ਨਾਲ਼। ਇਸ ਸੰਕਟ ਦੀਆਂ ਜੜ੍ਹਾਂ ਕਿਤੇ ਨਾ ਕਿਤੇ ਦੁਨੀਆਂ ਵਿੱਚ ਇਸ ਸਮੇਂ ਸਥਾਪਿਤ ਉਸ ਅਨਿਆਂ ਅਤੇ ਲੁੱਟ ਦੇ ਢਾਂਚੇ ਨਾਲ਼ ਜੁੜੀਆਂ ਹਨ ਜਿਹੜਾ ਆਮ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦਾ। ਭਾਰਤ ਹੋਵੇ ਜਾਂ ਪਾਕਿਸਤਾਨ ਜਾਂ ਫਿਰ ਇੱਕ ਅਜ਼ਾਦ ਕਸ਼ਮੀਰ, ਆਮ ਲੋਕਾਂ ਦੀ ਮੁਕਤੀ ਦਾ ਰਾਹ ਫੈਸਲਾਕੁੰਨ ਪ੍ਰਬੰਧ ਤਬਦੀਲੀ ਨਾਲ਼ ਹੀ ਸੰਭਵ ਹੈ। ਇਹਨਾਂ ਸਭ ਦੇ ਬਾਵਜੂਦ ਤੈਅ ਕਰਨ ਦੇ ਆਖਰੀ ਹੱਕਦਾਰ ਕਸ਼ਮੀਰੀ ਲੋਕ ਹੀ ਹਨ। ਇਹੋ ਸੱਚੀ ਜਮਹੂਰੀਅਤ ਦਾ ਨਿਯਮ ਹੈ।

ਦਹਿਸ਼ਤਗਰਦੀ ਬਨਾਮ ਕਾਲ਼ੇ ਕਾਨੂੰਨ

ਬਹਾਨਾ ਹੋਰ ਨਿਸ਼ਾਨਾ ਹੋਰ

—ਲਖਵਿੰਦਰ

13 ਸਤੰਬਰ ਨੂੰ ਹੋਏ 5 ਸੀਰੀਅਲ ਬੰਬ ਵਿਸਫੋਟਾਂ ਨੇ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਹਿਲਾ ਕੇ ਰੱਖ ਦਿੱਤਾ। ਡੇਢ ਮਹੀਨੇ ਪਹਿਲਾਂ 25 ਅਤੇ 26 ਜੁਲਾਈ ਨੂੰ ਕ੍ਰਮਵਾਰ ਬੰਗਲੋਰ ਅਤੇ ਅਹਿਮਦਾਬਾਦ ਵਿੱਚ ਬੰਬ ਵਿਸਫੋਟ ਹੋਏ ਸਨ। 27 ਜੁਲਾਈ ਨੂੰ ਸੂਰਤ ਵਿੱਚੋਂ 17 ਬੰਬ ਮਿਲੇ ਅਤੇ ਇਸੇ ਸ਼ਹਿਰ ਵਿੱਚੋਂ ਬਾਅਦ ਦਿਨਾਂ ਵਿੱਚ 11 ਹੋਰ ਬੰਬ ਮਿਲੇ ਸਨ। ਇਸੇ ਵਰ੍ਹੇ ਵਿੱਚ 13 ਮਈ ਨੂੰ ਜੈਪੁਰ ਵਿੱਚ 7 ਬੰਬ ਵਿਸਫੋਟ ਹੋਏ। ਇਹਨਾਂ ਸਭ ਦਹਿਸ਼ਤਗਰਦ ਕਾਰਵਾਈਆਂ ਵਿੱਚ ਸੈਂਕੜੇ ਬੇਕਸੂਰ ਆਮ ਲੋਕ ਮਾਰੇ ਗਏ ਅਤੇ ਜਖ਼ਮੀ ਹੋਏ। ਇਸ ਦਹਿਸ਼ਤਗਰਦੀ ਦੀ ਜਿੰਨੀ ਨਿੰਦਾ ਕੀਤੀ ਜਾਵੇ ਓਨੀ ਘੱਟ ਹੋਵੇਗੀ। ਇਹਨਾਂ ਦਹਿਸ਼ਤਗਰਦ ਕਾਰਵਾਈਆਂ ਪਿੱਛੇ ਕੱਟੜ ਮੁਸਲਿਮ ਦਹਿਸ਼ਤਗਰਦ ਜੱਥੇਬੰਦੀਆਂ ਦਾ ਹੱਥ ਹੈ। ਇਹਨਾਂ ਜੱਥੇਬੰਦੀਆਂ ਦੁਆਰਾ ਦੇਸ਼ ਵਿੱਚ ਮੁਸਲਮਾਨਾਂ ਨਾਲ਼ ਹੋ ਰਹੀ ਧੱਕੇਸ਼ਾਹੀ ਜਿਵੇਂ ਕਿ 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦੇ ਹੋਏ ਕਤਲੇਆਮ ਜਿਹੀਆਂ ਘਟਨਾਵਾਂ ਦਾ ਬਦਲਾ ਲੈਣ ਦਾ 'ਤਰਕ' ਦਿੱਤਾ ਜਾ ਰਿਹਾ ਹੈ। ਮੁਸਲਿਮ ਨੌਜਵਾਨਾਂ ਨੂੰ ਬਦਲਾ ਲੈਣ ਲਈ ਲਲਕਾਰਿਆ ਜਾ ਰਿਹਾ ਹੈ। ਪਰ ਜਾਣਬੁੱਝ ਕੇ ਬੇਕਸੂਰ ਲੋਕਾਂ ਦਾ ਖ਼ੂਨ ਵਹਾਉਣ ਨੂੰ ਦੁਨੀਆਂ ਦੇ ਕਿਸੇ ਤਰਕ ਅਨੁਸਾਰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਵੱਖ-ਵੱਖ ਪੂੰਜੀਵਾਦੀ ਪਾਰਟੀਆਂ ਤੋਂ ਲੈ ਕੇ ਪੂੰਜੀਵਾਦੀ ਟੀ.ਵੀ. ਚੈਨਲਾਂ, ਅਖਬਾਰਾਂ, ਮੈਗਜੀਨਾਂ ਦੁਆਰਾ ਇਹਨਾਂ ਦਹਿਸ਼ਤਗਰਦਾਂ ਨੂੰ ਨੱਥ ਪਾਉਣ ਲਈ ਸਖਤ ਤੋਂ ਸਖਤ ਕਾਨੂੰਨ ਬਣਾਉਣ ਦਾ ਚੀਕ-ਚਿਹਾੜਾ ਪਾਇਆ ਜਾ ਰਿਹਾ ਹੈ। ਅੱਜ ਜੋ ਕੋਈ ਵੀ ਦਹਿਸ਼ਤਗਰਦੀ ਖਿਲਾਫ਼ ਬੋਲ ਜਾਂ ਲਿਖ ਰਿਹਾ ਹੈ ਉਨ੍ਹਾਂ ਵਿਚੋਂ ਕੁੱਝ ਕੁ ਤੋਂ ਇਲਾਵਾ ਜ਼ਿਆਦਾਤਰ ਦਹਿਸ਼ਤਗਰਦੀ ਬਾਰੇ ਜੋ ਕੁੱਝ ਵੀ ਕਹਿ ਰਹੇ ਹਨ ਉਹ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਉਣ ਤੋਂ ਛੁੱਟ ਕੁੱਝ ਵੀ ਨਹੀਂ। ਦਹਿਸ਼ਤਗਰਦੀ ਦੇ ਕਾਰਨਾਂ ਨੂੰ ਕੁੱਝ ਕੁ ਮੁਸਲਿਮ ਦਹਿਸ਼ਤਗਰਦ ਜੱਥੇਬੰਦੀਆਂ ਤੱਕ ਸੀਮਿਤ ਕੀਤਾ ਜਾ ਰਿਹਾ ਹੈ ਜਾਂ ਫਿਰ ਇਸ ਨੂੰ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੁਆਰਾ ਸੰਚਾਲਿਤ ਐਲਾਨਿਆ ਜਾ ਰਿਹਾ ਹੈ। ਕੁੱਝ ਹਿੰਦੂ ਕੱਟੜਪੰਥੀ ਜੱਥੇਬੰਦੀਆਂ ਅਤੇ ਨੇਤਾ ਤਾਂ ਖੁੱਲੇਆਮ ਕੁੱਲ ਮੁਸਲਿਮ ਅਬਾਦੀ ਖਿਲਾਫ਼ ਹੀ ਅੱਗ ਭੜਕਾਉਣ ਵਿੱਚ ਲੱਗੇ ਹਨ। ਆਮ ਲੋਕ ਇਸ ਤਰ੍ਹਾਂ ਦੇ ਪ੍ਰਚਾਰ ਦੇ ਕਾਰਨ ਕਾਫੀ ਹੱਦ ਤੱਕ ਦਹਿਸ਼ਤਗਰਦੀ ਖਿਲਾਫ਼ ਗਲ਼ਤ ਦ੍ਰਿਸ਼ਟੀਕੋਣ ਤੋਂ ਸਟੈਂਡ ਲੈ ਬੈਠਦੇ ਹਨ। ਦਹਿਸ਼ਤਗਰਦੀ ਦੀ ਅਸਲ ਜੜ ਨੂੰ ਸਮਝਣਾ ਚਾਹੀਦਾ ਹੈ ਤਾਂ ਕਿ ਇਸ ਖਿਲਾਫ਼ ਸਹੀ ਦ੍ਰਿਸ਼ਟੀਕੋਣ ਤੋਂ ਮੋਰਚਾ ਲਾਇਆ ਜਾ ਸਕੇ।

ਘੱਟਗਿਣਤੀ ਫਿਰਕਿਆਂ ਨੂੰ ਦੇਸ਼ ਤੋਂ ਬਾਹਰ ਕੱਢ ਦੇਣ ਜਾਂ ਉਹਨਾਂ ਦੇ ਸਭ ਤਰ੍ਹਾਂ ਦੇ ਜਮਹੂਰੀ ਹੱਕ ਖੋਹ ਲੈਣ ਦਾ ਇਛੁੱਕ ਹਿੰਦੂਤਵੀ ਕੱਟੜਪੰਥੀ ਫਾਸੀਵਾਦ ਹੀ ਅਸਲ ਵਿੱਚ ਮੌਜੂਦਾ ਦਹਿਸ਼ਤਗਰਦੀ ਦੀ ਜੜ੍ਹ ਹੈ ਅਤੇ ਇਸ ਰੂਪ ਵਿੱਚ ਇਹ ਹੀ ਸਭ ਤੋਂ ਵੱਡਾ ਦਹਿਸ਼ਤਗਰਦ ਹੈ। ਵੈਸੇ ਤਾਂ ਹਰ ਤਰ੍ਹਾਂ ਦਾ ਧਾਰਮਿਕ ਕੱਟੜਪੰਥ ਹੀ ਲੋਕਾਂ ਦਾ ਦੁਸ਼ਮਣ ਹੈ ਪਰ ਹਿੰਦੂਤਵੀ ਫਾਸੀਵਾਦ ਲੋਕ ਦੁਸ਼ਮਣੀ ਦਾ ਮੁੱਖ ਰੋਲ਼ ਨਿਭਾ ਰਿਹਾ ਹੈ। ਇਹ ਹੀ ਮੁੱਖ ਦੁਸ਼ਮਣ ਹੈ। ਮੁਸਲਿਮ ਕੱਟੜਪੰਥੀ ਦਹਿਸ਼ਤਗਰਦੀ ਸਮੇਤ ਹੋਰ ਘੱਟਗਿਣਤੀ ਫਿਰਕਾਪ੍ਰਸਤ ਦਹਿਸ਼ਤਗਰਦੀ ਇਸੇ ਹਿੰਦੂਤਵੀ ਫਾਸੀਵਾਦ ਦੇ ਵਿਰੋਧ ਵਜੋਂ ਪੈਦਾ ਹੋ ਰਹੀ ਹੈ। ਸੰਨ 2002 ਵਿੱਚ ਗੁਜਰਾਤ ਵਿੱਚ ਹੋਇਆ ਮੁਸਲਿਮ ਅਬਾਦੀ ਦਾ ਕਤਲੇਆਮ ਭਾਜਪਾ, ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਜਿਹੇ ਹਿੰਦੂ ਕੱਟੜਪੰਥੀਆਂ ਦੁਆਰਾ ਯੋਜਨਾਬੱਧ ਢੰਗ ਨਾਲ਼ ਕੀਤਾ ਗਿਆ ਸੀ। ਵੈਸੇ ਤਾਂ ਇਹ ਗੱਲ 2002 ਵਿੱਚ ਯੋਜਨਾਬੱਧ ਨਸਲਕੁਸ਼ੀ ਹੋਣ ਵੇਲ਼ੇ ਹੀ ਸਪੱਸ਼ਟ ਸੀ ਪਰ ਪਿੱਛੇ ਜਿਹੇ ਅੰਗਰੇਜ਼ੀ ਮੈਗਜ਼ੀਨ 'ਤਹਿਲਕਾ' ਦੇ ਸਟਿੰਗ ਅਪ੍ਰੇਸ਼ਨ ਦੌਰਾਨ ਛੁਪੇ ਕੈਮਰਿਆਂ ਨੇ ਇਹਨਾਂ ਜੱਥੇਬੰਦੀਆਂ ਦੇ ਆਗੂਆਂ ਦੇ ਇਸ ਨਰਸੰਹਾਰ ਵਿੱਚ ਸ਼ਾਮਿਲ ਹੋਣ ਦੇ ਪੁਖਤਾ ਸਬੂਤ ਜਗ ਜ਼ਾਹਿਰ ਕੀਤੇ। ਹਜ਼ਾਰਾਂ ਲੋਕਾਂ ਦਾ ਹੋਇਆ ਇਹ ਕਤਲੇਆਮ ਦਹਿਸ਼ਤਗਰਦੀ ਨਹੀਂ ਤਾਂ ਹੋਰ ਕੀ ਹੈ? ਬਾਬਰੀ ਮਸਜਿਦ ਢਾਹੁੰਣਾ ਕੀ ਦਹਿਸ਼ਤਗਰਦੀ ਨਹੀਂ ਸੀ? ਅਮਰਨਾਥ ਸ਼੍ਰਾਈਨ ਬੋਰਡ ਨੂੰ ਜ਼ਮੀਨ ਮਿਲਣ ਅਤੇ ਬਾਅਦ ਵਿੱਚ ਵਾਪਸ ਲਏ ਜਾਣ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਜੋ ਹਿੰਸਕ ਘਟਨਾਵਾਂ ਵਾਪਰੀਆਂ ਹਨ ਉਹਨਾਂ ਵਿੱਚ ਸਾਰਿਆਂ ਨੇ ਭਾਜਪਾ, ਵਿਹਿਪ, ਸ਼ਿਵ ਸੈਨਾ, ਆਰਐਸਐਸ ਜਿਹੀਆਂ ਕੱਟੜ ਹਿੰਦੂਤਵੀ ਜੱਥੇਬੰਦੀਆਂ ਦਾ ਸਿੱਧਾ ਰੋਲ਼ ਵੇਖਿਆ ਹੈ। ਇਹੋ ਹਿੰਦੂਤਵੀ ਫਾਸੀਵਾਦ ਮੁਸਲਿਮ ਕੱਟੜਪੰਥੀ ਦਹਿਸ਼ਤਗਰਦੀ ਨੂੰ ਜਨਮ ਦਿੰਦਾ ਹੈ ਅਤੇ ਇਸਦੇ ਅਗਾਂਹ ਵੱਧਣ-ਫੁੱਲਣ ਲਈ ਹਵਾ-ਪਾਣੀ ਮੁਹੱਈਆ ਕਰਦਾ ਹੈ।

ਬੇਸ਼ੱਕ ਅਸੀਂ ਘੱਟਗਿਣਤੀ ਕੱਟੜਪੰਥ ਦਾ ਵੀ ਹਰ ਹਾਲਤ ਵਿੱਚ ਵਿਰੋਧ ਕਰਨਾ ਹੈ। ਘੱਟ ਗਿਣਤੀ ਕੱਟੜਪੰਥ ਹਿੰਦੂ ਧਰਮ ਦੇ ਲੋਕਾਂ ਵਿੱਚ ਹਿੰਦੂਤਵੀ ਫਾਸੀਵਾਦੀਆਂ ਦੁਆਰਾ ਫੈਲਾਏ ਗਏ ਭਰਮ-ਭੁਲੇਖਿਆ ਨੂੰ ਮਜ਼ਬੂਤੀ ਹੀ ਦਿੰਦਾ ਹੈ। ਇਸ ਤਰ੍ਹਾਂ ਮੁਸਲਿਮ ਅਤੇ ਹੋਰ ਘੱਟਗਿਣਤੀ ਕੱਟੜਪੰਥ ਵੀ ਮੁੜਵੇਂ ਰੂਪ ਵਿੱਚ ਹਿੰਦੂਤਵੀ ਕੱਟੜਪੰਥ ਨੂੰ ਹਵਾ-ਪਾਣੀ ਮੁਹੱਈਆ ਕਰਦਾ ਹੈ।

ਭਾਰਤ ਵਿੱਚ ਹਰ ਪੂੰਜੀਵਾਦੀ ਰਾਜਨੀਤਿਕ ਪਾਰਟੀ ਸਿੱਧੇ-ਅਸਿੱਧੇ ਢੰਗ ਨਾਲ ਫਾਸੀਵਾਦ ਨੂੰ ਵਰਤਦੀ ਰਹੀ ਹੈ ਜਾਂ ਇਸ ਦੇ ਵੱਧਣ ਫੁੱਲਣ ਵਿੱਚ ਯੋਗਦਾਨ ਦਿੰਦੀ ਰਹੀ ਹੈ। ਪਰ ਮੁੱਖ ਹਿੰਦੂ ਕੱਟੜਪੰਥੀ ਫਾਸੀਵਾਦੀ ਤਾਕਤ ਸੰਘ ਪਰਿਵਾਰ ਰਿਹਾ

ਹੈ ਅਤੇ ਹੈ। ਇਸਦੇ ਅਹਿਮ ਸੂਤਰਧਾਰ ਆਰ.ਐਸ.ਐਸ. ਦੀ ਸਥਾਪਨਾ ਪਿਛਲੀ ਸਦੀ ਦੇ ਤੀਜੇ ਦਹਾਕੇ ਦੌਰਾਨ ਉਸ ਸਮੇਂ ਰੱਖੀ ਗਈ ਸੀ ਜਦੋਂ ਸੰਸਾਰ ਵਿੱਚ ਫਾਸੀਵਾਦ ਦਾ ਉਭਾਰ ਤੇਜ਼ੀ ਨਾਲ਼ ਹੋ ਰਿਹਾ ਸੀ। ਆਰ.ਐਸ.ਐਸ. ਦੀ ਅੰਗਰੇਜ਼ੀ ਬਸਤੀਵਾਦ ਵਿਰੋਧੀ ਸੰਘਰਸ਼ ਵਿੱਚ ਕੋਈ ਭੂਮਿਕਾ ਨਹੀਂ ਰਹੀ। ਸਗੋਂ ਉਸ ਸਮੇਂ ਵੀ ਇਹ ਮੱਧਯੁੱਗ ਦੇ ਮੁਸਲਿਮ ਹਮਲਾਵਰਾਂ ਦੇ ਹਵਾਲੇ ਦੇ ਦੇ ਕੇ ਆਮ ਮੁਸਲਿਮ ਅਬਾਦੀ ਵਿਰੁੱਧ ਧਾਰਮਿਕ ਜ਼ਹਿਰ ਫੈਲਾਉਣ ਦਾ ਹੀ ਕੰਮ ਕਰ ਰਿਹਾ ਸੀ ਅਤੇ ਉਹਨਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ਆਰ.ਐਸ.ਐਸ. ਦੇ ਬਾਨੀਆਂ ਵਿੱਚੋਂ ਇੱਕ ਅਹਿਮ ਵਿਅਕਤੀ ਡਾ. ਬੀ. ਐਸ. ਮੁੰਜੇ ਫਾਸੀਵਾਦ ਤੋਂ ਬੇਹੱਦ ਪ੍ਰਭਾਵਿਤ ਸੀ ਅਤੇ ਭਾਰਤ ਵਿੱਚ ਵੀ ਮੁਸੋਲਿਨੀ ਜਾਂ ਹਿਟਲਰ ਜਿਹੇ ਤਾਨਾਸ਼ਾਹ ਦੀ ਕਾਮਨਾ ਕਰਦਾ ਸੀ। ਉਸਨੇ ਇਟਲੀ ਜਾ ਕੇ ਮੁਸੋਲਿਨੀ ਤੋਂ ਮਾਰਗਦਰਸ਼ਨ ਪ੍ਰਾਪਤ ਕੀਤਾ ਜਿਸ ਅਧਾਰ ਉੱਤੇ ਭਾਰਤ ਵਿੱਚ ਆਰ.ਐਸ.ਐਸ. ਦੇ ਸਰੂਪ ਅਤੇ ਨੀਤੀਆਂ ਦਾ ਖਾਕਾ ਤਿਆਰ ਹੋਇਆ। ਉਸਨੂੰ ਆਰ.ਐਸ.ਐਸ. ਦਾ ਆਰਕੀਟੈਕਟ ਵੀ ਕਿਹਾ ਜਾਂਦਾ ਹੈ। 1952 ਵਿੱਚ ਆਰ.ਐਸ.ਐਸ. ਦੀ ਰਾਜਨੀਤਿਕ ਸ਼ਾਖਾ ਜਨਸੰਘ ਦਾ ਜਨਮ ਹੋਇਆ। 1977 ਵਿੱਚ ਜਨਸੰਘ ਨੇ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਕੇ ਕੇਂਦਰ ਸਰਕਾਰ ਵਿੱਚ ਹਿੱਸੇਦਾਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਜੋਂ ਜਨਤਾ ਪਾਰਟੀ ਤੋਂ ਅਲੱਗ ਹੋ ਕੇ ਇਸਦੀ ਤਾਕਤ ਤੇਜ਼ੀ ਨਾਲ਼ ਵਧੀ। 80 ਦੇ ਦਹਾਕੇ ਵਿੱਚ ਵਿੱਚ ਪੰਜਾਬ ਵਿੱਚ ਕਾਂਗਰਸ ਦੁਆਰਾ 'ਹਿੰਦੂ ਕਾਰਡ' ਖੇਡਣ ਤੋਂ ਬਾਅਦ ਅਤੇ ਫਿਰ ਰਾਮ ਜਨਮ ਭੂਮੀ ਦਾ ਮੁੱਦਾ ਸਿਰ ਚੁੱਕਣ ਦੇ ਨਾਲ਼ ਹਿੰਦੂਤਵ ਦੇ ਕਾਰਡ ਦਾ ਯੋਜਨਾਬੱਧ, ਖੁੱਲ੍ਹਾ ਇਸਤੇਮਾਲ ਕਰਨ ਲਈ ਪੂਰਾ ਸੰਘ ਪਰਿਵਾਰ ਸਰਗਰਮ ਹੋ ਗਿਆ। 1990 ਤੋਂ ਬਾਅਦ ਅਡਵਾਨੀ ਦੀ ਰੱਥ ਯਾਤਰਾ ਤੋਂ ਲੈ ਕੇ ਬਾਬਰੀ ਮਸਜਿਦ ਦਾ ਡਿੱਗਣਾ ਅਤੇ ਫੇਰ 2002 ਦੇ ਗੁਜਰਾਤ ਦੰਗੇ, ਅਮਰਨਾਥ ਸ਼ਰਾਈਨ ਬੋਰਡ ਦੀ ਜਮੀਨ ਦੇ ਤਾਜ਼ਾ ਹਿੰਸਕ ਵਿਵਾਦ ਵਿੱਚ ਸੰਘ ਪਰਿਵਾਰ ਦੀ ਭੂਮਿਕਾ ਅਤੇ ਹੁਣ ਉੜੀਸਾ ਵਿੱਚ ਈਸਾਈਆਂ ਦੇ ਕਤਲ, ਉਹਨਾਂ ਦੇ ਘਰਾਂ ਅਤੇ ਗਿਰਜਿਆਂ ਨੂੰ ਅੱਗ ਲਾਉਣਾ– ਇਹ ਸਭ ਸੰਘ ਪਰਿਵਾਰ ਦੇ ਹਿੰਦੂ ਕੱਟੜਪੰਥ ਦੇ ਘਿਨਾਉਣੇ ਫਾਸੀਵਾਦੀ ਕਾਰਨਾਮੇ ਹਨ।

ਇੱਕ ਗੱਲ ਧਿਆਨ ਵਿੱਚ ਰੱਖਣ ਵਾਲ਼ੀ ਹੈ ਕਿ **ਸੰਘ-ਪਰਿਵਾਰ ਮੌਜੂਦਾ ਹਿੰਦੂਤਵੀ ਫਾਸੀਵਾਦ ਦਾ ਕਾਰਨ ਨਹੀਂ ਸਗੋਂ ਸਾਧਨ ਹੈ। ਹਿੰਦੂਤਵੀ ਫਾਸੀਵਾਦ ਦਾ ਕਾਰਨ ਵਿਸ਼ਵੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੇ ਲਾਗੂ ਹੋਣ ਦੀ ਇਸਦੇ ਕਰਤੇ-ਧਰਤਿਆਂ ਦੀ ਲੋੜ ਹੈ। ਭਾਰਤ ਵਿੱਚ ਵਿਸ਼ਵੀਕਰਨ-ਉਦਾਰੀਕਰਨ ਦੀਆਂ ਬਰਬਰ ਆਰਥਿਕ ਕੱਟੜਪੰਥੀ ਨੀਤੀਆਂ ਲਾਗੂ ਹੋਣ ਅਤੇ ਇਸਦੇ ਤਬਾਹਕੁਨ ਨਤੀਜਿਆਂ ਦੇ ਸਾਹਮਣੇ ਆਉਣ ਦੇ ਨਾਲ਼-ਨਾਲ਼ ਹਿੰਦੂ ਕੱਟੜਪੰਥੀ ਫਾਸੀਵਾਦ ਵਿੱਚ ਵੀ ਉਭਾਰ ਆਇਆ।** '80 ਦੇ ਦਹਾਕੇ ਵਿੱਚ ਇੰਦਰਾ ਗਾਂਧੀ ਵਲੋਂ ਉਦਾਰਵਾਦੀ ਆਰਥਿਕ ਨੀਤੀਆਂ ਦਾ ਆਰੰਭ ਹੋਇਆ। ਰਾਜੀਵ ਗਾਂਧੀ ਨੇ ਇਸ ਪ੍ਰਕਿਰਿਆ ਨੂੰ ਜਾਰੀ ਰੱਖਿਆ। '90 ਦੇ ਦਹਾਕੇ ਦੀ ਸ਼ੁਰੂਆਤ ਨਵੀਂ ਆਰਥਿਕ ਨੀਤੀ ਦੇ ਲਾਗੂ ਹੋਣ ਨਾਲ਼ ਹੋਈ। ਪਿਛਲੇ ਦਹਾਕੇ ਦੇ ਮੁਕਾਬਲੇ ਕਿਤੇ ਵੱਧ ਕਠੋਰਤਾ ਨਾਲ਼ ਉਦਾਰਵਾਦੀ ਨੀਤੀਆਂ ਲਾਗੂ ਹੋਣ ਦਾ ਇਹ ਦੌਰ ਵਿਸ਼ੇਸ਼ ਸੀ। ਵਿਦੇਸ਼ੀ ਪੂੰਜੀ ਲਈ ਦੇਸ਼ ਦੇ ਦਰਵਾਜੇ ਧੜਾ-ਧੜ ਖੋਹਲ ਦਿੱਤੇ ਗਏ। ਦੇਸ਼ੀ-ਵਿਦੇਸ਼ੀ ਪੂੰਜੀ ਦੀ ਇਹ ਮੰਗ ਸੀ ਕਿ ਕਿਰਤ ਕਾਨੂੰਨਾਂ ਵਿੱਚ ਸੋਧ ਹੋਵੇ, ਸਰਕਾਰੀ ਅਦਾਰੇ ਨਿੱਜੀ ਅਦਾਰਿਆਂ ਵਿੱਚ ਬਦਲ ਦਿੱਤੇ ਜਾਣ, ਪੂੰਜੀ ਲਈ ਰਾਹ ਸੁਖਾਲਾ ਹੋਵੇ, ਦੇਸ਼ੀ-ਵਿਦੇਸ਼ੀ ਪੂੰਜੀ ਨੂੰ ਲੋਕ ਲਹਿਰਾਂ ਤੋਂ ਸੁਰੱਖਿਆ ਹੋਵੇ ਆਦਿ। ਇਸ ਦਿਸ਼ਾ ਵੱਲ ਭਾਰਤੀ ਹਾਕਮਾਂ ਨੇ ਤੇਜ਼ੀ ਨਾਲ਼ ਕਦਮ ਅੱਗੇ ਵਧਾਏ। ਇਹਨਾਂ ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਨੇ ਚਾਰੇ ਪਾਸੇ ਤਬਾਹੀ ਅਤੇ ਬਰਬਾਦੀ ਦਾ ਮਾਹੌਲ ਸਿਰਜ ਦਿੱਤਾ ਹੈ। ਭਾਰਤੀ ਸਮਾਜ ਦੇ ਆਰਥਿਕ ਸਬੰਧਾਂ ਦੇ ਪੂੰਜੀਵਾਦੀਕਰਨ ਦੀ ਪ੍ਰਕਿਰਿਆ ਛਾਲਾਂ ਮਾਰ ਕੇ ਅੱਗੇ ਵਧੀ। ਛੋਟੇ ਪੈਮਾਨੇ ਦੀ ਜਿਣਸ ਪੈਦਾਵਾਰ ਦੀ ਤਬਾਹੀ ਅਣਕਿਆਸੇ ਰੂਪ ਵਿੱਚ ਤੇਜ਼ ਹੋਈ ਅਤੇ ਛੋਟੇ ਉਤਪਾਦਕ ਉੱਜੜ ਕੇ ਉਜ਼ਰਤੀ ਮਜ਼ਦੂਰਾਂ ਦੀਆਂ ਕਤਾਰਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਅਮੀਰੀ-ਗਰੀਬੀ ਦੇ ਪਾੜੇ ਤੇਜ਼ ਗਤੀ ਨਾਲ਼ ਵਧੇ ਹਨ, ਮਹਿੰਗਾਈ ਅਸਮਾਨ ਛੂ ਰਹੀ ਹੈ, ਬੇਰੁਜ਼ਗਾਰੀ ਨੇ ਵੱਡੀ ਕਿਰਤ ਸ਼ਕਤੀ ਨੂੰ ਵਲੇਟਾ ਮਾਰਿਆ ਹੈ। ਇਹਨਾਂ 'ਉਦਾਰੀਕਰਨ' ਦੀਆਂ ਨੀਤੀਆਂ ਦਾ ਅਸਲੀ ਚਿਹਰਾ 'ਪੂੰਜੀਵਾਦੀ ਆਰਥਿਕ ਕੱਟੜਤਾ' ਜਗ ਜਾਹਿਰ ਹੋਣਾ ਲਾਜ਼ਮੀ ਸੀ। ਇਹਨਾਂ ਨੀਤੀਆਂ ਦੇ ਕਰਤਾ-ਧਰਤਾ ਵਿਸ਼ਵ ਵਿੱਤੀ ਪੂੰਜੀ ਅਤੇ ਦੇਸੀ ਪੂੰਜੀ ਦੇ ਮਾਲਕ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹਨਾਂ ਤਬਾਹਕੁਨ ਨੀਤੀਆਂ ਨੂੰ ਲਾਗੂ ਕਰਨਾ ਇੰਨਾ ਅਸਾਨ ਨਹੀਂ। ਬਰਬਰ ਜ਼ਬਰ ਤੋਂ ਬਿਨਾਂ ਇਹਨਾਂ ਨੀਤੀਆਂ ਦਾ ਲਾਗੂ ਹੋ ਸਕਣਾ ਅਸੰਭਵ ਹੈ। ਇਸ ਨੇ ਭਾਰਤੀ ਰਾਜਸੱਤ੍ਹਾ ਜਿਸਦੀ ਦੀ ਜਮਹੂਰੀਅਤ ਪਹਿਲਾਂ ਹੀ ਕਾਫੀ ਹੱਦ ਤੱਕ ਸੀਮਿਤ ਸੀ, ਨੂੰ ਹੋਰ ਵੀ ਗ਼ੈਰ-ਜਮਹੂਰੀ ਬਣਾ ਦਿੱਤਾ ਹੈ। ਵਿਸ਼ਵੀਕਰਨ-ਉਦਾਰੀਕਰਨ-ਨਿੱਜੀਕਰਨ ਦੇ ਸਿੱਧੇ ਵਿਰੋਧ ਜਾਂ ਸਮਾਜ ਦੇ ਕਿਸੇ ਵੀ ਪੱਧਰ 'ਤੇ ਕੀਤੇ ਜਾ ਰਹੇ ਹੱਕੀ ਸੰਘਰਸ਼ਾਂ ਵਿੱਚ ਪੁਲਿਸ ਜਬਰ ਦਾ ਜੋ ਘਿਨਾਉਣਾ ਚਿਹਰਾ ਵੇਖਣ ਵਿੱਚ ਆ ਰਿਹਾ ਹੈ ਉਹ ਭਾਰਤੀ ਰਾਜਸੱਤ੍ਹਾ ਦੇ ਗ਼ੈਰ-ਜਮਹੂਰੀਕਰਨ ਦੀ ਹੀ ਨਿਸ਼ਾਨੀ ਹੈ।

ਰਾਜਸੱਤ੍ਹਾ ਦੇ ਇਸੇ ਹੀ ਗ਼ੈਰਜਮਹੂਰੀਕਰਨ ਦਾ ਇੱਕ ਪੱਖ 'ਵੰਡੋ ਤੇ ਰਾਜ ਕਰੋ' ਦੀ ਨੀਤੀ ਦੇ ਤਹਿਤ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਦੂਜੇ ਧਰਮਾਂ ਖ਼ਾਸ ਕਰ ਮੁਸਲਮਾਨਾਂ ਅਤੇ ਈਸਾਈਆਂ ਖਿਲਾਫ਼ ਭੜਕਾਉਣਾ ਹੈ। ਇਸ 'ਵੰਡੋ ਤੇ ਰਾਜ ਕਰੋ' ਨੀਤੀ ਦਾ ਅਸਲ ਨਿਸ਼ਾਨਾ ਸਿੱਧੇ ਰੂਪ ਵਿੱਚ ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਦੇ ਹਾਕਮ ਜਮਾਤ ਦੀਆਂ ਨੀਤੀਆਂ ਖਿਲਾਫ਼ ਹੋ ਰਹੇ ਅਤੇ ਸੰਭਾਵੀ ਸੰਘਰਸ਼ ਬਣਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਕਿ ਸੰਘ ਪਰਿਵਾਰ ਆਪਣੇ ਤਿੰਨ ਮੁੱਖ ਦੁਸ਼ਮਣਾਂ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਦੇ ਨਾਲ਼ ਹੀ ਕਮਿਊਨਿਸਟਾਂ ਨੂੰ ਵੀ ਗਿਣਦਾ ਹੈ।

'ਹਿੰਦੂਤਵ', 'ਸਵਦੇਸ਼ੀ', 'ਸੱਭਿਅਤਾ' ਆਦਿ ਦੀ ਦੁਹਾਈ ਦੇਣ ਵਾਲ਼ੇ ਸੰਘ ਪਰਿਵਾਰ ਨੂੰ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਤੋਂ ਕਦੇ ਕੋਈ ਪਰਹੇਜ ਨਹੀਂ ਰਿਹਾ। **ਜਿਸ ਸੰਘ ਪਰਿਵਾਰ ਦਾ ਆਪਣੇ ਹੀ ਦੇਸ਼ ਵਿੱਚ ਰਹਿਣ ਵਾਲ਼ੀ ਮੁਸਲਿਮ ਅਤੇ ਈਸਾਈ ਅਬਾਦੀ ਵਜੋਂ ਧਰਮ ਨਸ਼ਟ ਹੁੰਦਾ ਹੈ ਉਸਨੂੰ ਵਿਦੇਸ਼ੀ ਪੂੰਜੀ ਅੱਗੇ ਗੋਡੇ ਟੇਕਣ ਵਿੱਚ ਕੋਈ ਪਰਹੇਜ ਜਾਂ ਸ਼ਰਮ ਨਹੀਂ ਹੈ।** ਇਹ ਸੰਘ ਪਰਿਵਾਰ ਜੋ ਮੁਸਲਮਾਨਾਂ ਅਤੇ ਈਸਾਈਆਂ ਨੂੰ ਜਾਂ ਤਾਂ ਇਸ ਦੇਸ਼ ਵਿੱਚੋਂ ਬਾਹਰ ਹੀ ਕੱਢ ਦੇਣ ਜਾਂ ਇਹਨਾਂ ਦੇ ਸਭ ਜਮਹੂਰੀ ਹੱਕ ਖੋਹ ਲੈਣ ਦੀ ਗੱਲ ਕਰਦਾ ਹੈ ਉਸਨੂੰ ਵਿਦੇਸ਼ੀ ਪੂੰਜੀ ਦੀ ਅੱਡੀਆਂ ਚੁੱਕ-ਚੁੱਕ ਉਡੀਕ ਰਹਿੰਦੀ ਹੈ ਅਤੇ ਉਸ ਨੂੰ ਭਾਰਤੀ ਲੋਕਾਂ ਦੀ ਜੀਅ ਭਰ ਕੇ ਲੁੱਟ ਕਰਨ ਦਾ ਹੱਕ ਦੇਣ ਲਈ ਸਹਿਮਤੀ ਪ੍ਰਗਟ ਕਰਦਾ ਹੈ। ਕਾਂਗਰਸ ਦੁਆਰਾ ਸ਼ੁਰੂ ਕੀਤੀਆਂ ਗਈਆਂ ਵਿਸ਼ਵੀਕਰਨ-ਉਦਾਰੀਕਰਨ ਦੀਆਂ ਨੀਤੀਆਂ ਨੂੰ ਜ਼ੋਰ-ਸ਼ੋਰ ਨਾਲ਼ ਲਾਗੂ ਕਰਨ ਵਿੱਚ ਭਾਰਤੀ ਜਨਤਾ ਪਾਰਟੀ ਸਮੇਤ ਦੂਜੀਆਂ ਸਭ ਪੂੰਜੀਵਾਦੀ ਪਾਰਟੀਆਂ ਨੂੰ ਬਰਾਬਰ ਦੀ ਦਿਲਚਸਪੀ ਹੈ।

ਸੰਨ 2002 ਵਿੱਚ ਭਾਜਪਾ ਦੀ ਅਗਵਾਈ ਹੇਠ ਚੱਲ ਰਹੀ ਐਨ.ਡੀ.ਏ. ਦੀ ਸਰਕਾਰ ਨੇ ਪੋਟਾ ਨਾਮ ਦਾ ਅਖੌਤੀ ਦਹਿਸ਼ਤਗਰਦੀ ਵਿਰੋਧੀ ਕਾਨੂੰਨ ਬਣਾਇਆ ਸੀ। ਇਸ ਕਾਨੂੰਨ ਵਿੱਚ ਸਪੱਸ਼ਟ ਤੌਰ 'ਤੇ ਅੱਤਿਆਚਾਰ ਪੂਰਣ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ ਸਨ। ਪੋਟਾ ਕਾਨੂੰਨ ਵਿੱਚ ਇਹ ਦਰਜ ਸੀ ਕਿ ਜੇ ਕੋਈ ਵਿਅਕਤੀ ਇਸ ਕਾਨੂੰਨ ਦੇ ਤਹਿਤ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਹਿਰਾਸਤ ਵਿੱਚ ਪੁਲਿਸ ਦੁਆਰਾ ਲਏ ਗਏ ਬਿਆਨ ਦੀ ਪੱਕੇ ਸਬੂਤ ਦੇ ਤੌਰ 'ਤੇ ਮਾਨਤਾ ਹੋਵੇਗੀ, ਦੂਜਾ ਜਦ ਤੱਕ ਉਹ ਵਿਅਕਤੀ ਖ਼ੁਦ ਨੂੰ ਬੇਕਸੂਰ ਸਾਬਿਤ ਨਹੀਂ ਕਰ ਦਿੰਦਾ ਉਦੋਂ ਤੱਕ ਉਸ ਨੂੰ ਗੁਨਾਹਗਾਰ ਹੀ ਮੰਨਿਆ ਜਾਵੇ, ਤੀਜਾ, ਜਮਾਨਤ ਬਾਰੇ ਬੇਹੱਦ ਸਖ਼ਤ ਧਾਰਾਵਾਂ ਹੋਣ ਵਜੋਂ ਉਸਨੂੰ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰਹਿਣਾ ਪਵੇਗਾ। ਸਰਕਾਰ ਦਾ ਵਿਰੋਧ ਕਰਨ ਦਾ ਕਾਂਗਰਸ ਕੋਲ ਇਹ ਚੰਗਾ ਮੁੱਦਾ ਸੀ। ਕਾਂਗਰਸ ਨੇ ਭਾਜਪਾ ਦੇ ਵਿਰੋਧ ਵਿੱਚ ਇੱਥੋਂ ਤੱਕ ਐਲਾਨ ਕਰ ਦਿੱਤਾ ਕਿ ਉਸਦੀ ਸਰਕਾਰ ਬਣਨ 'ਤੇ ਇਹ ਕਾਨੂੰਨ ਰੱਦ ਕਰ ਦਿੱਤਾ ਜਾਵੇਗਾ। 2004 ਵਿੱਚ ਕਾਂਗਰਸ ਪਾਰਟੀ ਨੇ ਸੱਤ੍ਹਾ ਵਿੱਚ ਆਉਣ ਤੋਂ ਬਾਅਦ ਪੋਟਾ ਕਾਨੂੰਨ ਰੱਦ ਕਰ ਦਿੱਤਾ ਸੀ।

ਪਰ ਕਈ ਰਾਜਾਂ ਵਿੱਚ ਖ਼ਾਸਕਰ ਉਹ ਰਾਜ ਜਿੱਥੇ ਭਾਜਪਾ ਦੀਆਂ ਸਰਕਾਰਾਂ ਹਨ ਯੋਜਨਾਬੱਧ ਅਪਰਾਧ ਨੂੰ ਕੰਟਰੋਲ ਕਰਨ ਦੇ ਨਾਂ ਹੇਠ ਪੋਟਾ ਕਾਨੂੰਨ ਦੀਆਂ ਹੀ ਇਹਨਾਂ ਖ਼ਤਰਨਾਕ ਅਤੇ ਅੱਤਿਆਚਾਰਪੂਰਨ ਧਾਰਾਵਾਂ ਵਾਲ਼ੇ ਕਾਨੂੰਨ ਬਣਾਏ ਜਾ ਰਹੇ ਹਨ। ਗੁਜਰਾਤ ਕੰਟਰੋਲ ਆਫ਼ ਆਰਗੈਨਾਈਜ਼ਡ ਕ੍ਰਾਈਮ ਬਿੱਲ, 2006, ਰਾਜਸਥਾਨ ਕੰਟਰੋਲ ਆਫ਼ ਆਰਗੈਨਾਈਜ਼ਡ ਕ੍ਰਾਈਮ ਬਿੱਲ, 2003, ਆਧਰਾਂ ਪ੍ਰਦੇਸ਼ ਕੰਟਰੋਲ਼ ਆਫ਼ ਆਰਗੈਨਾਈਜਡ ਕ੍ਰਾਈਮ, 2006, ਉੱਤਰ ਪ੍ਰਦੇਸ਼ ਕੰਟਰੋਲ਼ ਆਫ਼ ਆਰਗੈਨਾਈਜਡ ਕ੍ਰਾਈਮ ਬਿੱਲ, 2007 ਅਜਿਹੇ ਹੀ ਬਿਲ ਹਨ ਜਿਨ੍ਹਾਂ ਨੂੰ ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਕਾਨੂੰਨਾਂ ਦਾ ਰੂਪ ਦੇਣਾ ਚਾਹੁੰਦੀਆਂ ਹਨ। ਮਹਾਂਰਾਸ਼ਟਰ ਅਤੇ ਕਰਨਾਟਕ ਵਿੱਚ ਪਹਿਲਾਂ ਹੀ ਅਜਿਹੇ ਕਾਨੂੰਨ ਬਣੇ ਹੋਏ ਹਨ ਜਿਨ੍ਹਾਂ ਦੀ ਤਰਜ਼ 'ਤੇ ਉਪਰੋਕਤ ਬਿੱਲ ਤਿਆਰ ਕੀਤੇ ਗਏ ਹਨ। ਆਂਧਰਾ ਪ੍ਰਦੇਸ਼ ਵਿੱਚ ਵੀ ਪਹਿਲਾਂ ਹੀ ਇਹ ਕਾਨੂੰਨ ਬਣਿਆ ਹੋਇਆ ਸੀ ਪਰ 4 ਨਵੰਬਰ 2004 ਨੂੰ ਇਸ ਦਾ ਲਾਗੂ ਰਹਿਣ ਦਾ ਸਮਾਂ ਸਮਾਪਤ ਹੋ ਗਿਆ ਸੀ। ਹਾਲ ਦੀਆਂ ਬੰਬ ਧਮਾਕਿਆਂ ਦੀਆਂ ਘਟਨਾਵਾਂ ਤੋਂ ਬਾਅਦ ਐਲ.ਕੇ. ਅਡਵਾਨੀ ਨੇ ਕੇਂਦਰ ਸਰਕਾਰ ਤੋਂ ਇਹ ਮੰਗ ਕੀਤੀ ਹੈ ਕਿ ਗੁਜਰਾਤ ਕੰਟਰੋਲ ਆਫ਼ ਆਰਗੈਨਾਈਜ਼ਡ ਕ੍ਰਾਈਮ ਬਿੱਲ, 2006 ਨੂੰ ਕਾਨੂੰਨ ਵਜੋਂ ਜਲ਼ਦ ਤੋਂ ਜਲ਼ਦ ਮਨਜ਼ੂਰੀ ਦਿੱਤੀ ਜਾਵੇ। ਉਸਦਾ ਇਹ ਵੀ ਬਿਆਨ ਆਇਆ ਹੈ ਕਿ ਭਾਜਪਾ ਦੀ ਸਰਕਾਰ ਬਣਨ 'ਤੇ ਪੋਟਾ ਕਾਨੂੰਨ ਨੂੰ ਫਿਰ ਤੋਂ ਲਾਗੂ ਕਰ ਦਿੱਤਾ ਜਾਵੇਗਾ। ਹੁਣ ਮਨਮੋਹਨ ਸਰਕਾਰ ਦਾ ਵੀ ਬਿਆਨ ਆਇਆ ਹੈ ਕਿ ਦਹਿਸ਼ਤਗਰਦੀ ਖਿਲਾਫ਼ ਲੜਨ ਲਈ ਸਰਕਾਰ ਕਾਨੂੰਨਾਂ ਨੂੰ ਹੋਰ ਸਖ਼ਤ ਕਰਨ ਬਾਰੇ ਸੋਚ ਰਹੀ ਹੈ। ਪਰ ਸਭ ਤੋਂ ਵੱਡੇ ਇਹਨਾਂ ਦਹਿਸ਼ਤਗਰਦਾਂ ਦੇ ਇਹਨਾਂ ਕਾਨੂੰਨਾਂ ਨਾਲ਼ ਨਾ ਤਾਂ ਅਜਿਹੀਆਂ ਘਟਨਾਵਾਂ ਰੁੱਕ ਸਕਦੀਆਂ ਹਨ ਅਤੇ ਨਾ ਹੀ ਇਹਨਾਂ ਦਾ ਅਸਲ ਨਿਸ਼ਾਨਾ ਇਹ ਬੰਬ ਧਮਾਕਿਆਂ ਵਾਲ਼ੀ ਦਹਿਸ਼ਤਗਰਦੀ ਹੀ ਹੈ। ਬੰਬ-ਬੰਦੂਕ ਵਾਲੀ ਦਹਿਸ਼ਤਗਰਦੀ ਰਾਜਸੱਤ੍ਹਾ ਦਾ ਕੁੱਝ ਵੀ ਵਿਗਾੜ ਨਹੀਂ ਸਕਦੀ। ਇਹ ਗੱਲ ਰਾਜਸੱਤ੍ਹਾ ਵੀ ਚੰਗੀ ਤਰ੍ਹਾਂ ਜਾਣਦੀ ਹੈ। **ਬੰਬ ਧਮਾਕਿਆਂ ਵਿੱਚ ਮਾਰੇ ਜਾ ਰਹੇ ਲੋਕਾਂ ਦਾ ਰਾਜਸੱਤ੍ਹਾ ਨੂੰ ਕੋਈ ਦੁੱਖ ਨਹੀਂ ਹੈ। ਪਰ ਅਜਿਹੀ ਦਹਿਸ਼ਤਗਰਦੀ ਹਾਕਮ ਜਮਾਤ ਨੂੰ ਆਪਣੀ ਸੱਤ੍ਹਾ ਹੋਰ ਮਜਬੂਤ ਕਰਨ ਲਈ ਕਾਲ਼ੇ ਕਾਨੂੰਨ ਬਣਾਉਣ ਦਾ ਬਹਾਨਾ ਮੁਹੱਈਆ ਕਰਦੀ ਹੈ ਤਾਂ ਕਿ ਲੋਕਾਂ ਉੱਤੇ ਆਪਣੀਆਂ ਲੋਕ ਵਿਰੋਧੀ ਨੀਤੀਆਂ ਨੂੰ ਥੋਪਿਆ ਜਾ ਸਕੇ। ਕਾਲ਼ੇ ਕਾਨੂੰਨਾਂ ਦਾ ਅਸਲ ਨਿਸ਼ਾਨਾ ਪੂੰਜੀਪਤੀ ਸਰਕਾਰਾਂ ਦੀਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਖਿਲਾਫ਼ ਉੱਭਰ ਰਹੇ ਲੋਕ ਸੰਘਰਸ਼ਾਂ ਵਿੱਚ ਹਿੱਸਾ ਲੈਣ ਵਾਲ਼ੇ ਲੋਕ ਬਣਦੇ ਹਨ।** ਇਸਦਾ ਇੱਕ ਸਬੂਤ ਇਹ ਹੈ ਕਿ ਖਾਲਿਸਤਾਨੀ ਦਹਿਸ਼ਤਗਰਦੀ ਨਾਲ਼ ਨਿਪਟਣ ਦੇ ਨਾਂ ਹੇਠ ਬਣਾਏ ਗਏ ਟਾਡਾ ਕਾਨੂੰਨ ਦਾ ਸਭ ਤੋਂ ਵੱਧ ਇਸਤੇਮਾਲ ਅਹਿਮਦਾਬਾਦ ਅਤੇ ਔਰੰਗਾਬਾਦ ਦੇ ਹੜਤਾਲ਼ੀ ਸਨਅਤੀ ਮਜ਼ਦੂਰਾਂ ਖਿਲਾਫ਼ ਹੋਇਆ ਸੀ।

ਦਹਿਸ਼ਤਗਰਦੀ ਦਾ ਵਿਰੋਧ ਅਸਲ ਵਿੱਚ ਹਿੰਦੂ ਕੱਟੜਪੰਥੀ ਫਾਸੀਵਾਦ ਦਾ ਵਿਰੋਧ ਹੈ। ਹਿੰਦੂ ਕੱਟੜਪੰਥੀ ਫਾਸੀਵਾਦ ਦਾ ਵਿਰੋਧ ਸਾਮਰਾਜਵਾਦੀ ਵਿਸ਼ਵੀਕਰਨ ਅਤੇ ਉਦਾਰੀਕਰਨ (ਅਸਲ ਵਿੱਚ ਆਰਥਿਕ ਕੱਟੜਪੰਥ) ਦੀਆਂ ਨੀਤੀਆਂ ਦਾ ਵਿਰੋਧ ਹੈ। ਇਹ ਪੂੰਜੀਵਾਦੀ ਸੱਤ੍ਹਾ ਅਤੇ ਲੋਟੂ ਆਰਥਿਕ ਢਾਂਚੇ ਦੀ ਤਬਾਹੀ ਲਈ ਲੜੇ ਜਾ ਰਹੇ ਘੋਲ਼ ਦਾ ਹੀ ਹਿੱਸਾ ਹੈ। ਮੌਜੂਦਾ ਫਾਸੀਵਾਦ ਵਿਰੋਧੀ ਸੰਘਰਸ਼ ਪੂੰਜੀਵਾਦ-ਸਾਮਰਾਜਵਾਦ ਵਿਰੋਧੀ ਸੰਘਰਸ਼ ਦੇ ਰੂਪ ਵਿੱਚ ਇਨਕਲਾਬੀ ਸੱਤ੍ਹਾ-ਤਬਦੀਲੀ ਲਈ ਸੰਘਰਸ਼ ਹੈ।

(15 ਸਤੰਬਰ, 2008)

ਅਨਾਜ ਸੰਕਟ : ਪੂੰਜੀਵਾਦ ਦਾ ਨਵਾਂ ਤੋਹ.ਫ਼ਾ

—ਅਭਿਨਵ

ਸਾਲ 2007 ਅਤੇ 2008 ਕਈ ਮਾਅਨਿਆਂ ਵਿੱਚ ਪੂੰਜੀਵਾਦੀ ਸੰਸਾਰ ਢਾਂਚੇ ਲਈ ਕਾਫ਼ੀ ਮੁਸ਼ਕਿਲਾਂ ਭਰੇ ਸਾਬਿਤ ਹੋਏ। ਜਿੱਥੇ 2007 ਵਿੱਚ ਪੂੰਜੀਵਾਦੀ ਸੰਸਾਰ ਦੇ ਚੌਧਰੀ ਅਮਰੀਕਾ ਦਾ ਅਰਥਚਾਰਾ ਇੱਕ ਜ਼ਬਰਦਸਤ ਵਿੱਤੀ ਸੰਕਟ ਵਿੱਚ ਫਸਿਆ (ਜਿਸ ਤੋਂ ਉਹ ਅਜੇ ਵੀ ਉੱਭਰ ਨਹੀਂ ਸਕਿਆ ਹੈ), ਉੱਥੇ ਸਾਲ 2008 ਨੇ ਪੂੰਜੀਵਾਦ ਦਾ ਸੁਆਗਤ ਭਿਅੰਕਰ ਮਹਿੰਗਾਈ, ਬੇਰੁਜ਼ਗਾਰੀ ਦੀ ਅਣਕਿਆਸੀ ਅਤੇ ਅੰਨ ਸੰਕਟ ਨਾਲ਼ ਕੀਤਾ। ਦੱਸਣ ਦੀ ਲੋੜ ਨਹੀਂ ਹੈ ਕਿ ਇਨ੍ਹਾਂ ਸੰਕਟਾਂ ਦੇ ਕਾਰਨ ਅੰਤਰ-ਸਬੰਧਿਤ ਹਨ। ਸੰਸਾਰ 'ਤੇ ਪੂੰਜੀਵਾਦ ਦੀ ਅੰਤਿਮ ਜਿੱਤ ਦੀਆਂ ਉਮੀਦਾਂ ਅਤੇ ਦੰਭੀ ਐਲਾਨਾਂ ਦਾ ਯੁੱਗ ਹੁਣ ਬੀਤ ਚੁੱਕਿਆ ਹੈ। ਪੂਰੇ ਸੰਸਾਰ ਵਿੱਚ ਤੀਸਰੀ ਦੁਨੀਆਂ ਦੇ ਲੋਕਾਂ ਸਾਹਮਣੇ ਇਹ ਤੱਥ ਆਉਣ ਲੱਗਾ ਹੈ ਕਿ ਪੂੰਜੀਵਾਦੀ ਢਾਂਚਾ ਉਨ੍ਹਾਂ ਨੂੰ ਕੀ ਦੇ ਸਕਦਾ ਹੈ।

ਜਿਹੜੇ ਸੰਕਟ ਨੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਸਾਹਮਣੇ ਸਭ ਤੋਂ ਗੰਭੀਰ ਸਮੱਸਿਆ ਪੈਦਾ ਕੀਤੀ ਉਹ ਸੀ ਅਨਾਜ ਸੰਕਟ। ਕਾਰਨ ਇਹ ਸੀ ਕਿ ਇਸ ਸੰਕਟ ਦੇ ਦੁਖਦਾਈ ਸਿੱਟਿਆਂ ਨੂੰ ਤੁਰੰਤ ਹੀ ਭੁਗਤਣਾ ਪਿਆ। ਹਾਇਤੀ, ਬੁਰਕਿਨਾ ਫਾਸੋ, ਬੰਗਲਾਦੇਸ਼, ਮਿਸਰ, ਕੋਟੇ ਦਿ ਆਇਵਰੀ, ਕੰਬੋਡੀਆ, ਕੈਮਰੂਨ, ਈਥੋਪੀਆ, ਹੋਂਡੂਰਾਸ, ਇੰਨੋਸ਼ੀਆ, ਮੈਡਾਗਾਸਕਰ, ਨਾਈਜਰ, ਪੇਰੂ, ਫਿਲੀਪੀਂਸ, ਸੇਨੇਗਲ, ਥਾਈਲੈਂਡ, ਉਜ਼ਬੇਨਿਸਤਾਨ ਅਤੇ ਜਾਂਬੀਆ ਵਿੱਚ ਅਨਾਜ ਦੰਗੇ ਭੜਕ ਉੱਠੇ ਅਤੇ ਲੋਕ ਸੜਕਾਂ 'ਤੇ ਉੱਤਰ ਆਏ। ਸਾਰੇ ਅੰਨ ਗੋਦਾਮਾਂ ਨੂੰ ਲੁੱਟ ਲਿਆ ਗਿਆ, ਦੁਕਾਨਾਂ ਨੂੰ ਉਜਾੜ ਦਿੱਤਾ ਗਿਆ ਅਤੇ ਜਮ੍ਹਾਂਖੋਰਾਂ ਨੂੰ ਸੜਕਾਂ 'ਤੇ ਕੁਟਾਪਾ ਵੀ ਚੜ੍ਹਿਆ। 2 ਅਪ੍ਰੈਲ ਨੂੰ ਸੰਸਾਰ ਬੈਂਕ ਦੇ ਪ੍ਰਧਾਨ ਨੇ ਇੱਕ ਮੀਟਿੰਗ ਵਿੱਚ ਦੱਸਿਆ ਕਿ ਸੰਸਾਰ ਪੱਧਰ 'ਤੇ ਕੀਮਤਾਂ ਵਿੱਚ ਵਾਧਾ ਅਤੇ ਅਨਾਜ ਸੰਕਟ ਘੱਟ-ਤੋਂ-ਘੱਟ 33 ਦੇਸ਼ਾਂ ਵਿੱਚ ਖ਼ਤਰਨਾਕ ਸਮਾਜਿਕ ਅਸ਼ਾਂਤੀ ਨੂੰ ਜਨਮ ਦੇ ਸਕਦਾ ਹੈ। 'ਟਾਈਮ' ਮੈਗਜ਼ੀਨ ਦੇ ਸੀਨੀਅਰ ਸੰਪਾਦਕ ਨੇ ਜੋ ਟਿੱਪਣੀ ਕੀਤੀ, ਉਹ ਵੀ ਧਿਆਨ ਦੇਣ ਯੋਗ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ : *"ਸ਼ੀਤ ਯੁੱਧ ਵਿੱਚ ਪੂੰਜੀਵਾਦ ਦੀ ਫੈਸਲਾਕੁੰਨ ਜਿੱਤ ਤੋਂ ਬਾਅਦ ਦੇ ਪੂਰੇ ਦੌਰ ਵਿੱਚ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੁਆਰਾ ਗੁੱਸੇ ਵਿਚ ਸੜਕ 'ਤੇ ਉੱਤਰ ਆਉਣ ਅਤੇ ਪੁਰਾਣੇ ਢਾਂਚੇ ਨੂੰ ਉਖਾੜ ਸੁੱਟਣ ਦਾ ਵਿਚਾਰ ਅਸੰਭਵ ਹੋਣ ਦੀ ਹੱਦ ਤੱਕ ਮੁਸ਼ਕਿਲ ਲੱਗਦਾ ਰਿਹਾ ਹੈ...ਅਤੇ ਫਿਰ ਵੀ, ਪਿਛਲੇ ਮਹੀਨੇ ਦੀਆਂ ਸੁਰਖੀਆਂ ਦੱਸਦੀਆਂ ਹਨ ਕਿ ਆਸਮਾਨ ਛੂੰਹਦੀਆਂ ਕੀਮਤਾਂ ਸਾਰੀ ਦੁਨੀਆਂ ਦੀਆਂ ਸਰਕਾਰਾਂ ਦੀ ਸਥਿਰਤਾ ਲਈ ਖ਼ਤਰਾ ਪੈਦਾ ਕਰ ਰਹੀਆਂ ਹਨ... ਜਦੋਂ ਹਾਲਾਤ ਅਜਿਹੇ ਹੋ ਜਾਣ ਕਿ ਗ਼ੈਰ—ਸਰਗਰਮ ਨਾਗਰਿਕ ਆਪਣੇ ਭੁੱਖੇ ਬੱਚਿਆਂ ਨੂੰ ਨਾ ਖਵਾ ਸਕਣ ਤਾਂ ਅਚਾਨਕ ਇਹ ਹੀ ਸ਼ਾਂਤੀਪਸੰਦ ਲੋਕ ਅਜਿਹੇ ਅੰਦੋਲਨਕਾਰੀ ਬਣ ਜਾਂਦੇ ਹਨ ਜਿਨ੍ਹਾਂ ਕੋਲ਼ ਖਾਣ ਲਈ ਕੁੱਝ ਵੀ ਨਹੀਂ ਹੈ।"*

ਅਨਾਜ ਸੰਕਟ : ਕਾਰਨ ਅਤੇ ਪ੍ਰਭਾਵ

ਅਨਾਜ ਸੰਕਟ ਅਚਾਨਕ ਨਹੀਂ ਆਇਆ ਹੈ। ਇਸ ਦੇ ਕੁੱਝ ਲੱਛਣ ਪਹਿਲਾਂ ਤੋਂ ਹੀ ਨਜ਼ਰ ਆਉਣ ਲੱਗੇ ਸਨ। ਅਮਰੀਕੀ ਸਬਪ੍ਰਾਈਮ ਸੰਕਟ ਦੇ ਬਾਅਦ ਤੋਂ ਸੱਟੇਬਾਜ ਪੂੰਜੀ ਨੂੰ ਜਿਨ੍ਹਾਂ ਨਵੇਂ ਬਦਲਾਂ ਦੀ ਭਾਲ਼ ਸੀ, ਉਨ੍ਹਾਂ ਵਿੱਚੋਂ ਇੱਕ ਅਨਾਜ ਮੰਡੀ ਵੀ ਸੀ। ਸਬਪ੍ਰਾਈਮ ਸੰਕਟ ਦੇ ਬਾਅਦ ਤੋਂ ਸੰਸਾਰ ਅਨਾਜ ਮੰਡੀ ਵਿੱਚ ਸੱਟੇਬਾਜੀ ਵਧੀ ਅਤੇ ਨਤੀਜੇ ਦੇ ਤੌਰ 'ਤੇ ਜਮ੍ਹਾਂ ਖੋਰੀ ਵਧੀ। ਪਰ ਇਹ ਕਾਰਨ ਕਾਫ਼ੀ ਬਾਅਦ ਵਿੱਚ ਸਰਗਰਮ ਹੁੰਦਾ ਹੈ। ਅਨਾਜ ਸੰਕਟ ਦੇ ਬੀਜ ਤਾਂ ਅਮਰੀਕਾ ਸਬਪ੍ਰਾਈਮ ਸੰਕਟ ਤੋਂ ਵੀ ਪਹਿਲਾਂ ਪੈ ਚੁੱਕੇ ਸਨ। ਨਵ-ਉਦਾਰੀਕਰਨ ਦੇ ਪੂਰੇ ਦੌਰ ਵਿੱਚ ਤੀਸਰੀ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਪੂੰਜੀਪਤੀ ਜਮਾਤ ਨੇ 'ਸਮਾਜਵਾਦ' ਅਤੇ 'ਕਲਿਆਣਕਾਰੀ ਰਾਜ' ਦਾ ਮਖੌਟਾ ਲਾਹ ਕੇ ਸੁੱਟ ਦਿੱਤਾ। ਜਾਹਿਰ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਪਬਲਿਕ ਸੈਕਟਰ—ਕਲਿਆਣਕਾਰੀ— ਸਮਾਜਵਾਦ ਨਾਮਧਾਰੀ ਪੂੰਜੀਵਾਦ ਪੂੰਜੀ ਦੇ ਬੇਰੋਕ ਵਹਾਅ, ਵਿਸਤਾਰ, ਸੰਗ੍ਰਹਿ ਅਤੇ ਪੂੰਜੀਵਾਦ ਦੇ ਵਿਕਾਸ ਵਿੱਚ ਇੱਕ ਰੁਕਾਵਟ ਸੀ। ਪੂੰਜੀ ਨੇ ਆਪਣੀ ਸਹਿਜ-ਸੁਭਾਵਿਕ ਰਫ਼ਤਾਰ ਨਾਲ਼ ਉਸਨੂੰ ਤੋੜ ਦਿੱਤਾ ਅਤੇ ਪੂੰਜੀਵਾਦ ਆਪਣੇ ਅਸਲ ਰੂਪ ਵਿੱਚ ਸਾਹਮਣੇ ਆਉਣ ਲੱਗਿਆ। ਇਸਦੇ ਨਾਲ਼ ਹੀ, ਇੱਕ-ਇੱਕ ਕਰਕੇ ਉਹ ਸਾਰੀਆਂ ਸੁਰੱਖਿਆਵਾਂ ਜੋ ਦੇਸ਼ੀ ਖੇਤੀ ਨੂੰ ਸਾਮਰਾਜਵਾਦੀ ਪੂੰਜੀ ਮੂਹਰੇ ਚਾਹੀਦੀਆਂ ਸਨ ਉਹ ਘੱਟ ਹੋਣ ਲੱਗੀਆਂ ; ਖੇਤੀ ਵਿੱਚ ਪੂੰਜੀਵਾਦ ਦੀ ਘੁਸਪੈਠ ਦੇ ਉੱਨਤ ਪੜਾਅ ਵਿੱਚ ਪਹੁੰਚਣ ਅਤੇ ਰਾਜਕੀ ਸੁਰੱਖਿਆ ਅਤੇ ਕੰਟਰੋਲ ਦੇ ਖ਼ਤਮ ਹੋਣ ਦੇ ਨਾਲ਼ ਹੀ ਖਤੀ ਵਿੱਚ ਫੈਸਲਾਕੁਨ ਸ਼ਕਤੀ ਮੰਡੀ ਦੀ ਹੋ ਗਈ ਅਤੇ ਖੇਤੀ ਸੰਸਾਰ ਮੰਡੀ ਦੀਆਂ ਅਦਿੱਖ-ਅਨਿਸ਼ਚਿਤ ਤਾਕਤਾਂ ਦੇ ਅਧੀਨ ਹੋ ਗਿਆ। ਰਾਜ ਦੀ ਭੂਮਿਕਾ ਜ਼ਿਆਦਾ ਤੋਂ ਜ਼ਿਆਦਾ ਇੱਕ ਪ੍ਰਬੰਧਕ ਬਣਦੇ ਜਾਣ ਦਾ ਹੀ ਨਤੀਜਾ ਸੀ ਕਿ ਸਰਵਜਨਿਕ ਵੰਡ ਪ੍ਰਣਾਲੀ ਤੋਂ ਸਰਕਾਰ ਹੌਲ਼ੀ-ਹੌਲ਼ੀ ਹੱਥ ਖਿੱਚਣ ਲੱਗੀ ਅਤੇ ਦੇਸ਼ ਦੀ ਗਰੀਬ ਆਬਾਦੀ, ਜਿਸ ਨੂੰ ਇੱਕ ਮਾਮੂਲੀ ਅਨਾਜ ਸੁਰੱਖਿਆ ਹਾਸਲ ਸੀ, ਉਹ ਵੀ ਖ਼ਤਮ ਹੋਣ ਲੱਗੀ ਅਤੇ ਗਰੀਬ ਕਿਰਤੀ ਜਮਾਤ ਪੂਰੀ ਤਰ੍ਹਾਂ ਮੰਡੀ-ਅਨਿਯਮਿਤ ਕੀਮਤਾਂ ਦੇ ਤਰਸ 'ਤੇ ਨਿਰਭਰ ਹੋ ਗਈ। ਮੰਡੀ ਲਈ ਹੋਣ ਵਾਲ਼ੀ ਖੇਤੀ ਨੇ ਨਕਦੀ ਫਸਲਾਂ ਦੀ ਪੈਦਾਵਾਰ ਦੇ ਰੁਝਾਨ ਨੂੰ ਹੱਲਾਸ਼ੇਰੀ ਦਿੱਤੀ। ਇਸ ਰੁਝਾਨ ਦਾ ਨਵੀਨਤਮ ਪ੍ਰਗਟਾਵਾ ਜੈਵ-ਬਾਲਣਾਂ ਦੀ ਪੈਦਾਵਾਰ ਲਈ ਅਨਾਜ ਪੈਦਾਵਾਰ ਦੀ ਬਲ਼ੀ ਚੜ੍ਹਾਉਣਾ ਹੈ। ਅਜਿਹੇ ਵਿਆਪਕ ਕਾਰਣਾਂ ਤੋਂ ਹੀ ਮੌਜੂਦ ਅਨਾਜ ਸੰਕਟ ਪੈਦਾ ਹੋਇਆ ਹੈ। ਇਸ ਮੋਟੀ ਰੂਪ ਰੇਖਾ ਨੂੰ ਪੇਸ਼ ਕਰਨ ਤੋਂ ਬਾਅਦ ਇਸ ਮੌਜੂਦਾ ਅਨਾਜ ਸੰਕਟ ਦੇ ਸਮੇਂ ਦੇ ਕਾਰਨਾਂ 'ਤੇ ਚਰਚਾ ਕਰ ਸਕਦੇ ਹਾਂ।

ਇਸ ਤੋਂ ਪਹਿਲਾਂ ਕਿ ਅਸੀਂ ਫੌਰੀ ਕਾਰਨਾਂ 'ਤੇ ਚਰਚਾ ਸ਼ੁਰੂ ਕਰੀਏ, ਆਓ ਇਸ ਭਿਆਨਕ ਅਨਾਜ ਸੰਕਟ ਦੀ ਹੱਦ ਅਤੇ ਉਸਦੇ ਪ੍ਰਭਾਵਾਂ 'ਤੇ ਇੱਕ ਨਜ਼ਰ ਮਾਰੀਏ। ਪਿਛਲੇ ਕੁੱਝ ਮਹੀਨਿਆਂ

ਵਿੱਚ ਅਨਾਜ ਦੀਆਂ ਕੀਮਤਾਂ ਵਿੱਚ ਜਿਸ ਰਫ਼ਤਾਰ ਨਾਲ਼ ਵਾਧਾ ਹੋਇਆ ਹੈ ਉਨਾਂ ਪਿਛਲੇ ਤਿੰਨ ਦਹਾਕਿਆਂ ਵਿੱਚ ਕਦੇ ਨਹੀਂ ਹੋਇਆ ਹੈ। ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ ਪੂਰੇ 2007 ਦੌਰਾਨ ਅਨਾਜ ਦੀਆਂ ਕੀਮਤਾਂ ਵਿੱਚ 40 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਦਾ ਵਾਧਾ ਹੋਇਆ ਹੈ। ਇੱਥੇ ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚੋਂ ਸਭ ਤੋਂ ਜ਼ਿਆਦਾ ਵਾਧਾ ਹੋਇਆ ਹੈ ਜਿਸ 'ਤੇ ਤੀਸਰੀ ਦੁਨੀਆ ਦੀ ਗਰੀਬ ਲੋਕਾਂ ਦੀ ਸਭ ਤੋਂ ਜ਼ਿਆਦਾ ਨਿਰਭਰਤਾ ਹੈ—ਭਾਵ, ਚਾਵਲ, ਕਣਕ ਅਤੇ ਮੱਕੀ। 2007 ਵਿੱਚ ਕਣਕ ਦੀਆਂ ਕੀਮਤਾਂ ਵਿੱਚ 77 ਪ੍ਰਤੀਸ਼ਤ ਅਤੇ ਚਾਵਲ ਦੀਆਂ ਕੀਮਤਾਂ ਵਿੱਚੋਂ 20 ਪ੍ਰਤੀਸ਼ਤ ਦਾ ਵਾਧਾ ਹੋਇਆ। ਕਣਕ ਦੀਆਂ ਕੀਮਤਾਂ ਵਿੱਚ ਵੀ ਪਹਿਲਾਂ ਵਰਗੀ ਅਸਥਿਰਤਾ ਬਰਕਰਾਰ ਰਹੀ ਹੈ। ਉੱਥੇ ਮੱਕੀ, ਜੋ ਕਿ ਲਾਤੀਨੀ ਅਮਰੀਕੀ ਦੇਸ਼ਾਂ ਦਾ ਮੁੱਖ ਭੋਜਨ ਹੈ, ਲਗਾਤਾਰ ਮਹਿੰਗੀ ਹੁੰਦੀ ਗਈ ਹੈ। ਪਿਛਲੇ ਦੋ ਸਾਲਾਂ ਵਿੱਚ ਸੰਸਾਰ ਮੰਡੀ ਵਿੱਚ ਮੱਕੀ ਦੀ ਕੀਮਤ ਦੁੱਗਣੀ ਤੋਂ ਵੀ ਜ਼ਿਆਦਾ ਹੋ ਗਈ ਹੈ। ਇਨ੍ਹਾਂ ਮੁੱਖ ਅਨਾਜਾਂ ਤੋਂ ਇਲਾਵਾ ਮਾਸ, ਬਨਸਪਤੀ ਤੇਲ ਆਦਿ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਜਿਵੇਂ ਕਿ ਹਰ ਸੰਕਟ ਦੇ ਮਾਮਲੇ ਵਿੱਚ ਹੁੰਦਾ ਹੈ, ਹਾਕਮ ਜਮਾਤ ਨੇ ਇਸ ਸੰਕਟ ਦੇ ਕਾਰਨਾਂ ਨੂੰ ਗਰੀਬਾਂ ਸਿਰ ਮੜ੍ਹ ਦਿੱਤਾ। ਜਾਰਜ ਬੁੱਸ਼ ਅਤੇ ਕਾਂਡੋਲੀਜਾ ਰਾਇਸ ਦਾ ਇਹ ਕਹਿਣਾ ਕਿ ਭਾਰਤ ਅਤੇ ਚੀਨ ਦੇ ਲੋਕਾਂ ਦੇ ਜ਼ਿਆਦਾ ਖਾਣ ਦੇ ਕਾਰਨ ਅਨਾਜ ਸੰਕਟ ਪੈਦਾ ਹੋਇਆ ਹੈ। ਇਸ ਗੱਲ ਪਿੱਛੇ ਹਾਸੋਹੀਣਾ ਤਰਕ ਇਹ ਹੈ ਕਿ ਪਿੱਛਲੇ ਲੱਗਭਗ ਦੋ ਦਹਾਕਿਆਂ ਵਿੱਚ ਇਨ੍ਹਾਂ ਦੇਸ਼ਾਂ ਦੇ ਅਰਥ ਚਾਰਿਆਂ ਦੀ ਵਿਕਾਸ ਦਰ ਵਧ ਹੋਣ ਕਾਰਨ ਅਨਾਜਾਂ ਦੀ ਮੰਗ ਉਨ੍ਹਾਂ ਦੀ ਸਪਲਾਈ ਨਾਲੋਂ ਵਧ ਗਈ ਹੈ। ਇਹ ਗੱਲ ਸੱਚ ਹੈ ਕਿ ਭਾਰਤ ਅਤੇ ਚੀਨ ਦੀਆਂ ਧਨਾਢ ਜਮਾਤਾਂ ਨੂੰ ਪੂੰਜੀਵਾਦੀ ਵਿਕਾਸ ਅਤੇ ਵਾਧਾ ਦਰ ਦਾ ਭਰਪੂਰ ਫਾਇਦਾ ਮਿਲਿਆ ਹੈ ਅਤੇ ਉਨ੍ਹਾਂ ਦੀ ਭੋਜਨ ਖਪਤ ਵੱਧ ਗਈ ਹੈ। ਪਰ ਇਨ੍ਹਾਂ ਦੇਸ਼ਾਂ ਵਿੱਚ ਗਰੀਬਾਂ ਦੇ ਭੋਜਨ ਵਿੱਚ ਕਮੀ ਆਈ ਹੈ। ਸੱਚ ਤਾਂ ਇਹ ਹੈ ਭਾਰਤ ਵਿੱਚ ਅੰਨ ਦੀ ਪ੍ਰਤੀ ਵਿਅਕਤੀ ਖਪਤ 1980 ਦੇ ਦਹਾਕੇ ਨਾਲੋਂ ਵੀ ਘੱਟ ਹੈ ਅਤੇ ਚੀਨ ਵਿੱਚ ਅੱਜ ਦੀ ਅੰਨ ਦੀ ਪ੍ਰਤੀ ਵਿਅਕਤੀ ਖਪਤ 1999 ਨਾਲੋਂ ਵੀ ਘੱਟ ਹੈ!

ਹੁਣ ਆਓ ਅਨਾਜ ਸੰਕਟ ਦੇ ਅਸਲੀ ਕਾਰਨਾਂ 'ਤੇ ਨਜ਼ਰ ਮਾਰੀਏ।

ਜੋ ਕਾਰਨ ਸਭ ਤੋਂ ਤਾਜ਼ਾ ਹੈ, ਪਰ ਜੋ ਸੁਭਾਅ ਤੋਂ ਹੀ ਪੂੰਜੀਵਾਦ ਦਾ ਅਟੱਲ ਨਤੀਜਾ ਹੈ, ਉਹ ਹੈ ਵੱਖ-ਵੱਖ ਜਿਣਸਾਂ ਦੇ ਮੰਡੀ ਵਿੱਚ ਵੱਧਦੀ ਹੋਈ ਸੱਟੇਬਾਜੀ। ਖੇਤੀ-ਉਤਪਾਦਾਂ ਦੀ ਮੰਡੀ ਵਿੱਚ ਵੀ ਇਜਾਰੇਦਾਰੀ ਦੀ ਉਹ ਪ੍ਰਕਿਰਿਆ ਲਗਾਤਾਰ ਜਾਰੀ ਹੈ ਜੋ ਵਸਤਾਂ ਦੀ ਮੰਡੀ ਵਿੱਚ ਪੂੰਜੀਵਾਦੀ ਢਾਂਚੇ ਵਿੱਚ ਚੱਲਦੀ ਹੈ। ਅੱਜ ਹਾਲਤ ਇਹ ਹੈ ਕਿ ਸਾਰੀ ਦੁਨੀਆਂ ਵਿਚ ਮੁੱਠੀ ਭਰ ਕੰਪਨੀਆਂ ਖੇਤੀ ਵਿੱਚ ਹੋਣ ਵਾਲ਼ੀ ਪੈਦਾਵਾਰ-ਸਬੰਧੀ ਸਪਲਾਈ ਤੋਂ ਲੈ ਕੇ ਮੰਡੀ ਵਿੱਚ ਪੈਦਾ ਜਿਣਸਾਂ ਦੀ ਸਪਲਾਈ ਤੱਕ ਦੀ ਪ੍ਰਕਿਰਿਆ ਦੇ ਹਰ ਪੱਖ ਨੂੰ ਕੰਟਰੋਲ ਕਰਦੀਆਂ ਹਨ। ਮੰਗ ਨੂੰ ਮੁਨਾਫ਼ੇ ਅਨੁਸਾਰ ਰੈਗੂਲੇਟ ਕਰਕੇ ਪੈਦਾਵਾਰ ਦੇ ਪੂਰੇ ਢਾਂਚੇ ਨੂੰ ਬਦਲ ਦਿੱਤਾ ਜਾਂਦਾ ਹੈ। ਸੰਸਾਰ ਖੇਤੀ ਉਤਪਾਦ ਮੰਡੀ ਵਿੱਚ ਇਜ਼ਾਰੇਦਾਰੀ ਦੇ ਵੱਧਣ ਦੇ ਕਾਰਨ ਸੱਟੇਬਾਜੀ ਵਿੱਚ ਵੀ ਲਗਾਤਾਰ ਵਾਧਾ ਹੋਇਆ ਹੈ। ਫਯੂਚਰਸ ਟ੍ਰੇਡ ਨੇ ਇਸ ਸੱਟੇਬਾਜੀ ਨੂੰ ਹੋਰ ਬਲ ਦਿੱਤਾ ਹੈ। ਇਸ ਕਾਰਨ ਵਿੱਤੀ ਸੱਟੇਬਾਜਾਂ ਨੂੰ ਅਨਾਜ ਮੰਡੀਆਂ ਵਿੱਚ ਨਿਵੇਸ਼ ਕਰਨ ਦੀ ਖੁੱਲ੍ਹ ਮਿਲ ਗਈ ਹੈ ਨਤੀਜੇ ਵਜੋਂ, ਅਨਾਜ ਮੰਡੀਆਂ ਤੱਕ ਹੇਜ ਫੰਡ ਅਤੇ ਇੰਡੇਕਸ ਫੰਡ ਵਰਗੀ ਸੱਟੇਬਾਜ ਉਡਣਛੂ ਪੂੰਜੀ ਦੀ ਘੁਸਪੈਠ ਹੋ ਗਈ ਹੈ। ਅਜਿਹੇ ਨਿਵੇਸ਼ਕ ਕੀਮਤਾਂ ਤੱਕ 'ਤੇ ਸੱਟੇਬਾਜੀ ਕਰਦੇ ਹਨ ਜਿਸ ਨਾਲ਼ ਉਹ ਲੋੜੋਂ ਵੱਧ ਅਸਥਿਰ ਹੋ ਜਾਂਦੀ ਹੈ ਅਤੇ ਇਹ ਸੱਟੇਬਾਜ ਪੂੰਜੀ ਹੀ ਸਮਾਂ ਪਾ ਕੇ ਕੀ ਕਿੰਨਾ ਪੈਦਾ ਹੋਵੇ, ਇਹ ਵੀ ਤੈਅ ਕਰਨ ਵਿੱਚ ਦਖ਼ਲ ਦੇਣ ਲੱਗਦੀ ਹੈ।

ਅਨਾਜਾਂ ਦੀਆਂ ਮੰਡੀਆਂ ਵਿੱਚ ਸੱਟੇਬਾਜੀ ਵੱਧਣ ਦਾ ਇੱਕ ਕਾਰਨ ਹੋਰ ਵੀ ਹੈ। ਵਿਸ਼ਵੀਕਰਨ ਅਤੇ ਨਵ-ਉਦਾਰਵਾਦ ਦੇ ਦੌਰ ਵਿੱਚ ਪੂਰੀ ਦੁਨੀਆਂ ਵਿੱਚ ਪੂੰਜੀਵਾਦੀ ਰਾਜਾਂ ਨੇ 'ਸਮਾਜਵਾਦੀ' ਜਾਂ 'ਕਲਿਆਣਕਾਰੀ' ਮਖੌਟੇ ਨੂੰ ਲਾਹ ਸੁੱਟਿਆ ਹੈ ਅਤੇ ਪੂੰਜੀ ਨੂੰ ਖੁੱਲ੍ਹੀ ਲੁੱਟ ਦੀ ਖੁੱਲ੍ਹ ਦੇ ਕੇ ਉਹ ਖ਼ੁਦ ਉਸਦੇ ਹਿੱਤਾਂ ਦੇ ਪ੍ਰਬੰਧਕ ਬਣ ਬੈਠੇ ਹਨ। ਅਜਿਹੇ ਵਿੱਚ ਇਹ ਲਾਜ਼ਮੀ ਜਿਹੀ ਗੱਲ ਹੈ ਕਿ ਸਰਵਜਨਿਕ ਵੰਡ ਪ੍ਰਣਾਲੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਸਰਕਾਰਾਂ ਦਾ ਅਨਾਜ ਦੇ ਕੇਂਦਰੀ ਭੰਡਾਰ ਤੋਂ ਕੰਟਰੋਲ ਘੱਟ ਹੁੰਦੇ ਜਾਣ ਦੇ ਕਾਰਨ ਸੁਭਾਵਿਕ ਰੂਪ ਨਾਲ਼ ਅਨਾਜ ਮੰਡੀਆਂ ਵਿੱਚ ਸੱਟੇਬਾਜੀ ਵਧੀ ਹੈ।

ਇਹ ਸੱਟੇਬਾਜੀ ਜਲਦੀ ਖ਼ਤਮ ਵੀ ਨਹੀਂ ਹੋਣ ਵਾਲ਼ੀ। ਕਾਰਨ ਇਹ ਹੈ ਕਿ ਅਮਰੀਕਾ ਸਬਪ੍ਰਾਈਮ ਸੰਕਟ ਸ਼ੁਰੂ ਹੋਣ ਬਾਅਦ ਤੋਂ ਸਾਰੀ ਸੰਸਾਰ ਮੰਡੀ ਇੱਕ ਅਣਕਿਆਸੀ ਉੱਥਲ-ਪੁਥਲ ਦੀ ਸ਼ਿਕਾਰ ਹੈ। ਵਿੱਤੀ ਪੂੰਜੀ ਰਿਅਲ ਅਸਟੇਟ ਅਤੇ ਸਟਾਕ ਮਾਰਕੀਟ 'ਤੇ ਅਤਿ-ਨਿਰਭਰਤਾ ਖ਼ਤਮ ਕਰਕੇ ਨਿਵੇਸ਼ ਦੀਆਂ ਨਵੀਂਆਂ ਥਾਵਾਂ ਲੱਭ ਰਹੀ ਹੈ। ਅਨਾਜ ਮੰਡੀਆਂ ਦੇ ਰੂਪ ਵਿੱਚ ਉਸਨੂੰ ਇੱਕ ਨਵਾਂ ਬਦਲ ਮਿਲ ਗਿਆ ਹੈ। ਅਨਾਜ ਮੰਡੀ ਵਿੱਚ ਵਿੱਤੀ ਪੂੰਜੀ ਦੇ ਵੱਡੀ ਪੱਧਰ 'ਤੇ ਵੜਨ ਨਾਲ਼ ਸੱਟੇਬਾਜੀ ਤੇਜ਼ੀ ਨਾਲ਼ ਵਧੀ ਹੈ ਅਤੇ ਅਜੇ ਅੱਗੇ ਹੋਰ ਵਧੇਗੀ। ਸੱਟੇਬਾਜੀ ਦੇ ਵੱਧਣ ਨਾਲ਼ ਹੀ ਨਿੱਜੀ ਵਪਾਰੀਆਂ ਅਤੇ ਟੁੱਚੇ ਸੱਟੇਬਾਜ ਅਤਿ ਸਰਗਰਮ ਹੋ ਜਾਂਦੇ ਹਨ। ਪਿਛਲੇ ਸਾਲ ਅਜਿਹਾ ਹੀ ਹੋਇਆ ਸੀ ਜਦੋਂ ਅਨਾਜ ਪੈਦਾਵਰ ਭਾਰਤ ਵਿੱਚ ਘਰੇਲੂ ਮੰਗਾਂ ਨੂੰ ਪੂਰਾ ਕਰਨ ਲਈ ਕਾਫ਼ੀ ਸੀ ਪਰ ਨਿੱਜੀ ਵਪਾਰੀਆਂ ਦੀ ਜਮ੍ਹਾਂਖ਼ੋਰੀ ਕਾਰਨ ਅਨਾਜ ਮਹਿੰਗਾ ਹੁੰਦਾ ਗਿਆ। ਜਮ੍ਹਾਂਖ਼ੋਰੀ ਹੋਣ ਦੇ ਪਿੱਛੇ ਸੱਟੇਬਾਜੀ ਕਾਰਨ ਹੋਣ ਵਾਲ਼ੀ ਅਟਕਲਬਾਜੀ ਅਤੇ ਅਫ਼ਵਾਹਾਂ ਦਾ ਮੁੱਖ ਹੱਥ ਸੀ।

ਸੱਟੇਬਾਜੀ ਤੋਂ ਬਾਅਦ ਦੂਸਰਾ ਵੱਡਾ ਕਾਰਨ ਸੀ ਤੇਲ ਦੀਆਂ ਕੀਮਤਾਂ ਵਿੱਚ ਵਾਧਾ। ਤੇਲ ਦੀਆਂ ਕੀਮਤਾਂ ਹਰ ਅਜਿਹੀ ਵਸਤੂ ਦੀ ਪੈਦਾਵਾਰ ਦੀ ਲਾਗਤ ਵਿੱਚ ਸ਼ਾਮਿਲ ਹੁੰਦੀਆਂ ਹਨ ਜਿਸ ਵਿੱਚ ਊਰਜਾ ਦੀ ਵਰਤੋਂ ਹੁੰਦੀ ਹੈ ਜਾਂ ਜਿਸਨੂੰ ਢੋਆ-ਢੁਆਈ ਦੇ ਸਾਧਨਾਂ ਦੇ ਜ਼ਰੀਏ ਮੰਡੀ ਤੱਕ ਪਹੁੰਚਾਉਣਾ ਹੁੰਦਾ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਖੇਤੀ ਉਤਪਾਦ ਅਜਿਹੇ ਹੀ ਮਾਲਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਖੇਤੀ ਦਾ ਵੱਧ ਤੋਂ ਵੱਧ ਮਸ਼ੀਨੀਕਰਨ ਹੋਣ ਨਾਲ਼ ਤੇਲ ਦੀ ਜ਼ਰੂਰਤ ਖੇਤੀ ਪੈਦਾਵਾਰ ਵਿੱਚ ਵੱਧਦੀ ਗਈ ਹੈ। ਹਾਰਵੈਸਟਰ, ਟਰੈਕਟਰ ਤੋਂ ਲੈ ਕੇ ਪ੍ਰੈਸ਼ਰ ਤੱਕ ਨੂੰ ਚਲਾਉਣ ਵਿੱਚ ਤੇਲ ਦੀ ਲੋੜ ਪੈਂਦੀ ਹੈ। ਊਰਜਾ ਲਾਗਤ ਵਿੱਚ ਹੋਣ ਵਾਲ਼ਾ

ਵਾਧਾ ਸਿੱਧੇ-ਸਿੱਧੇ ਖੇਤੀ ਪੈਦਾਵਾਰ ਦੀ ਲਾਗਤ ਵਿੱਚ ਸਥਾਨਾਂਤਰਿਤ ਹੁੰਦੀ ਹੈ। ਤੇਲ ਕੀਮਤਾਂ ਵਿੱਚ ਵਾਧੇ ਦੇ ਪ੍ਰਭਾਵ ਨੂੰ ਭਾਰਤ ਸਰਕਾਰ ਤੇਲ 'ਤੇ ਲਾਏ ਜਾਣ ਵਾਲ਼ੇ ਟੈਕਸਾਂ ਵਿੱਚ ਕਟੌਤੀ ਕਰਕੇ ਰੋਕ ਸਕਦੀ ਹੈ। ਇਸ ਨਾਲ਼ ਤੇਲ ਕੰਪਨੀਆਂ ਨੂੰ ਘਾਟਾ ਵੀ ਨਹੀਂ ਹੁੰਦਾ ਅਤੇ ਨਾ ਹੀ ਲੋਕਾਂ ਦੀ ਜੇਬ 'ਤੇ ਬੋਝ ਵੱਧਦਾ। ਬਸ ਸਰਕਾਰੀ ਆਮਦਨ ਵਿੱਚ ਥੋੜ੍ਹੀ ਕਮੀ ਆਉਂਦੀ। ਪਰ ਸਰਕਾਰ ਨੇ ਇੰਵ ਨਾ ਕਰਕੇ ਸਾਰਾ ਬੋਝ ਲੋਕਾਂ 'ਤੇ ਸੁੱਟ ਦਿੱਤਾ।

ਤੀਸਰਾ ਕਾਰਨ, ਜੋ ਸੰਸਾਰ ਪੱਧਰ 'ਤੇ ਅਨਾਜ ਸੰਕਟ ਨੂੰ ਹੱਲਾਸ਼ੇਰੀ ਦੇ ਰਿਹਾ ਹੈ ਜੈਵ ਬਾਲਣਾਂ ਦੀ ਪੈਦਾਵਾਰ। ਅਮਰੀਕਾ ਅਤੇ ਯੂਰਪ ਦੇ ਦੇਸ਼ ਅਤੇ ਨਾਲ਼ ਹੀ ਬ੍ਰਾਜ਼ੀਲ ਵਰਗੇ ਕੁੱਝ ਦੇਸ਼ ਜੈਵ-ਬਾਲਣਾਂ ਨੂੰ ਹੱਲਾਸ਼ੇਰੀ ਦੇ ਰਹੇ ਹਨ ਅਤੇ ਉਸਨੂੰ ਪੈਟ੍ਰੋਲਿਅਮ ਦੇ ਵਿਕਲਪ ਦੇ ਤੌਰ 'ਤੇ ਪੇਸ਼ ਕਰ ਰਹੇ ਹਨ। ਨਤੀਜਾ ਇਹ ਹੋ ਰਿਹਾ ਹੈ ਕਿ ਅਨਾਜਾਂ ਦੀ ਖੇਤੀ ਦੇ ਤਹਿਤ ਆਉਣ ਵਾਲ਼ੀ ਭੂਮੀ ਲਗਾਤਰ ਘੱਟ ਹੋ ਰਹੀ ਹੈ ਅਤੇ ਨਤੀਜੇ ਦੇ ਤੌਰ 'ਤੇ ਅਨਾਜ ਦੀ ਪੈਦਾਵਾਰ ਘੱਟ ਰਹੀ ਹੈ। ਮਿਸਾਲ ਦੇ ਤੌਰ 'ਤੇ, 2006 ਵਿੱਚ ਅਮਰੀਕਾ ਨੇ ਆਪਣੇ ਮੱਕੀ ਦੀ ਪੈਦਾਵਾਰ ਦਾ 20 ਪ੍ਰਤੀਸ਼ਤ, ਬ੍ਰਾਜ਼ੀਲ ਨੇ ਆਪਣੇ ਗੰਨੇ ਦੀ ਪੈਦਾਵਾਰ ਦਾ 50 ਪ੍ਰਤੀਸ਼ਤ ਅਤੇ ਯੂਰਪੀ ਸੰਘ ਨੇ ਆਪਣੇ ਬਨਸਪਤੀ ਤੇਲ ਦੇ ਬੀਜ ਦੀ ਪੈਦਾਵਾਰ ਦਾ ਵੱਡਾ ਹਿੱਸਾ ਇਥੇਨਾਲ ਅਤੇ ਕਈ ਪ੍ਰਕਾਰ ਦੇ ਜੈਵ-ਬਾਲਣਾਂ ਦੀ ਪੈਦਾਵਾਰ ਵਿੱਚ ਲਗਾ ਦਿੱਤਾ ਅਮਰੀਕਾ ਨੇ ਇਸ ਮਾਮਲੇ ਵਿੱਚ ਅਗਾਂਹਵਧੂ ਭੂਮਿਕਾ ਅਦਾ ਕੀਤੀ। ਇਹ ਸਪੱਸ਼ਟ ਹੋਣ ਬਾਅਦ ਕਿ ਮੱਧ-ਪੂਰਬ ਦੇ ਸਾਰੇ ਤੇਲ ਭੰਡਾਰ 'ਤੇ ਅਮਰੀਕਾ ਆਪਣਾ ਏਕਾਧਿਕਾਰ ਸਥਾਪਿਤ ਨਹੀਂ ਕਰ ਸਕਦਾ, ਅਮਰੀਕਾ ਨੇ ਪੈਟ੍ਰੋਲੀਅਮ ਉਤਪਾਦਾਂ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਜੈਵ-ਬਾਲਣਾਂ ਦੀ ਪੈਦਾਵਾਰ ਨੂੰ ਹੱਲਾਸ਼ੇਰੀ ਦੇਣੀ ਸ਼ੁਰੂ ਕਰ ਦਿੱਤੀ। ਮੱਕੀ, ਜਵਾਰ ਦੀਆਂ ਕੀਮਤਾਂ ਵਿੱਚ ਜੈਵ-ਬਾਲਣ ਦੀ ਪੈਦਾਵਾਰ ਦੇ ਕਾਰਨ ਵੱਡਾ ਵਾਧਾ ਹੋਇਆ। ਕਿਉਂਕਿ ਇਹ ਪਸ਼ੂਆਂ ਦੀ ਵੀ ਪ੍ਰਮੁੱਖ ਖੁਰਾਕ ਹੈ, ਇਸ ਲਈ ਮਾਸ ਅਤੇ ਦੁੱਧ ਉਤਪਾਦ ਵੀ ਮਹਿੰਗੇ ਹੋ ਗਏ।

ਪੂੰਜੀਵਾਦ ਦੀ ਬਦਹਵਾਸੀ ਅਤੇ ਕੁਤਰਕ ਦਾ ਆਲਮ ਤਾਂ ਇਹ ਹੈ ਕਿ ਉਹ ਇਹ ਵੀ ਨਹੀਂ ਦੇਖ ਪਾ ਰਿਹਾ ਹੈ ਕਿ ਜੈਵ-ਬਾਲਣ ਨਾ ਤਾਂ ਊਰਜਾ ਸੁਰੱਖਿਆ ਦੇ ਰਿਹਾ ਹੈ ਅਤੇ ਨਾ ਉਹ 'ਗਲੋਬਲ ਵਾਰਮਿੰਗ' ਦੀ ਰਫ਼ਤਾਰ ਨੂੰ ਘੱਟ ਕਰ ਰਿਹਾ ਹੈ। ਪਰ ਸਰਕਾਰੀ ਸਬਸਿਡੀ ਦੇ ਕਾਰਨ ਨਿੱਜੀ ਪੂੰਜੀ ਜੈਵ-ਬਾਲਣਾਂ ਦੀ ਪੈਦਾਵਾਰ ਵੱਲ ਵਹਿ ਰਹੀ ਹੈ ਅਤੇ ਇਹ ਅਨਾਜ ਦੀ ਪੈਦਾਵਾਰ ਸੁਭਾਵਿਕ ਰੂਪ ਵਿੱਚ ਕਮੀ ਲਿਆ ਰਿਹਾ ਹੈ।

ਚੌਥਾ ਪ੍ਰਮੁੱਖ ਕਾਰਨ ਹੈ ਜਲਵਾਯੂ ਵਿੱਚ ਹੋਣ ਵਾਲ਼ੇ ਮਹੱਤਵਪੂਰਨ ਬਦਲਾਅ। ਇਨ੍ਹਾਂ ਬਦਲਾਵਾਂ ਦੇ ਕਾਰਨ ਹਾਲੀਆ ਫ਼ਸਲਾਂ ਖਰਾਬ ਹੋਈਆਂ ਹਨ। ਇਨ੍ਹਾਂ ਬਦਲਾਵਾਂ ਵਿੱਚ ਕਨੇਡਾ ਅਤੇ ਆਸਟ੍ਰੇਲੀਆ ਵਿੱਚ ਆਏ ਸੋਕੇ ਤੋਂ ਲੈ ਕੇ ਅਮਰੀਕਾ ਦੇ ਕਈ ਹਿੱਸਿਆਂ ਵਿੱਚ ਭਾਰੀ ਵਰਖਾ ਤੱਕ ਸ਼ਾਮਿਲ ਹੈ। ਵਿਗਿਆਨਿਕਾਂ ਦਾ ਮੰਨਣਾ ਹੈ ਕਿ ਮੌਸਮ ਦੇ ਲਗਾਤਾਰ ਗਰਮ ਹੁੰਦੇ ਜਾਣ ਕਾਰਨ ਫ਼ਸਲਾਂ 'ਤੇ ਕੀੜੇ-ਮਕੌੜਿਆਂ ਦਾ ਹਮਲਾ ਵਧੇਗਾ ਅਤੇ ਗਲੋਬਲ ਵਾਰਮਿੰਗ ਦੇ ਪ੍ਰਭਾਵ ਦੇ ਰੂਪ ਵਿੱਚ ਪੂਰੀ ਦੁਨੀਆ ਵਿੱਚ ਮਾਰੂਥਲੀਕਰਨ ਵੀ ਵਧੇਗਾ। ਚੀਨ ਅਤੇ ਭਾਰਤ ਵਰਗੇ ਦੇਸ਼ਾਂ ਦੀਆਂ ਜ਼ਿਆਦਾਤਰ ਨਦੀਆਂ ਗਲੇਸ਼ੀਅਰਾਂ ਦੁਆਰਾ ਭਰਦੀਆਂ ਹਨ ਜੋ ਲਗਾਤਾਰ ਪਿਘਲ਼ ਰਹੇ ਹਨ ਜਿਸ ਨਾਲ਼ ਆਉਣ ਵਾਲ਼ੇ ਸਮੇਂ ਵਿੱਚ ਭਿਆਨਕ ਸੰਕਟ ਖੜ੍ਹਾ ਹੋਣ ਵਾਲ਼ਾ ਹੈ। ਜ਼ਿਕਰਯੋਗ ਹੈ ਕਿ ਭਾਰਤ ਅਤੇ ਚੀਨ ਮਿਲ਼ ਕੇ ਸੰਸਾਰ ਦੇ ਕੁੱਲ ਚਾਵਲ ਅਤੇ ਕਣਕ ਦੀ ਪੈਦਾਵਾਰ ਦਾ ਅੱਧੇ ਤੋਂ ਜ਼ਿਆਦਾ ਪੈਦਾ ਕਰਦੇ ਹਨ।

ਆਖਰੀ ਕਾਰਨ ਹੈ, ਇੱਕ ਮੁਨਾਫ਼ੇ ਦੇ ਪ੍ਰਬੰਧ ਵਿੱਚ ਖੇਤੀ ਦੀ ਲਗਾਤਾਰ ਅਣਦੇਖੀ। ਇਸਦੇ ਇਲਾਵਾ ਮੌਜੂਦਾ ਸੰਸਾਰ ਪੂੰਜੀਵਾਦੀ ਢਾਂਚੇ ਵਿੱਚ ਹੋਰ ਕੁੱਝ ਹੋ ਵੀ ਨਹੀਂ ਸਕਦਾ ਹੈ। ਇਸ ਅਣਦੇਖੀ ਦੇ ਕਈ ਪੱਖ ਹਨ। ਇੱਕ ਮਹੱਤਵਪੂਰਨ ਪੱਖ ਹੈ ਖੇਤੀ-ਸਬੰਧੀ ਖੋਜਾਂ ਵਿੱਚ ਸਰਕਾਰੀ ਨਿਵੇਸ਼ ਦਾ ਲਗਾਤਾਰ ਘੱਟ ਹੁੰਦੇ ਜਾਣਾ। ਪੂੰਜੀਵਾਦੀ ਖੇਤੀ ਵਿੱਚ ਕਿਸਾਨਾਂ ਦਾ ਨਕਦੀ ਫਸਲਾਂ ਵੱਲ ਝੁਕਾਅ ਵੱਧਦਾ ਜਾਂਦਾ ਹੈ। ਨਤੀਜੇ ਵਜੋਂ ਅਨਾਜ ਦੀ ਪੈਦਾਵਾਰ ਦੇ ਤਹਿਤ ਆਉਣ ਵਾਲ਼ੀ ਖੇਤੀ-ਯੋਗ ਭੂਮੀ ਵਿੱਚ ਕਮੀ ਆਉਂਦੀ ਜਾਂਦੀ ਹੈ। ਖੇਤੀ-ਯੋਗ ਭੂਮੀ 'ਤੇ ਕਬਜਾ ਕਰਕੇ ਉੱਥੇ ਵਿਸ਼ੇਸ਼ ਆਰਥਿਕ ਖੇਤਰ ਆਦਿ ਬਣਾਏ ਜਾ ਰਹੇ ਹਨ। ਖੇਤੀ ਨੂੰ ਮਿਲਣ ਵਾਲ਼ੀ ਸਬਸਿਡੀ ਅਤੇ ਸਹਿਜ ਪ੍ਰਾਪਤ ਕਰਜ਼ ਵੀ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਜਯਤਿ ਘੋਸ਼ ਅਤੇ ਸੀ. ਪੀ. ਚੰਦਰਸ਼ੇਖਰ ਵਰਗੇ ਅਰਥ-ਸ਼ਾਸਤਰੀ ਅਤੇ ਸੀ. ਪੀ. ਐੱਮ. ਸੰਸਦੀ ਖੱਬੇਪੱਖੀ ਇਸ ਗੱਲ ਲਈ ਪੂਰੇ ਪੂੰਜੀਵਾਦੀ ਢਾਂਚੇ ਨੂੰ ਦੋਸ਼ੀ ਮੰਨਣ ਦੀ ਬਜਾਇ ਉਦਾਰੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਹੀ ਕੋਸਦੇ ਹਨ। ਉਹ "ਕਲਿਆਣਕਾਰੀ" ਰਾਜ ਦੀਆਂ ਨੀਤੀਆਂ ਨੂੰ ਹੇਰਵੇ ਨਾਲ਼ ਯਾਦ ਕਰਦੇ ਹਨ ਅਤੇ ਉਸਦੀ ਲਾਸ਼ 'ਤੇ ਹੰਝੂ ਵਹਾਉਂਦੇ ਹਨ। ਇਹ ਸਾਰੇ ਕੀਨਜ਼ੀਆਈ ਨੁਸਖ਼ਿਆਂ ਦੇ ਦੀਵਾਨੇ ਹਨ। ਸਾਰੇ ਸੋਧਵਾਦੀਆਂ ਵਾਂਗ ਇਹ ਸੰਸਦੀ ਖੱਬੇਪੱਖੀ ਪੂੰਜੀਵਾਦੀ ਢਾਂਚੇ ਦੀ ਇੱਕ ਸੁਰੱਖਿਆ-ਪੰਕਤੀ ਅਤੇ ਇਸਦੇ ਦੂਰਦਰਸ਼ੀ ਪਹਿਰੇਦਾਰ ਦੇ ਰੂਪ ਵਿੱਚ ਕੰਮ ਕਰਦੇ ਹਨ। ਇਸ ਲਈ ਇਹ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਪ੍ਰਕਿਰਿਆ ਵਿੱਚ ਸਪੀਡ-ਬ੍ਰੇਕਰ ਲਗਾਉਂਦੇ ਰਹਿੰਦੇ ਹਨ ਕਿ 'ਥੋੜ੍ਹਾ ਹੌਲੀ ਚਲੋ! ਵਰਨਾ, ਤਬਾਹੀ ਦੀ ਇਹ ਰਫ਼ਤਾਰ ਵਿਦਰੋਹ ਵੱਲ ਲੈ ਜਾਵੇਗੀ। ਇਹੀ ਇਨ੍ਹਾਂ ਦਾ ਕੰਮ ਹੈ ਅਤੇ ਇਸੇ ਨੂੰ ਉਹ ਪੂਰੀ ਚੁਸਤੀ ਨਾਲ਼ ਕਰਦੇ ਹਨ।

ਸਾਡਾ ਵਿਸ਼ਲੇਸ਼ਣ ਸਾਫ਼ ਤੌਰ 'ਤੇ ਦੱਸਦਾ ਹੈ ਕਿ ਅਨਾਜ ਸੰਕਟ ਇੱਕ ਪ੍ਰਬੰਧ ਦੀ ਪੈਦਾਵਾਰ ਸੰਕਟ ਹੈ। ਮੁਨਾਫ਼ੇ 'ਤੇ ਟਿਕਿਆ ਪੂੰਜੀਵਾਦੀ ਢਾਂਚਾ ਇਸ ਦੁਨੀਆਂ ਦੇ ਲੋਕਾਂ ਨੂੰ ਹੋਰ ਕੁੱਝ ਦੇ ਵੀ ਨਹੀਂ ਸਕਦਾ। ਇਸਦਾ ਇਲਾਜ 'ਕਲਿਆਣਕਾਰੀ' ਰਾਜ ਨਹੀਂ ਹੈ। ਉਸਦਾ ਯੁੱਗ ਬੀਤ ਗਿਆ। ਇਤਿਹਾਸ ਪਿੱਛੇ ਨਹੀਂ ਜਾਂਦਾ। ਅੱਜ ਸੰਸਾਰ ਪੂੰਜੀਵਾਦ ਦੀ ਮਜਬੂਰੀ ਹੈ ਕਿ ਉਹ ਇੱਕ-ਇੱਕ ਕਰਕੇ ਸਾਰੇ ਕਲਿਆਣਕਾਰੀ ਬੁਰਕੇ ਲਾਹ ਸੁੱਟੇ। ਇਨ੍ਹਾਂ ਬੁਰਕਿਆਂ ਦਾ ਖਰਚ ਚੁੱਕਣ ਦੀ ਔਕਾਤ ਉਸਦੇ ਕੋਲ਼ ਨਹੀਂ ਰਹੀ। ਮੌਜੂਦਾ ਪੂੰਜੀਵਾਦੀ ਢਾਂਚੇ ਦਾ ਕੋਈ ਇਲਾਜ ਨਹੀਂ ਹੈ। ਸਾਨੂੰ ਇਸਦਾ ਬਦਲ ਪੇਸ਼ ਕਰਨਾ ਹੀ ਹੋਵੇਗਾ। ਨਹੀਂ ਤਾਂ ਇਸੇ ਤਰ੍ਹਾਂ ਹਜ਼ਾਰਾਂ ਨਿਰਦੋਸ਼ ਇਸਤਰੀ-ਪੁਰਸ਼ ਭੁੱਖਮਰੀ ਅਤੇ ਕੁਪੋਸ਼ਣ ਦੀ ਭੇਂਟ ਚੜ੍ਹਦੇ ਰਹਿਣਗੇ।

ਬੀਜਿੰਗ ਉਲੰਪਿਕ

ਤਿੰਨ ਤਮਗੇ -ਸਵਾ ਅਰਬ ਜਨ ਸੰਖਿਆ

—ਵਿਵੇਕ

ਕਿਵੇਂ ਛੋਟ ਨੂੰ ਨਿਯਮ ਬਣਾਇਆ ਜਾਵੇ ਅਤੇ ਉਸ ਦਾ ਗੁਣ ਗਾਇਆ ਜਾਵੇ, ਸਾਡੇ ਦੇਸ਼ ਦੇ ਆਗੂਆਂ ਅਤੇ ਮੀਡੀਆ ਨੂੰ ਇਸ ਕੰਮ ਵਿੱਚ ਚੰਗੀ ਮਹਾਰਤ ਹਾਸਿਲ ਹੈ। ਹੁਣੇ ਬੀਜਿੰਗ ਉਲੰਪਿਕ ਵਿੱਚ ਭਾਰਤ ਨੇ ਤਿੰਨ ਤਗਮੇ ਜਿੱਤੇ ਸਨ। ਅਭਿਨਵ ਬਿੰਦਰਾ ਨੇ ਨਿਸ਼ਾਨੇਬਾਜ਼ੀ ਵਿੱਚ ਸੋਨੇ ਦਾ ਵਿਜੇਂਦਰ ਨੇ ਮੁੱਕੇਬਾਜ਼ੀ ਵਿੱਚ ਤਾਂਬੇ ਅਤੇ ਸੁਸ਼ੀਲ ਕੁਮਾਰ ਨੇ ਕੁਸ਼ਤੀ ਵਿੱਚ ਤਾਂਬੇ ਦਾ ਤਮਗਾ ਜਿੱਤਿਆ। ਇਸ ਸਬੰਧੀ ਸਾਰੇ ਆਗੂਆਂ ਅਤੇ ਮੀਡੀਆ ਵਿੱਚ ਖੇਡਾਂ ਪ੍ਰਤੀ ਪਿਆਰ ਫੁੱਟ ਪਿਆ ਅਤੇ ਕਈ ਇਨਾਮਾਂ ਦਾ ਐਲਾਨ ਹੋਇਆ ਅਤੇ ਅਗਲੇ ਉਲੰਪਿਕ ਲਈ ਵੱਡੀਆਂ ਗੱਲਾਂ ਹੋਈਆਂ।

ਇੱਥੇ ਸਾਡਾ ਸਵਾਲ ਇਨ੍ਹਾਂ ਤਮਗਿਆਂ ਅਤੇ ਇਨਾਮਾਂ 'ਤੇ ਨਹੀਂ ਹੈ ਸਗੋਂ ਇਸ 'ਤੇ ਹੈ ਕਿ ਇਸ ਨੂੰ ਨਿਯਮ ਦੱਸਿਆ ਜਾ ਰਿਹਾ ਹੈ ਕਿ ਸਿਰਫ ਦ੍ਰਿੜ ਇੱਛਾਸ਼ਕਤੀ ਨਾਲ਼ ਹੀ ਤਮਗਾ ਜਿੱਤਿਆ ਜਾ ਸਕਦਾ ਹੈ ਪਰ ਇਸ 'ਤੇ ਗੱਲ ਨਹੀਂ ਹੋ ਰਹੀ ਕਿ ਉਹ ਖੇਡਾਂ ਪ੍ਰਤੀ ਪ੍ਰੇਮ ਉਦੋਂ ਕਿੱਥੇ ਚਲਿਆ ਗਿਆ ਜਦੋਂ ਬਿਨਾਂ ਚੰਗੀ ਸਹੂਲਤ ਦੇ ਕਈ ਖਿਡਾਰੀ ਉਲੰਪਿਕ ਦੀ ਤਿਆਰੀ ਵਿੱਚ ਲੱਗੇ ਹੋਏ ਸਨ। ਸਾਰੇ ਖੇਡ ਪ੍ਰੇਮੀ ਅਤੇ ਨੌਜਵਾਨ ਜਾਣਦੇ ਹਨ ਕਿ ਇੱਥੇ ਖੇਡਾਂ ਵਿੱਚ ਉੱਤੇ ਤੋਂ ਹੇਠਾਂ ਤੱਕ ਬੇਈਮਾਨੀ, ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਅਤੇ ਨੌਕਰਸ਼ਾਹੀ ਛਾਈ ਹੋਈ ਹੈ। ਭਾਰਤ ਵਿੱਚ ਉਲੰਪਿਕ ਬਜਟ 'ਤੇ ਲਗਭਗ 250 ਕਰੋੜ ਰੁਪਏ ਖ਼ਰਚ ਹੋ ਜਾਂਦੇ ਹਨ ਅਤੇ ਇਹਨਾਂ ਵਿੱਚੋਂ ਇੱਕ ਵੱਡਾ ਹਿੱਸਾ ਅਧਿਕਾਰੀਆਂ ਦੀ ਟੀ. ਏ. ਅਤੇ ਡੀ. ਏ. ਵਿੱਚ ਖਰਚ ਹੋ ਜਾਂਦਾ ਹੈ। ਇਸ ਭ੍ਰਿਸ਼ਟ ਪ੍ਰਸ਼ਾਸਨ ਦਾ ਸਭ ਤੋਂ ਵੱਡਾ ਉਦਾਹਰਣ ਵੇਟ ਲਿਫਟਰ ਮੋਨਿਕਾ ਦੇਵੀ ਦੇ ਮਾਮਲੇ ਵਿੱਚ ਦੇਖਣ ਨੂੰ ਮਿਲ਼ਿਆ। ਜਿਸ ਦਿਨ ਮੋਨੀਕਾ ਦੇਵੀ ਨੇ ਬੀਜਿੰਗ ਜਾਣਾ ਸੀ ਉਸੇ ਦਿਨ ਉਸਨੂੰ ਡੋਪਿੰਗ ਦੇ ਇਲਜਾਮ ਵਿੱਚ ਫਸਾ ਕੇ ਰੋਕ ਲਿਆ। ਜਦੋਂ ਕਿ ਪਿਛਲੇ ਦੋ ਮਹੀਨਿਆਂ ਵਿੱਚੋਂ ਚਾਰ ਡੋਪ ਪਰੀਖਣਾਂ ਵਿੱਚ ਉਹ ਸਫਲ ਰਹੀ ਸੀ। ਅਸਲ ਵਿੱਚ ਇਹ ਚਾਲ ਸੀ ਭਾਰਤੀ ਖੇਡਾਂ ਦੇ ਇੱਕ ਅਧਿਕਾਰੀ ਆਰ. ਕੇ. ਨਾਇਡੂ ਦੀ ਜਿਨ੍ਹਾਂ ਨੇ ਇੱਕ ਦੂਜੀ ਖਿਡਾਰਨ ਨੂੰ ਅੱਗੇ ਲਿਜਾਣ ਦੇ ਮਕਸਦ ਨਾਲ਼ ਮੋਨਿਕਾ ਦੇ ਕੈਰੀਅਰ ਨਾਲ਼ ਖਿਲਵਾੜ ਕੀਤਾ। ਪਰ ਮਨੀਪੁਰ ਦੀ ਇਸ ਲੜਾਕੂ ਖਿਡਾਰੀ ਨੇ ਉਲੰਪਿਕ ਸੰਘ ਨੂੰ ਬੇ-ਨਕਾਬ ਕਰਦੇ ਹੋਏ ਇਹ ਲੜਾਈ ਜਿੱਤ ਲਈ। ਇਹ ਹਕੀਕਤ ਹੈ ਖੇਡਾਂ ਨਾਲ਼ ਜੁੜੀਆਂ ਸਾਰੀਆਂ ਸੰਸਥਾਵਾਂ ਦੀ। ਅਜਿਹੇ ਮੌਕੇ 'ਤੇ ਜਦੋਂ ਵਿਜੇਂਦਰ ਅਤੇ ਸੁਸ਼ੀਲ ਵਰਗੇ ਖ਼ਿਡਾਰੀ ਨਿੱਕੀਆਂ ਮੋਟੀਆਂ ਸਹੂਲਤਾਂ ਵਿੱਚ ਆਪਣੇ ਹੌਂਸਲੇ ਅਤੇ ਮਿਹਨਤ ਦੇ ਜ਼ੋਰ 'ਤੇ ਤਮਗਾ ਜਿੱਤ ਲੈਂਦੇ ਹਨ ਤਾਂ ਇਸ ਹੌਂਸਲੇ ਦਾ ਉਦਾਹਰਣ ਪੇਸ਼ ਕੀਤਾ ਜਾਂਦਾ ਹੈ ਅਤੇ ਗੁਣ ਗਾਇਆ ਜਾਂਦਾ ਹੈ ਮਤਲਬ "ਵੇਖੋ ਬੱਚਿਉ ਜੇਕਰ ਆਪਣੇ ਜ਼ੋਰ 'ਤੇ ਤਮਗਾ ਲਿਆ ਸਕਦੇ ਹੋ ਤਾਂ ਠੀਕ ਐ ਨਹੀਂ ਤਾਂ ਸਹੂਲਤ ਦੇ ਨਾਮ 'ਤੇ ਤਾਂ ਤੁਹਾਨੂੰ ਛੁਣਛੁਣਾ ਹੀ ਮਿਲ਼ੇਗਾ।'' ਜੇਕਰ ਅਭਿਨਵ ਬਿੰਦਰਾ ਨੇ ਨਿਸ਼ਾਨੇਬਾਜੀ ਵਿੱਚ ਸੋਨੇ ਦਾ ਤਮਗਾ ਹਾਸਿਲ ਕੀਤਾ ਤਾਂ ਉਸਦੀ ਤਿਆਰੀ ਲਈ ਉਸ ਨੂੰ 10 ਕਰੋੜ ਰੁਪਏ ਤੋਂ ਵੀ ਜ਼ਿਆਦਾ ਖਰਚ ਕਰਨੇ ਪਏ ਸਨ। ਆਖਰ ਕਿੰਨੇ ਨੌਜਵਾਨ ਹੋਣਗੇ ਜਿਹਨਾਂ ਦੇ ਮਾਂ-ਪਿਓ ਉਹਨਾਂ ਨੂੰ ਖਿਡਾਰੀ ਬਣਾਉਣਾ ਚਾਹੁੰਣਗੇ, ਉਹਨਾਂ 'ਤੇ ਕਰੋੜਾਂ ਖਰਚ ਸਕਣਗੇ।

ਇਹ ਸਾਰੀ ਸੱਚਾਈ ਹਰੇਕ ਖੇਡ-ਪ੍ਰੇਮੀ ਨੌਜਵਾਨ ਅਤੇ ਪੜ੍ਹੇ ਲਿਖੇ ਨਾਗਰਿਕ ਜਾਣਦੇ ਹਨ ਪਰ ਇੱਕ ਸੱਚਾਈ ਹੋਰ ਹੈ ਜਿਹੜੀ ਦੁਰਦਸ਼ਾ ਦਾ ਮੁੱਖ ਕਾਰਨ ਹੈ ਉਸਦੀ ਕਦੇ ਚਰਚਾ ਨਹੀਂ ਹੁੰਦੀ ਅਤੇ ਉਸਨੂੰ ਹਮੇਸ਼ਾ ਲੁਕਾਇਆ ਜਾਂਦਾ ਹੈ। ਭਾਰਤ ਦੁਨੀਆਂ ਦੇ ਸਭ ਤੋਂ ਗਰੀਬ ਦੇਸ਼ਾਂ ਵਿੱਚੋਂ ਇੱਕ ਹੈ। ਜੇਕਰ ਅੱਜ ਬਹੁਤ ਛੋਟੇ ਦੇਸ਼ ਵੀ ਤਮਗਾ ਸੂਚੀ ਵਿੱਚ ਭਾਰਤ ਤੋਂ ਉੱਤੇ ਹਨ ਤਾਂ ਇਸਦਾ ਕਾਰਨ ਹੈ ਕਿ ਭਾਰਤ ਦੇ ਮੁਕਾਬਲੇ ਉੱਥੋਂ ਦਾ ਜੀਵਨ ਪੱਧਰ ਉੱਚਾ ਹੈ ਜਦੋਂ ਇਸ ਦੇਸ਼ ਵਿੱਚ ਲਗਭਗ 84 ਕਰੋੜ ਦੀ ਅਬਾਦੀ 20 ਰੁਪਏ ਰੋਜ਼ਾਨਾ ਆਮਦਨ 'ਤੇ ਗੁਜ਼ਾਰਾ ਕਰਦੀ ਹੋਵੇ, ਸਿੱਖਿਆ, ਸਿਹਤ ਵਰਗੀਆਂ ਬੁਨਿਆਦੀ ਜ਼ਰੂਰਤਾਂ ਵੀ ਪੂਰੀਆਂ ਨਹੀਂ ਹੋ ਸਕਦੀਆਂ ਤਾਂ ਖੇਡਾਂ ਵਿੱਚ ਰੁਚੀ ਲੈਣਾ ਦੂਰ ਦੀ ਗੱਲ ਹੈ। ਜੇਕਰ ਇਸਦੇ ਬਾਵਜੂਦ ਵੀ ਕੋਈ ਪ੍ਰਤਿਭਾਸ਼ਾਲੀ ਨੌਜਵਾਨ ਖੇਡਾਂ ਵਿੱਚ ਦਿਲਚਸਪੀ ਲੈਂਦਾ ਹੈ ਤਾਂ ਉਸਨੂੰ ਕਾਫ਼ੀ ਮੌਕੇ ਅਤੇ ਸਹੂਲਤਾਂ ਹੀ ਨਹੀਂ ਮਿਲਦੇ।

ਦੂਜੇ ਪਾਸੇ ਉਹ ਜਮਾਤ ਹੈ ਜਿਸਦੇ ਬੱਚਿਆਂ ਕੋਲ਼ ਚੰਗਾ ਸਕੂਲ, ਚੰਗਾ ਮੈਦਾਨ, ਕੋਚ ਅਤੇ ਹੋਰ ਸਾਰੀਆਂ ਸਹੂਲਤਾਂ ਹਨ ਇਹਨਾਂ ਨੂੰ ਵੱਖਰੇ ਤੌਰ 'ਤੇ ਟਰੇਨਿੰਗ ਦਿੱਤੀ ਜਾਂਦੀ ਹੈ ਜਿਸ 'ਤੇ ਲੱਖਾਂ-ਕਰੋੜਾਂ ਖਰਚ ਕੀਤਾ ਜਾਂਦਾ ਹੈ ਪਰ ਕੀ ਸਿਰਫ ਪੈਸੇ ਦੇ ਜ਼ੋਰ 'ਤੇ ਹੀ ਪ੍ਰਤਿਭਾ ਦਾ ਮੁਲਾਂਕਣ ਹੋ ਸਕਦਾ ਹੈ, ਨਿਸ਼ਚਿਤ ਹੀ ਨਹੀਂ। ਉਂਝ ਵੀ ਅਮੀਰਾਂ ਦੇ ਲੜਕਿਆਂ ਲਈ ਮੌਜਮਸਤੀ, ਨਾਈਟ ਪਾਰਟੀ, ਤੇਜ਼ ਡਰਾਈਵਿੰਗ ਹੀ ਜ਼ਿੰਦਗੀ ਹੈ ਅਤੇ ਜੇਕਰ ਇਹਨਾਂ ਵਿੱਚੋਂ ਕੁੱਝ ਨੌਜਵਾਨ ਖੇਡਾਂ ਵਿੱਚ ਧਿਆਨ ਵੀ ਦਿੰਦੇ ਹਨ ਤਾਂ ਉਹ ਨਿਸ਼ਾਨੇਬਾਜੀ, ਟੈਨਿਸ ਵਰਗੀਆਂ ਕੁਲੀਨ ਖੇਡਾਂ ਦੀ ਚੋਣ ਕਰਦੇ ਹਨ।

ਅਜਿਹੇ ਸਮੇਂ ਵਿੱਚ ਮੱਧ ਵਰਗ ਦੇ ਉਹ ਨੌਜਵਾਨ, ਜਿਨ੍ਹਾਂ ਵਿੱਚੋਂ ਕੁੱਝ ਤਾਂ

ਇਸ ਲਈ ਖੇਡਾਂ ਵਿੱਚ ਭਾਗ ਲੈਂਦੇ ਹਨ ਕਿ ਖੇਡ ਕੋਟੇ ਦੇ ਨਾਂ 'ਤੇ ਕੋਈ ਸਰਕਾਰੀ ਨੌਕਰੀ ਮਿਲ਼ ਜਾਵੇ ਅਤੇ ਕੁੱਝ ਖੇਡਾਂ ਨੂੰ ਆਦਰਸ਼ ਮੰਨਦੇ ਹੋਏ ਹਿੱਸਾ ਲੈਂਦੇ ਹਨ। ਅਜਿਹੇ ਸਮੇਂ ਵਿੱਚ ਜੇਕਰ ਕੋਈ ਕੌਮੀ ਜਾਂ ਕੌਮਾਂਤਰੀ ਪੱਧਰ 'ਤੇ ਉਪਾਧੀ ਹਾਸਿਲ ਕਰਦੇ ਹਨ ਤਾਂ ਇਹਨਾਂ ਵਿੱਚ ਅਸਲੀ ਯੋਗਦਾਨ ਉਹਨਾਂ ਦੇ ਹੌਂਸਲੇ ਮਿਹਨਤ ਅਤੇ ਪ੍ਰਤਿਭਾ ਦਾ ਹੁੰਦਾ ਹੈ ਜਿਸ ਦੇ ਜ਼ੋਰ 'ਤੇ ਉਹ ਸਾਰੀਆਂ ਕਮੀਆਂ ਅਤੇ ਰੋਕਾਂ ਨੂੰ ਪਾਰ ਕਰ ਜਾਂਦੇ ਹਨ।

ਇਸ ਹਾਲਤ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਲੰਪਿਕ ਵਿੱਚ ਭਾਰਤ ਦੀ ਮਾੜੀ ਹਾਲਤ ਹੈ। ਅਜਿਹੇ ਸਮੇਂ ਵਿੱਚ ਕੀਤਾ ਕੀ ਜਾਵੇ ? ਉਲੰਪਿਕ 'ਚ ਤਾਂਬੇ ਦਾ ਤਮਗਾ ਜਿੱਤਣ ਵਾਲ਼ੇ ਸੁਸ਼ੀਲ ਕੁਮਾਰ ਨੇ ਕਿਹਾ ਕਿ "ਸਹੂਲਤਾਂ ਦੀ ਕਮੀ ਭਾਰਤ ਅਤੇ ਦੂਜੇ ਦੇਸ਼ਾਂ ਦੇ ਖਿਡਾਰੀਆਂ ਵਿੱਚ ਬਹੁਤ ਵੱਡਾ ਫ਼ਰਕ ਪੈਦਾ ਕਰਦੀ ਹੈ। ਕਈ ਵਾਰੀ ਚੰਦ ਪੈਸਿਆਂ ਖਾਤਰ ਅਖਾੜੇ ਵਿੱਚ ਜਾਂਦਾ ਰਿਹਾ ਹਾਂ"। ਇਸ ਲਈ ਜ਼ਿਆਦਾਤਰ ਖਿਡਾਰੀ ਅੱਜ ਸਪਾਂਸਰਸ਼ਿਪ ਦੇ ਪਿੱਛੇ ਭੱਜ ਰਹੇ ਹਨ। ਜਿਹੜਾ ਜਿੰਨਾ ਵੱਧ ਸਫ਼ਲ ਉਸ 'ਤੇ ਵਿਗਿਆਪਨ ਦੇ ਠੇਕਿਆਂ ਦੀ ਵਾਛੜ ਵੀ ਉਂਨੀ ਵੱਧ। ਕੁੱਲ ਮਿਲ਼ਾ ਕੇ ਖਿਡਾਰੀ ਨੂੰ ਇੱਕ ਚੱਲਦਾ ਫਿਰਦਾ ਵਿਗਿਆਪਨ ਬਣਾ ਦਿੱਤਾ ਜਾਂਦਾ ਹੈ। ਪਰ ਕੀ ਸਿਰਫ਼ ਕੁੱਝ ਖੇਡਾਂ ਅਤੇ ਖਿਡਾਰੀਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਸਪਾਂਸਰ ਮਿਲਣ ਨਾਲ਼ ਇਹ ਸਮੱਸਿਆ ਹੱਲ ਹੋ ਸਕਦੀ ਹੈ, ਨਹੀਂ ਹਰਗਿਜ਼ ਨਹੀਂ।

ਜਦੋਂ ਤੱਕ ਇਸ ਸਮਾਜ ਵਿੱਚ ਜਿੱਥੇ ਖੇਡਾਂ ਨੂੰ ਨੀਚ ਦ੍ਰਿਸ਼ਟੀ ਨਾਲ਼ ਦੇਖਿਆ ਜਾਂਦਾ ਹੋਵੇ ਅਤੇ ਖਾਸ ਕਰਕੇ ਕੁੜੀਆਂ ਨੂੰ ਜਿਨ੍ਹਾਂ ਪਰੇਸ਼ਾਨੀਆਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਉਹਨਾਂ ਲਈ ਪੈਰ-ਪੈਰ 'ਤੇ ਰੂੜ੍ਹੀਆਂ-ਰੋਕਾਂ-ਤਾਨਿਆਂ ਅਣਦੇਖੀ ਅਤੇ ਪਿੱਤਰਸੱਤ੍ਹਾਤਮਕ ਢਾਂਚੇ ਦੀਆਂ ਅਣਗਿਣਤ ਰੋਕਾਂ ਹਨ। ਉੱਥੇ ਖੇਡਾਂ ਵਿੱਚ ਦੁਰਦਸ਼ਾ ਬਣੀ ਰਹੇਗੀ ਕਿਉਂਕਿ ਜਦੋਂ ਤੱਕ ਇਹ ਸਮਾਜ ਜੜ੍ਹਤਾ ਗ੍ਰਸਤ, ਅੰਧਵਿਸ਼ਵਾਸ ਅਤੇ ਖੂਹ ਦਾ ਡੱਡੂ ਰਹੇਗਾ ਸਾਰੇ ਖੇਡ ਪ੍ਰੇਮੀ ਇਸ 'ਤੇ ਅੱਥਰੂ ਵਹਾਉਂਦੇ ਰਹਿਣਗੇ।

ਇਸਦਾ ਮਹਿਜ ਇੱਕ ਬਦਲ ਹੈ ਸਮਾਜ ਦੀ ਗਤੀਸ਼ੀਲਤਾ ਵਧੇ, ਆਮ ਆਦਮੀ ਨੂੰ ਸਿੱਖਿਆ, ਦਵਾਈ-ਇਲਾਜ ਅਤੇ ਜੀਉਣ ਲਈ ਸਾਰੀਆਂ ਆਧੁਨਿਕ ਸਹੂਲਤਾਂ ਮਿਲਣ, ਸਮਾਜ ਦੀ ਖੁਸ਼ਹਾਲੀ ਵਧੇ, ਸਾਰਿਆਂ ਨੂੰ ਖੇਡਾਂ ਦੀਆਂ ਆਧੁਨਿਕ ਸਹੂਲਤਾਂ, ਤਕਨੀਕ ਅਤੇ ਹੁਨਰ ਹਾਸਿਲ ਹੋਵੇ। ਖੇਡਾਂ

ਜੇਕਰ ਲੋਕਾਂ 'ਤੇ ਵਿਸ਼ਵਾਸ ਹੈ ਤਾਂ ਸਾਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ ਲੋਕਾਂ ਦੀ ਤਾਕਤ ਨੇ ਫਾਸੀਵਾਦ ਦੀਆਂ ਕਾਲੀਆਂ ਘਟਾਵਾਂ ਵਿੱਚ ਆਸ ਦੀ ਬਿਜਲੀ ਦਾ ਸੰਚਾਰ ਕੀਤਾ ਹੈ। ਇਹੀ ਅਮੁੱਕ ਤਾਕਤ ਸਾਡੇ ਭਵਿੱਖ ਦੀ ਗਾਰੰਟੀ ਹੈ।

—ਰਾਹੁਲ ਸੰਕਰਤਾਇਯਨ

(ਪੰਨਾ 1 ਦਾ ਬਾਕੀ ਹਿੱਸਾ)

ਨੰਦੀਗ੍ਰਾਮ 'ਤੇ ਵਰਦੀਧਾਰੀ ਗੁੰਡਿਆਂ ਅਤੇ 'ਮਾਰਕਸੀ' ਗੁੰਡਿਆਂ ਦਾ ਕਟਕ ਚਾੜ੍ਹ ਕੇ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਜ਼ਬਰੀ ਖੋਹੀਆਂ ਗਈਆਂ, ਵਿਰੋਧ ਕਰਨ ਵਾਲ਼ੇ ਗਰੀਬਾਂ ਦਾ ਕਤਲੇਆਮ ਕੀਤਾ ਗਿਆ। ਇਸਤਰੀਆਂ ਨਾਲ਼ ਬਲਾਤਕਾਰ ਕੀਤੇ ਗਏ। ਇਸ ਤਰਾਂ ਬੁੱਧਦੇਵ ਨੇ ਸਾਬਤ ਕਰ ਦਿੱਤਾ ਕਿ ਉਹ ਭਾਰਤੀ ਹਾਕਮਾਂ ਦਾ ਵਫ਼ਾਦਾਰ ਸੇਵਕ ਹੈ। ਬੁੱਧਦੇਵ ਅਤੇ ਮੋਦੀ ਇੱਕੋ ਸਿੱਕੇ ਦੇ ਦੋ ਪਾਸੇ ਹਨ। ਉਹ ਹਾਕਮ ਜਮਾਤਾਂ ਦੁਆਰਾ ਦੇਸ਼ ਦੇ ਕਿਰਤੀ ਲੋਕਾਂ ਉੱਪਰ ਢਾਹੇ ਜਾ ਰਹੇ ਜ਼ਬਰ ਦੇ ਪ੍ਰਤੀਕ ਚਿੰਨ੍ਹ ਹਨ। ਉਹਨਾਂ ਨੇ ਸਾਬਤ ਕੀਤਾ ਹੈ ਕਿ ਪੂੰਜੀ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਨੂੰ ਕਿਸ ਤਰਾਂ ਲਾਗੂ ਕੀਤਾ ਜਾਵੇਗਾ।

ਅੱਜ ਪੂਰੀ ਦੁਨੀਆਂ ਉੱਪਰ ਆਰਥਿਕ ਸੰਕਟ ਦੇ ਬੱਦਲ਼ ਮੰਡਰਾ ਰਹੇ ਹਨ। ਅਮਰੀਕਾ ਤੋਂ ਸ਼ੁਰੂ ਹੋਇਆ ਵਿੱਤੀ ਸੰਕਟ ਤੇਜ਼ੀ ਨਾਲ਼ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਫੈਲ ਰਿਹਾ ਹੈ। ਆਉਣ ਵਾਲ਼ੇ ਦਿਨਾਂ ਵਿੱਚ ਇਹ ਵਿੱਤੀ ਸੰਕਟ ਪੂਰੀ ਦੁਨੀਆਂ ਆਪਣੀ ਲਪੇਟ ਵਿੱਚ ਲਵੇਗਾ। ਦੁਨੀਆਂ ਦਾ ਕੋਈ ਵੀ ਦੇਸ਼ ਇਸ ਸੰਕਟ ਤੋਂ ਅਣਛੋਹਿਆ ਨਹੀਂ ਰਹਿ ਸਕਦਾ। ਸਾਡੇ ਦੇਸ਼ ਦੀ ਸਰਮਾਏਦਾਰੀ ਆਰਥਿਕ ਵਿਕਾਸ ਲਈ ਬੁਰੀ ਤਰਾਂ ਅਮਰੀਕੀ ਅਰਥਚਾਰੇ 'ਤੇ ਨਿਰਭਰ ਹੈ। ਆਉਣ ਵਾਲ਼ੇ ਦਿਨਾਂ ਵਿੱਚ ਭਾਰਤ ਦੇ ਸਰਮਾਏਦਾਰ ਹਾਕਮਾਂ ਦਾ ਆਰਥਿਕ ਸਿਆਸੀ ਸੰਕਟ ਹੋਰ ਡੂੰਘਾ ਹੋਵੇਗਾ। ਇਸ ਦੇ ਨਾਲ਼ ਹੀ ਦੇਸ਼ ਦੇ ਕਿਰਤੀ ਲੋਕਾਂ ਦੀਆਂ ਲੜਾਈਆਂ ਦਾ ਸਿਲਸਿਲਾ ਜੋ ਅੱਜ ਵੀ ਟੁੱਟਵੇਂ ਖਿੰਡਵੇਂ ਰੂਪ ਵਿੱਚ ਜਾਰੀ ਹੈ, ਅੱਗੇ ਵਧੇਗਾ। ਨਾਲ਼ ਹੀ ਲੋਕਾਂ ਦੇ ਸੰਘਰਸ਼ਾਂ ਨੂੰ ਲੀਹੋਂ ਲਾਹੁਣ ਲਈ ਹਾਕਮ ਜਮਾਤਾਂ ਦੀਆਂ ਸਾਜ਼ਿਸ਼ਾਂ ਵੀ ਵਧੇਰੇ ਜ਼ੋਰ ਫੜਨਗੀਆਂ। ਜਬਰ ਦਾ ਝੱਖੜ ਹੋਰ ਤੇਜ਼ ਹੋਵੇਗਾ। ਹਾਕਮ ਪਿਛਲੇ ਕਈ ਸਾਲਾਂ ਤੋਂ ਅਜਿਹੀ ਹਾਲਤ ਨਾਲ਼ ਸਿੱਝਣ ਦੀਆਂ ਤਿਆਰੀਆਂ ਕਰ ਰਹੇ ਹਨ।

ਆਉਣ ਵਾਲ਼ਾ ਸਮਾਂ ਵਡੇਰੀਆਂ ਚੁਣੌਤੀਆਂ ਅਤੇ ਵਡੇਰੀਆਂ ਸੰਭਾਵਨਾਵਾਂ ਨਾਲ਼ ਭਰਪੂਰ ਹੈ। ਇਨਕਲਾਬੀ ਤਾਕਤਾਂ ਨੂੰ ਸਮੇਂ ਦੇ ਹਾਣੀ ਬਣਨ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ਼ ਕਰਨੀਆਂ ਹੋਣਗੀਆਂ।

ਮੇਰੇ ਜ਼ਮਾਨੇ ਦੀਆਂ ਸੜਕਾਂ ਦਲਦਲ ਤੱਕ ਜਾਂਦੀਆਂ ਸਨ
ਭਾਸ਼ਾ ਨੇ ਮੈਨੂੰ ਕਾਤਲਾਂ ਦੇ ਹਵਾਲੇ ਕਰ ਦਿੱਤਾ
ਮੈਂ ਜ਼ਿਆਦਾ ਕਰ ਹੀ ਕੀ ਸਕਦਾ ਸੀ
ਫਿਰ ਵੀ ਹਾਕਮ ਹੋਰ ਵੀ ਚੈਨ ਨਾਲ਼ ਜਮੇ ਰਹਿੰਦੇ ਮੇਰੇ ਬਗੈਰ
ਇਹੀ ਸੀ ਮੇਰੀ ਉਮੀਦ
ਇਸ ਤਰਾਂ ਗੁਜ਼ਰਿਆ ਮੇਰਾ ਸਮਾਂ
ਜੋ ਮੈਨੂੰ ਦੁਨੀਆਂ 'ਚ ਮਿਲ਼ਿਆ ਸੀ।

—ਬ੍ਰੈਖ਼ਤ

ਗਰੀਬੀ, ਬੇਰੁਜ਼ਗਾਰੀ ਦੇ ਵਾ-ਵਰੋਲ਼ੇ 'ਚ ਘਿਰੇ ਦੁਨੀਆਂ ਦੇ ਕਿਰਤੀ ਲੋਕ

— ਰਜਿੰਦਰ

ਸੰਸਾਰ ਬੈਂਕ ਜੋ ਕਿ ਸੰਸਾਰ ਪੂੰਜੀਵਾਦ ਦੀ ਉੱਘੀ ਸੰਸਥਾ ਹੈ ਤੋਂ ਮਿਲੀ ਤਾਜ਼ਾ ਸੂਚਨਾ ਤੋਂ ਇਹ ਪਤਾ ਲੱਗਿਆ ਹੈ ਕਿ ਹੁਣ ਗਰੀਬੀ ਰੇਖਾ ਦਾ ਪੁਰਾਣਾ ਮਾਪਕ ਜਿਹੜਾ ਪਹਿਲਾਂ 1 ਡਾਲਰ ਰੋਜ਼ਾਨਾ, ਪ੍ਰਤੀ ਵਿਅਕਤੀ ਸੀ ਹੁਣ ਇਹ ਵੱਧ ਕੇ 1.25 ਡਾਲਰ ਹੋ ਗਿਆ ਹੈ। ਸੰਸਾਰ ਬੈਂਕ ਦੁਆਰਾ ਸੰਨ 2005 ਵਿੱਚ ਕੀਤੇ ਗਏ ਸਰਵੇਖਣਾਂ ਤੋਂ ਪਤਾ ਲੱਗਿਆ ਹੈ ਕਿ 1.4 ਅਰਬ ਲੋਕ, ਜਿਹੜੇ ਪੂਰੀ ਦੁਨੀਆਂ ਦੀ ਅਬਾਦੀ ਦਾ ਇੱਕ ਚੌਥਾਈ ਹਨ, ਦੁਨੀਆਂ ਦੇ ਦਸ ਤੋਂ ਵੀਹ ਸਭ ਤੋਂ ਗਰੀਬ ਦੇਸ਼ਾਂ ਵਿੱਚ 1.25 ਡਾਲਰ, ਪ੍ਰਤੀ ਵਿਅਕਤੀ, ਰੋਜ਼ਾਨਾ ਆਮਦਨ ਤੋਂ ਘੱਟ ਅਤੀ ਗਰੀਬੀ 'ਤੇ ਜੀਅ ਰਹੇ ਹਨ। ਸੰਸਾਰ ਬੈਂਕ ਦੇ ਅਨੁਮਾਨ ਦੱਸਦੇ ਹਨ ਕਿ ਦੁਨੀਆਂ 'ਚ ਵਧੀ ਮਹਿੰਗਾਈ ਦੇ ਮੱਦੇਨਜ਼ਰ ਵੱਡੀ ਅਬਾਦੀ ਨੂੰ ਜੀਉਂਦੇ ਰਹਿਣ ਲਈ ਜ਼ਿਆਦਾ ਕੀਮਤ ਚੁਕਾਉਣੀ ਪੈ ਰਹੀ ਹੈ।

ਉਪਰ ਦੱਸੀਆਂ ਇਹ ਗੱਲਾਂ ਪੂੰਜੀਵਾਦੀ ਪ੍ਰਚਾਰ ਦੇ ਢੋਲ ਦਾ ਪੋਲ ਖੋਲ੍ਹਦੀਆਂ ਨਜ਼ਰ ਆਉਂਦੀਆਂ ਹਨ ਜਿਸ ਰਾਹੀਂ ਇੱਕ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਕਰਨ ਨਾਲ਼ ਦੁਨੀਆਂ ਭਰ ਵਿੱਚ ਗਰੀਬੀ ਵਿੱਚ ਕਮੀ ਆਈ ਹੈ। ਸੰਸਾਰ ਬੈਂਕ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਅਮੀਰ ਤੇ ਦਾਨੀ ਦੇਸ਼ਾਂ ਦੁਆਰਾ ਕੀਤੀ ਗਈ ਉਦਾਰਤਾ, ਦਾਨ ਅਤੇ ਗਰੀਬ ਦੇਸ਼ਾਂ ਵਿੱਚ ਕੀਤੇ ਨਿਵੇਸ਼ ਰਾਹੀਂ ਲੋਕਾਂ ਵਿੱਚੋਂ ਗਰੀਬੀ ਤੇ ਬੇਰੁਜ਼ਗਾਰੀ ਦੂਰ ਕੀਤੀ ਜਾ ਸਕਦੀ ਹੈ। ਇਸ ਨੁਸਖੇ ਦਾ ਥੋੜ੍ਹਾ ਜਿਹਾ ਵਿਸ਼ਲੇਸ਼ਣ ਕਰਕੇ ਹੀ ਇਹ ਪਤਾ ਲੱਗ ਜਾਵੇਗਾ ਕਿ ਇਹ ਨੁਸਖਾ ਕਿਹੜੇ ਲੋਕਾਂ ਦੀ ਬੇਹਤਰੀ ਲਈ ਦਿੱਤਾ ਗਿਆ ਹੈ ਵੱਡੀ ਕਿਰਤੀ ਅਬਾਦੀ ਜੋ ਪੂਰੀ ਦੁਨੀਆਂ ਦੀ ਅਬਾਦੀ ਦਾ 80-85 ਫੀਸਦੀ ਹੈ ਜਾਂ ਉਸ ਪਰਜੀਵੀ ਜਮਾਤ ਲਈ ਜਿਹੜੀ ਪੂਰੀ ਅਬਾਦੀ ਦਾ ਮਹਿਜ 15-20 ਫੀਸਦੀ ਹੈ। ਪੂੰਜੀਪਤੀਆਂ ਦੇ ਕਲਮ ਘਸੀਟ ਬੁੱਧੀਜੀਵੀ ਜਿਨ੍ਹਾਂ ਨੇ ਚੰਦ ਟੁਕੜਿਆਂ ਲਈ ਆਪਣੀ ਜ਼ਮੀਰ ਗਹਿਣੇ ਰੱਖ ਰੱਖੀ ਹੈ, ਉਦਾਰੀਕਰਨ ਨੂੰ ਸਹੀ ਸਾਬਤ ਕਰਨ ਲਈ ਲਗਾਤਾਰ ਇਹ ਕੂੜ ਪ੍ਰਚਾਰ ਕਰਦੇ ਰਹੇ ਹਨ ਕਿ ਜਦੋਂ ਪੂੰਜੀ ਅਮੀਰ ਦੇਸ਼ਾਂ ਤੋਂ ਗਰੀਬ ਦੇਸ਼ਾਂ ਵੱਲ ਜਾਵੇਗੀ ਤਾਂ ਉੱਥੇ ਰੁਜ਼ਗਾਰ ਦੇ ਮੌਕੇ ਵੱਧ ਜਾਣਗੇ ਅਤੇ ਗਰੀਬੀ ਵਿੱਚ ਗਿਰਾਵਟ ਆਵੇਗੀ। ਨਿੱਜੀਕਰਨ ਨੂੰ ਵੀ ਹੱਲਾ ਸ਼ੇਰੀ ਇਸ ਕਰਕੇ ਹੀ ਦਿੱਤੀ ਜਾਂਦੀ ਹੈ ਕਿਉਂਕਿ ਦੁਨੀਆਂ ਭਰ 'ਚ ਹੁਣ ਕਲਿਆਣਕਾਰੀ ਰਾਜ ਦਾ ਨੁਸਖਾ ਫੇਲ੍ਹ ਹੋ ਚੁੱਕਿਆ ਹੈ ਅਤੇ ਹੁਣ ਤੀਜੀ ਦੁਨੀਆਂ ਦੀਆਂ ਸਰਕਾਰਾਂ ਨੂੰ ਆਰਥਿਕ ਸੰਕਟ ਤੋਂ ਬਚਣ ਲਈ ਆਪਣੇ ਕੌਮੀ ਅਦਾਰਿਆਂ ਨੂੰ ਨਿੱਜੀ ਹੱਥਾਂ ਦੇ ਸਪੁੱਰਦ ਕਰਨਾ ਜ਼ਰੂਰੀ ਹੋ ਗਿਆ ਸੀ। ਕਿਉਂ ਜੋ ਦੂਜੀ ਸੰਸਾਰ ਜੰਗ ਦੌਰਾਨ ਅਤੇ ਉਸ ਤੋਂ ਬਾਅਦ ਜਿਹੜੇ ਦੇਸ਼ ਸਾਮਰਾਜੀ ਅਤੇ ਬਸਤੀਵਾਦੀ ਗੁਲਾਮੀ ਤੋਂ ਮੁਕਤ ਹੋਏ ਸਨ ਉਸ ਸਮੇਂ ਇਨ੍ਹਾਂ ਤੀਜੀ ਦੁਨੀਆਂ ਦੇ ਪੱਛੜੇ ਦੇਸ਼ਾਂ ਨੇ ਵੀ ਸਮਾਜਵਾਦ ਦੇ ਨਾਂ ਹੇਠ ਰਾਜਕੀ ਪੂੰਜੀਵਾਦ ਉਸਾਰਿਆ ਜਿਸ ਨਾਲ਼ ਇੱਕ ਅੱਛਾ-ਖਾਸਾ ਪਬਲਿਕ ਸੈਕਟਰ ਹੋਂਦ ਵਿੱਚ ਆਇਆ। ਪਰ ਅੱਸੀ ਦੇ ਦਹਾਕੇ ਤੋਂ ਮਗਰੋਂ ਇਨ੍ਹਾਂ ਮੁਲਕਾਂ ਦੇ ਆਰਥਿਕ ਢਾਂਚੇ ਭਾਰੀ ਸੰਕਟ ਹੇਠ ਆ ਗਏ। ਇਨ੍ਹਾਂ ਮੁਲਕਾਂ ਲਈ ਇਹ ਜ਼ਰੂਰੀ ਹੋ ਗਿਆ ਕਿ ਵਿਦੇਸ਼ੀ ਪੂੰਜੀ ਲਈ ਆਪਣੀਆਂ ਸਰਹੱਦਾਂ ਖੋਲ੍ਹ ਦੇਣ ਅਤੇ ਕੌਮੀ ਅਦਾਰਿਆਂ ਨੂੰ ਹੌਲ਼ੀ-ਹੌਲ਼ੀ ਨਿੱਜੀ ਹੱਥਾਂ ਦੇ ਸਪੁੱਰਦ ਕਰ ਦੇਣ। ਵਿਕਸਿਤ ਦੇਸ਼ਾਂ ਦੇ ਪੂੰਜੀਪਤੀਆਂ ਲਈ ਵੀ ਹੁਣ ਪੂੰਜੀ ਨਿਵੇਸ਼ ਕਰਨ ਲਈ ਹੁਣ ਕੋਈ ਜਗ੍ਹਾ ਚਾਹੀਦੀ ਸੀ ਉਹ ਖਲਾਅ ਵਿੱਚ ਪੂੰਜੀ ਨਿਵੇਸ਼ ਨਹੀਂ ਕਰ ਸਕਦੇ ਸਨ, ਇੱਕ ਤਾਂ ਉਹ ਆਪਣੇ ਦੇਸ਼ਾਂ ਵਿੱਚੋਂ ਵਾਧੂ ਪੈਦਾਵਾਰ ਦੇ ਸੰਕਟ ਨਾਲ਼ ਜੂਝ ਰਹੇ ਸਨ, ਦੂਜਾ ਉਨ੍ਹਾਂ ਦੀ ਚਾਹਤ ਤੁਰਤ-ਫੁਰਤ ਵਾਲ਼ੇ ਮੁਨਾਫ਼ੇ ਦੀ ਸੀ ਜਿਸ ਲਈ ਉਹ ਨਾ ਤਾਂ ਕਿਸੇ ਦੇਸ਼ ਨੂੰ ਹੁਣ ਬਸਤੀ ਬਣਾ ਕੇ ਲੁੱਟ ਸਕਦੇ ਸਨ ਤੇ ਨਾ ਹੀ ਉਹ ਇਸ ਲਈ ਕੋਈ ਹੋਰ ਵੱਡੀ ਜੰਗ ਚਾਹੁੰਦੇ ਸਨ। ਇੱਧਰ ਤੀਜੀ ਦੁਨੀਆਂ ਦੇ ਪੱਛੜੇ ਮੁਲਕਾਂ ਦੀਆਂ ਪੂੰਜੀਵਾਦੀ ਕੌਮੀ ਸਰਕਾਰਾਂ ਵੀ ਭਾਰੀ ਕਰਜ਼ਿਆਂ ਦੇ ਬੋਝ ਹੇਠ ਆ ਚੁੱਕੀਆਂ ਸਨ। ਸਾਰੀਆਂ ਪੂੰਜੀਵਾਦੀ ਸਰਕਾਰਾਂ ਦੇ ਸੰਕਟਾਂ ਨੂੰ ਦੂਰ ਕਰਨ ਅਤੇ ਦੁਨੀਆਂ ਭਰ ਦੀ ਪੂੰਜੀਪਤੀ ਜਮਾਤ ਦੀ ਬੇਹਤਰੀ ਲਈ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦਾ ਨੁਸਖਾ ਦਿੱਤਾ ਗਿਆ ਅਤੇ ਬਹੁਤ ਵਧਾ ਚੜ੍ਹਾ ਕੇ ਇਨ੍ਹਾਂ ਗੱਲਾਂ ਦਾ ਪ੍ਰਚਾਰ ਕੀਤਾ ਗਿਆ ਕਿ ਇਹ ਨੀਤੀਆਂ ਦੇਸ਼ ਵਿੱਚੋਂ ਗਰੀਬੀ, ਬੇਰੁਜ਼ਗਾਰੀ ਦੂਰ ਕਰਨ, ਲੋਕਾਂ ਦਾ ਜੀਵਨ ਪੱਧਰ ਉੱਚਾ ਕਰਨ ਲਈ ਅਤੇ ਦੇਸ਼ ਨੂੰ ਆਰਥਿਕ ਸੰਕਟ ਤੋਂ ਬਚਾਉਣ ਲਈ ਲਾਗੂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸੰਕਟਾਂ ਅਤੇ ਕਰਜ਼ਿਆਂ ਹੇਠ ਆਉਣ ਦਾ ਕਾਰਨ ਇਨ੍ਹਾਂ ਸਰਕਾਰਾਂ ਅਤੇ ਇਨ੍ਹਾਂ ਦੇ ਕਲਮ ਘਸੀਟ ਬੁੱਧੀਜੀਵੀਆਂ ਦੁਆਰਾ ਵੱਧਦੀ ਹੋਈ ਅਬਾਦੀ ਅਤੇ ਪੱਛੜੇ ਦੇਸ਼ਾਂ ਦੀ ਪੱਛੜੀ ਤਕਨੋਲਾਜੀ ਨੂੰ ਦੱਸਿਆ। ਪਰ ਹੁਣ ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੋ ਚੁੱਕੀ ਹੈ ਕਿ ਅਬਾਦੀ ਅਤੇ ਪੱਛੜੀ ਤਕਨੋਲਾਜੀ ਇਨ੍ਹਾਂ ਸਮੱਸਿਆਵਾਂ ਦੇ ਕਾਰਨ ਨਾ ਹੋ ਕੇ ਇਨ੍ਹਾਂ ਦੇ ਕਾਰਨ ਸੋਮਿਆ ਦੀ ਅਸਾਂਵੀ ਵੰਡ, ਇਨ੍ਹਾਂ ਦੇਸ਼ਾਂ ਵਿੱਚ ਕੀਤੀ ਗਈ ਦੇਸ਼ੀ ਪੂੰਜੀਪਤੀਆਂ ਦੁਆਰਾ ਕਿਰਤ ਦੀ ਅੰਨ੍ਹੇਵਾਹ ਲੁੱਟ ਹੈ। ਜਦੋਂ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਨੀਤੀਆਂ ਨੂੰ ਤੇਜ਼ੀ ਨਾਲ਼ ਲਾਗੂ ਕੀਤਾ ਗਿਆ ਤਾਂ ਦੁਨੀਆਂ ਭਰ ਦੀ ਪੂੰਜੀਪਤੀ ਜਮਾਤ ਦੀਆਂ ਮੌਜਾਂ ਲੱਗ ਗਈਆ। ਹੁਣ ਕਿਸੇ ਪੂੰਜੀਪਤੀ ਲਈ ਲੋਕਾਂ ਦੀ ਕਿਰਤ ਅਤੇ ਕੁਦਰਤੀ ਸੋਮਿਆਂ ਨੂੰ ਲੁੱਟਣ ਲਈ ਕੋਈ ਇੱਕ ਦੇਸ਼ ਜਾਂ ਕੋਈ ਹੱਦ ਨਹੀਂ ਰਹੀ। ਹੁਣ ਦੁਨੀਆਂ ਭਰ ਦੀ ਪੂੰਜੀਪਤੀ ਜਮਾਤ

ਕਿਰਤੀ ਲੋਕਾਂ ਦੀ ਕਿਰਤ ਲੁੱਟਣ ਲਈ ਇੱਕਜੁੱਟ ਹੋ ਚੁੱਕੀ ਸੀ। ਲੜਾਈ ਹੁਣ ਇਸ ਗੱਲ ਦੀ ਸੀ ਕਿ ਕਿਹੜਾ ਵੱਧ ਲੁੱਟੇਗਾ। ਤੀਜੀ ਦੁਨੀਆਂ ਦੇ ਪੱਛੜੇ ਦੇਸ਼ਾਂ ਦੇ ਪੂੰਜੀਪਤੀਆਂ ਨੂੰ ਵੀ ਦੁਨੀਆਂ ਭਰ ਵਿੱਚ ਜਾ ਕੇ ਨਿਵੇਸ਼ ਕਰਨ ਦੇ ਭਰਪੂਰ ਮੌਕੇ ਹਾਸਲ ਹੋਏ ਭਾਵੇਂ ਉਨ੍ਹਾਂ ਵਿੱਚੋਂ ਘੱਟ ਹੀ ਕਾਮਯਾਬ ਹੋ ਸਕੇ। ਪਰ ਕਿਉਂਕਿ ਉਦਾਰੀਕਰਨ ਅਤੇ ਨਿੱਜੀਕਰਨ ਨੂੰ ਬੇਰੋਕ-ਟੋਕ ਨਾਲ਼ ਲਾਗੂ ਕਰਨਾ ਸੀ ਅਤੇ ਮਕਸਦ ਸੀ ਵੱਧ ਤੋਂ ਵੱਧ ਕਿਰਤ ਦੀ ਲੁੱਟ ਕਰ ਲੈਣਾ ਇਸ ਕਰਕੇ ਬੜੀ ਤੇਜ਼ੀ ਨਾਲ਼ ਛਾਂਟੀ-ਤਾਲਾਬੰਦੀ ਕੀਤੀ ਗਈ। ਸਵੈ-ਇਛੁੱਕ ਸੇਵਾ ਮੁਕਤ ਵਰਗੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ। ਇੱਕ ਵਿਆਪਕ ਕਿਰਤੀ ਆਬਾਦੀ ਦੇ ਹੱਥੋਂ ਰੁਜ਼ਗਾਰ ਖੁੱਸਿਆ ਅਤੇ ਜਿਹੜਾ ਰੁਜ਼ਗਾਰ ਮਿਲਿਆ ਉਸ ਦੀ ਕੋਈ ਗਾਰੰਟੀ ਨਹੀਂ ਰਹੀ। ਠੇਕਾਕਰਨ ਨੂੰ ਜ਼ੋਰ ਸ਼ੋਰ ਨਾਲ਼ ਲਾਗੂ ਕੀਤਾ ਗਿਆ। ਵੱਡੀ ਪੱਧਰ 'ਤੇ ਠੇਕੇ 'ਤੇ ਕੰਮ ਕਰਨ ਵਾਲ਼ਿਆਂ ਨੂੰ ਭਰਤੀ ਕੀਤਾ ਜਾਣ ਲੱਗਾ। ਕਿਰਤ ਸਬੰਧੀ ਸਾਰੇ ਕਾਨੂੰਨ ਵੀ ਮਹਿਜ ਕਾਗਜ਼ੀ ਸਾਬਿਤ ਹੋਏ ਅੱਜ ਉਹਨਾਂ ਨੂੰ ਛਿੱਕੇ 'ਤੇ ਟੰਗ ਕੇ ਕਿਰਤੀ ਲੋਕਾਂ ਤੋਂ ਰੋਮਨ ਦੇ ਗੁਲਾਮਾਂ ਵਾਂਗ ਕੰਮ ਲਿਆ ਜਾਣ ਲੱਗਿਆ ਹੈ। ਹੁਣ ਇਹ ਗੱਲ ਚਿੱਟੇ ਦਿਨ ਵਾਂਗ ਲੋਕਾਂ ਸਾਹਮਣੇ ਆ ਚੁੱਕੀ ਹੈ ਕਿ ਇਹਨਾਂ ਸਰਕਾਰਾਂ ਦਾ ਮਕਸਦ ਲੋਕਾਂ ਦੀਆਂ ਬੁਨਿਆਦੀ ਲੋੜਾਂ ਜਿਵੇਂ ਆਵਾਸ, ਰੁਜ਼ਗਾਰ, ਸਿੱਖਿਆ ਅਤੇ ਸਿਹਤ ਸੁਵਿਧਾਵਾਂ ਦੀ ਪੂਰਤੀ ਕਰਨਾ ਨਾ ਹੋ ਕੇ ਪੂੰਜੀਪਤੀ ਜਮਾਤ ਲਈ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦਾ ਪ੍ਰਬੰਧ ਕਰਨਾ ਹੈ। ਇਹਨਾਂ ਨੀਤੀਆਂ ਨੂੰ ਲਾਗੂ ਕਰਨ ਸਾਰ ਹੀ ਵੱਡੀ ਪੱਧਰ 'ਤੇ ਲੋਕਾਂ ਦਾ ਪ੍ਰਵਾਸ ਹੋਇਆ, ਲੋਕ ਘਰੋਂ ਬੇ ਘਰ ਹੋ ਗਏ। ਜਮਾਤੀ ਧਰੁੱਵੀਕਰਨ ਬੜੀ ਤੇਜ਼ੀ ਨਾਲ਼ ਵਧਿਆ, ਅਮੀਰ ਹੋਰ ਅਮੀਰ ਹੁੰਦੇ ਗਏ, ਗਰੀਬ ਹੋਰ ਗਰੀਬ ਹੁੰਦੇ ਗਏ। ਇੱਥੇ ਇਹ ਗੱਲ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਜਦੋਂ ਪੂੰਜੀਵਾਦੀ ਢਾਂਚੇ ਅੰਦਰ ਕੋਈ ਇੱਕ ਵਿਅਕਤੀ ਅਰਬ ਪਤੀ ਬਣਦਾ ਹੈ ਤਾਂ ਉਹ ਕਰੋੜਾਂ ਲੋਕਾਂ ਨੂੰ ਸੜਕਪਤੀ ਬਣਾ ਛੱਡਦਾ ਹੈ। ਅੱਜ ਜਿਹੜਾ ਰੁਜ਼ਗਾਰ ਲੋਕਾਂ ਨੂੰ ਮਿਲ ਰਿਹਾ ਭਾਵੇਂ ਉਹ ਲੋਕਾਂ ਨੂੰ ਪਹਿਲਾਂ ਨਾਲੋਂ ਰਤਾ ਕੁ ਵੱਧ ਆਮਦਨ ਦੇਣ ਲੱਗਾ ਹੈ ਪਰ ਇਸ ਵਾਧੇ ਨਾਲ਼ ਉਹਨਾਂ ਦੀ ਲੋੜਾਂ ਦੀ ਪੂਰਤੀ ਨਹੀਂ ਹੋਣ ਲੱਗੀ। ਪੂੰਜੀਪਤੀਆਂ ਦੇ ਝੁੰਡਾਂ ਦਰਮਿਆਨ ਲਗਾਤਾਰ ਮੁਕਾਬਲਾ ਚੱਲ ਰਿਹਾ ਹੈ। ਲਗਾਤਾਰ ਇੱਕ ਤੋਂ ਬਾਅਦ ਦੂਜੀ ਜਿਣਸ ਦਾ ਵਧੇਰੇ ਉਤਪਾਦਨ ਕਰਦਾ ਹੈ ਫਿਰ ਉਸਨੂੰ ਖਪਤ ਕਰਨ ਵਿੱਚ ਰੁੱਝ ਜਾਂਦਾ ਹੈ। ਪੂੰਜੀਵਾਦ ਨੂੰ ਆਪਣੇ ਉਤਪਾਦਾਂ ਦੀ ਖਪਤ ਕਰਨ ਲਈ ਇੱਕ ਵਧੀਆ ਖਾਂਦੇ-ਪੀਂਦੇ ਤੇ ਕਮਾਉਂਦੇ ਮੱਧ ਵਰਗ ਦੀ ਵੀ ਲੋੜ ਹੈ। ਇਸ ਕਰਕੇ ਇਸ ਨੇ ਇੱਕ ਅਜਿਹੀ ਜਮਾਤ ਵੀ ਪੈਦਾ ਕਰ ਲਈ ਹੈ ਜਿਹੜੀ ਪੂੰਜੀਵਾਦ ਦੀ ਹੋਂਦ ਨੂੰ ਕਾਇਮ ਰੱਖਣ ਲਈ ਵੀ ਆਪਣੀਆਂ ਯੋਗ ਸੇਵਾਵਾਂ ਦਿੰਦੀ ਹੈ ਅਤੇ ਪੂੰਜੀਵਾਦੀ ਅਦਾਰਿਆਂ ਤੋਂ ਉਹ ਇੰਨਾ ਕੁ ਜ਼ਰੂਰ ਕਮਾ ਲੈਂਦੀ ਹੈ ਕਿ ਪੂੰਜੀਪਤੀਆਂ ਦੇ ਪੈਦਾ ਕੀਤੇ ਉਤਪਾਦਾਂ ਦੀ ਭਰਪੂਰ ਖ਼ਪਤ ਕਰ ਸਕੇ।

ਵੱਡੀ ਕਿਰਤੀ ਅਬਾਦੀ ਦੀਆਂ ਤਨਖਾਹਾਂ ਉਨ੍ਹਾਂ ਦੇ ਕੰਮ ਦੇ ਸਮੇਂ ਦੇ ਉਲਟ ਡਿੱਗਦੀਆਂ ਜਾ ਰਹੀਆਂ ਹਨ ਅਤੇ ਵਸਤਾਂ ਦੀਆਂ ਕੀਮਤਾਂ ਨੂੰ ਅੱਗ ਇਸ ਕਦਰ ਲੱਗੀ ਹੋਈ ਹੈ ਕਿ ਇਸ ਅੱਗ ਦੀਆਂ ਲਾਟਾਂ ਅਸਮਾਨ ਛੂਹ ਰਹੀਆਂ ਹਨ। ਪੂੰਜੀਪਤੀ ਕਿਰਤੀ ਲੋਕਾਂ ਦੀ ਕਿਰਤ ਲੁੱਟਣ ਲਈ ਉਨ੍ਹਾਂ ਤੋਂ ਹੱਡ ਭੰਨਵੀਂ ਮਿਹਨਤ ਕਰਵਾਉਂਦਾ ਅਤੇ ਮੌਕਾ ਮਿਲਣ 'ਤੇ ਉਨ੍ਹਾਂ ਦੀਆਂ ਤਨਖਾਹਾਂ ਵੀ ਹੜੱਪ ਕਰ ਜਾਂਦਾ ਹੈ। ਵੱਡੀ ਪੱਧਰ ਪਿੰਡਾਂ ਤੋਂ ਦਰਮਿਆਨੇ ਅਤੇ ਗਰੀਬ ਕਿਸਾਨ ਉਜੱੜ ਕੇ ਸ਼ਹਿਰਾਂ ਵੱਲ ਆ ਰਹੇ ਹਨ। ਉਨ੍ਹਾਂ ਦੇ ਅਵਾਸ ਲਈ ਕਦੇ ਕੋਈ ਢੁੱਕਵਾਂ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਨਾ ਹੀ ਉਨ੍ਹਾਂ ਲਈ ਕੋਈ ਯੋਗ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਦਾ ਕੋਈ ਯੋਗ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਦਾ ਕੋਈ ਪ੍ਰਬੰਧ ਕੀਤਾ ਗਿਆ। ਅਜਿਹੀ ਅਬਾਦੀ ਭਾਰੀ ਸੰਖਿਆ ਵਿੱਚ ਬਗੈਰ ਇਲਾਜ ਦੇ ਮਰ ਰਹੀ ਹੈ ਕਿਉਂਕਿ ਉਨ੍ਹਾਂ ਕੋਲ ਇਲਾਜ ਲਈ ਪੈਸਾ ਨਹੀਂ ਹੈ ਜਿਹੜੇ ਜਿਉਂਦੇ ਹਨ ਜਾਂ ਤਾਂ ਕੁਪੋਸ਼ਣ ਦਾ ਸ਼ਿਕਾਰ ਜਾਂ ਫੈਕਟਰੀਆਂ ਕਾਰਖ਼ਾਨਿਆਂ ਵਿੱਚ ਕੰਮ ਕਰ-ਕਰ ਕੇ ਉਨ੍ਹਾਂ ਦੀਆਂ ਹੱਡੀਆਂ ਗਲ਼ ਚੁੱਕੀਆਂ ਹਨ। ਇਹ ਸਭ ਚੀਜ਼ਾਂ ਪੈਸੇ ਵਾਲ਼ੀ ਜਮਾਤ ਲਈ ਰਹਿ ਗਈਆਂ, ਅੱਜ ਜਿਸਦੀ ਔਕਾਤ ਹੈ ਉਹ ਪੜ੍ਹ-ਲਿਖ ਜਾਵੇ ਅਤੇ ਜਿਉਂਦੇ ਰਹਿਣ ਲਈ ਇਲਾਜ ਕਰਵਾ ਲਵੇ ਉਨ੍ਹਾਂ ਦੀ ਰਤਾ ਕੁ ਵਧੀ ਆਮਦਨ ਨੂੰ ਨਿਰਪੇਖ ਕਰਕੇ ਦੇਖਿਆ ਜਾ ਰਿਹਾ ਹੈ ਉਸਨੂੰ ਸਾਪੇਖਕ ਤਰੀਕੇ ਨਾਲ਼ ਨਹੀਂ ਦੇਖਿਆ ਜਾ ਰਿਹਾ। ਕਿਰਤੀਆਂ ਦੀ ਰਤਾ ਕੁ ਵਧੀ ਆਮਦਨ ਤਾਂ ਪੂੰਜੀਪਤੀਆਂ ਦੇ ਕਲਮ ਘਸੀਟਾਂ ਨੂੰ ਨਜ਼ਰ ਆ ਜਾਂਦੀ ਹੈ ਪਰ ਪਰਜੀਵੀ ਜਮਾਤ ਦੇ ਧਨ ਦੇ ਅੰਬਾਰ ਕਿੰਨੇ ਉੱਚੇ ਹੋ ਗਏ ਹਨ ਇਸਨੂੰ ਹਮੇਸ਼ਾ ਦੇਖ ਕੇ ਵੀ ਅਣਦੇਖਿਆ ਕੀਤਾ ਜਾਂਦਾ ਹੈ। ਗਰੀਬਾਂ ਦੇ ਹੰਝੂਆਂ ਦਾ ਮਹਾਂਸਾਗਰ ਜੇਕਰ ਲਗਾਤਾਰ ਇਸੇ ਤਰ੍ਹਾਂ ਪਸਰਦਾ ਰਿਹਾ ਤਾਂ ਇਹ ਹਮੇਸ਼ਾ ਇੰਝ ਸਿਥਲ ਨਹੀਂ ਰਹੇਗਾ ਜ਼ਰੂਰ ਹੀ ਇਸ ਵਿੱਚ ਜਵਾਰ ਭਾਟੇ ਅਤੇ ਤੂਫ਼ਾਨ ਆਉਣਗੇ ਜਿਹੜੇ ਪਰਜੀਵੀਆਂ, ਧਨੀਆਂ ਦੇ ਛੋਟੇ-ਛੋਟੇ ਟਾਪੂਆਂ 'ਤੇ ਬਣੀਆਂ ਦੈਂਤ ਅਕਾਰੀ ਮੀਨਾਰਾਂ ਨੂੰ ਤਹਿਸ ਨਹਿਸ ਕਰ ਦੇਣਗੇ।

■ ■ ■ ■ ■ ■

(ਪੰਨਾ 10 ਦਾ ਬਾਕੀ ਹਿੱਸਾ)

ਦੇ ਰਸਤੇ ਹੀ ਚੱਲ ਪਏ ਹਨ। ਚੀਨ ਵਿੱਚ ਪਿਛਲੇ ਸਾਲਾਂ ਦੌਰਾਨ ਅਨਾਜ ਦੀਆਂ ਕੀਮਤਾਂ ਵਿੱਚ 42% ਵਾਧਾ ਹੋਇਆ ਅਤੇ ਇਹ ਸੰਕਟ ਤੀਜੀ ਦੁਨੀਆਂ ਦੇ ਗਰੀਬ ਮੁਲਕਾਂ ਨੂੰ ਬੁਰੀ ਤਰ੍ਹਾਂ ਝੰਜੋੜ ਰਿਹਾ ਹੈ। ਅਨਾਜ ਤੋਂ ਤੇਲ ਬਣਾਉਣ ਦੀ ਤਕਨੀਕ ਕੋਈ ਬੁਰੀ ਗੱਲ ਨਹੀਂ ਪਰ ਜਦੋਂ ਦੁਨੀਆਂ ਭਰ ਵਿੱਚ 85 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹੋਣ ਤਾਂ ਕਾਰਾਂ ਚਲਾਉਣ ਲਈ ਲੋਕਾਂ ਦੇ ਢਿੱਡ ਤੇ ਲੱਤ ਮਾਰਨੀ ਕਿੱਥੋਂ ਦੀ ਅਕਲਮੰਦੀ ਹੈ ਪਰ ਪੂੰਜੀਵਾਦ ਦੀਆਂ ਅੱਖਾਂ ਤਾਂ ਸਿਰਫ਼ ਮੁਨਾਫ਼ਾ ਦੇਖਦੀਆਂ ਹਨ, ਮਨੁੱਖਤਾ ਦੀ ਬਦਹਾਲੀ ਨਾਲ਼ ਇਸ ਨੂੰ ਕੀ ਮਤਲਬ! ਜਦੋਂ ਤੱਕ ਪੂੰਜੀਵਾਦ ਹੈ, ਉਦੋਂ ਤੱਕ ਤੇਲ ਲਈ ਲੜਾਈਆਂ ਹੁੰਦੀਆਂ ਰਹਿਣਗੀਆਂ ਤੇ ਮਨੁੱਖਤਾ ਦਾ ਘਾਣ ਹੁੰਦਾ ਰਹੇਗਾ, ਮਨੁੱਖਾਂ ਦੇ ਮੂੰਹ 'ਚੋਂ ਅੰਨ ਖੋਹ ਕੇ ਕਾਰਾਂ ਦੀਆਂ ਟੈਂਕੀਆਂ ਤੇਲ ਨਾਲ਼ ਤਰ ਰਹਿਣਗੀਆਂ।

■ ■ ■ ■ ■ ■

ਸਰਗਰਮੀਆਂ

ਨੌਜਵਾਨ ਭਾਰਤ ਸਭਾ ਦੀ ਸੂਬਾ ਪੱਧਰੀ ਮੀਟਿੰਗ

'ਇਨਕਲਾਬੀ ਸੰਕਲਪ ਯਾਤਰਾ' ਦੀ ਸਮਾਪਤੀ
'ਇਨਕਲਾਬੀ ਲੋਕ ਸਵਰਾਜ ਮੁਹਿੰਮ' ਦਾ ਐਲਾਨ
ਨਵੀਂ ਸੂਬਾ ਜੱਥੇਬੰਦਕ ਕਮੇਟੀ ਦੀ ਚੋਣ

28 ਸਤੰਬਰ ਨੂੰ ਲੁਧਿਆਣਾ ਦੇ ਗਿਆਸਪੁਰਾ ਵਿਖੇ ਨੌਂਭਾਸ ਦੀ ਸੂਬਾ ਪੱਧਰੀ ਵਿਸਤਾਰਿਤ ਮੀਟਿੰਗ ਕੀਤੀ ਗਈ। ਇਹ ਦਿਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ 101ਵਾਂ ਜਮਨਦਿਨ ਸੀ। ਇਸਦੇ ਨਾਲ਼ ਹੀ ਨੌਜਵਾਨ ਭਾਰਤ ਸਭਾ ਅਤੇ ਹੋਰ ਸਹਿਯੋਗੀ ਜੱਥੇਬੰਦੀਆਂ (ਬਿਗੁਲ ਮਜ਼ਦੂਰ ਦਸਤਾ, ਦਿਸ਼ਾ ਵਿਦਿਆਰਥੀ ਸੰਗਠਨ, ਰਾਹੁਲ ਫਾਉਂਡੇਸ਼ਨ, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਅਨੁਰਾਗ ਟਰਸਟ, ਪਰਿਕਲਪਨਾ ਪ੍ਰਕਾਸ਼ਨ, ਦਸਤਕ ਪ੍ਰਕਾਸ਼ਨ) ਦੁਆਰਾ ਸ਼ਹੀਦ ਭਗਤ ਸਿੰਘ ਦੇ 75ਵੇਂ ਸ਼ਹੀਦੀ ਦਿਵਸ (23 ਮਾਰਚ 2005) ਤੋਂ ਲਗਾਤਾਰ ਜਾਰੀ 'ਇਨਕਲਾਬੀ ਸੰਕਲਪ ਯਾਤਰਾ' ਮੁਹਿੰਮ ਦੀ ਵੀ ਸਮਾਪਤੀ ਹੋ ਗਈ ਹੈ। 23 ਮਾਰਚ 2005 ਤੋਂ 28 ਸਤੰਬਰ 2008 ਤੱਕ ਦੇ ਇਸ ਸਮੇਂ ਨੂੰ ਇਹਨਾਂ ਜੱਥੇਬੰਦੀਆਂ ਦੁਆਰਾ 'ਇਨਕਲਾਬੀ ਨਵਜਾਗਰਣ ਦੇ ਤਿੰਨ ਸਾਲ' ਦਾ ਨਾਂ ਦਿੱਤਾ ਗਿਆ ਸੀ। ਇਹਨਾਂ ਤਿੰਨ ਵਰ੍ਹਿਆਂ ਦੀ ਇਸ ਮੁਹਿੰਮ ਦੀ ਸਮਾਪਤੀ, ਨਵੀਂ ਯੋਜਨਾ ਹੱਥ ਲੈਣ ਅਤੇ ਨੌਂਭਾਸ, ਪੰਜਾਬ ਦੀ ਨਵੀਂ ਸੂਬਾ ਜੱਥੇਬੰਦਕ ਕਮੇਟੀ ਚੁਨਣ ਲਈ ਇਹ ਮੀਟਿੰਗ ਬੁਲਾਈ ਗਈ ਸੀ।

ਮੀਟਿੰਗ ਦੇ ਆਰੰਭ ਵਿੱਚ ਸਾਥੀ ਅਰਵਿੰਦ ਨੂੰ ਸ਼ਰਧਾਂਜਲੀ ਦਿੱਤੀ ਗਈ। ਸਟੇਜ ਦੀ ਕਾਰਵਾਈ ਸੰਭਾਲ ਰਹੇ ਸਾਥੀ ਅਜੇਪਾਲ ਨੇ ਦੱਸਿਆ ਕਿ ਸਾਥੀ ਅਰਵਿੰਦ 24 ਜੁਲਾਈ ਦੇ ਦਿਨ ਸਾਡੇ ਤੋਂ ਸਦਾ ਲਈ ਵਿਛੜ ਗਏ। ਸਾਥੀ ਅਰਵਿੰਦ ਅਜਿਹੇ ਵਿਅਕਤੀ ਸਨ ਜਿਨ੍ਹਾਂ ਨੇ ਮੁਸ਼ਕਿਲ ਸਮਿਆਂ ਵਿੱਚ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਨੌਜਵਾਨ ਭਾਰਤ ਸਭਾ ਵੀ ਉਹਨਾਂ ਦੇ ਯੋਗਦਾਨ ਤੋਂ ਬਿਨਾਂ ਇਸ ਮੁਕਾਮ ਤੱਕ ਨਹੀਂ ਪਹੁੰਚ ਸਕਦੀ ਸੀ। ਅਜੇ ਪਾਲ ਨੇ ਕਿਹਾ ਕਿ ਸਾਥੀ ਅਰਵਿੰਦ ਸਾਡੇ ਸੰਕਲਪਾਂ ਅਤੇ ਸੁਪਨਿਆਂ ਵਿੱਚ ਹਮੇਸ਼ਾਂ ਜਿਉਂਦੇ ਰਹਿਣਗੇ। ਸਾਰੇ ਸਾਥੀਆਂ ਨੇ ਦੋ ਮਿੰਟ ਦਾ ਮੋਨ ਧਾਰ ਕੇ ਵਿਛੋੜਾ ਦੇ ਗਏ ਇਨਕਲਾਬੀ ਸਾਥੀ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਨੌਜਵਾਨ ਭਾਰਤ ਸਭਾ, ਪੰਜਾਬ ਦੇ ਸੂਬਾ ਕਨਵੀਨਰ ਰਾਜਵਿੰਦਰ ਨੇ 'ਇਨਕਲਾਬੀ ਸੰਕਲਪ ਯਾਤਰਾ' ਬਾਰੇ ਵਿਸਤਾਰਪੂਰਵਕ ਰਿਪੋਰਟ ਪੇਸ਼ ਕੀਤੀ। ਉਹਨਾਂ ਕਿਹਾ ਕਿ 23 ਮਾਰਚ 2005-28 ਸਤੰਬਰ 2008 ਦਾ ਸਮਾਂ ਬੇਹੱਦ ਮਹੱਤਵਪੂਰਨ ਸੀ। ਮਾਰਚ 2005 ਤੋਂ ਮਾਰਚ 2006 ਤੱਕ ਦਾ ਸਮਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਦਾ 75ਵਾਂ ਵਰ੍ਹਾ ਸੀ। ਇਹੋ ਲੋਕਾਂ ਦੀ ਸੱਚੀ ਆਜ਼ਾਦੀ ਦੇ ਹਿਮਾਇਤੀ ਪੱਤਰਕਾਰ ਗਣੇਸ਼ ਸੰਕਰ ਵਿਦਿਆਰਥੀ ਦੀ ਸ਼ਹਾਦਤ ਦਾ ਵੀ 75ਵਾਂ ਵਰ੍ਹਾ ਸੀ। 2005 ਵਿੱਚ ਹੀ 27 ਫਰਵਰੀ ਤੋਂ ਸ਼ਹੀਦ ਚੰਦਰਸ਼ੇਖਰ ਅਜ਼ਾਦ ਦੀ ਸ਼ਹਾਦਤ ਦੇ ਵੀ 75ਵੇਂ ਵਰ੍ਹੇ ਅਤੇ 23 ਜੁਲਾਈ ਤੋਂ ਉਹਨਾਂ ਦੇ 100ਵੇਂ ਜਨਮ ਵਰ੍ਹੇ ਦੀ ਸ਼ੁਰੂਆਤ ਹੋਈ। 28 ਸਤੰਬਰ 2007 ਤੋਂ 28 ਸਤੰਬਰ 2008 ਤੱਕ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦੇ 100 ਵਰ੍ਹੇ ਪੂਰੇ ਹੋਣ ਦਾ ਵਰ੍ਹਾ ਮਨਾਇਆ ਗਿਆ। ਇਹੋ ਨਹੀਂ, 1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਦੇ150 ਵਰ੍ਹੇ ਵੀ ਮਈ, 2007 ਵਿੱਚ ਪੂਰੇ ਹੋਏ। ਸਾਥੀ ਰਾਜਵਿੰਦਰ ਨੇ ਕਿਹਾ ਕਿ ਇਹ ਤਿੰਨ ਵਰ੍ਹੇ ਆਪਣੇ ਸ਼ਾਨਾਮੱਤੇ ਇਤਿਹਾਸ ਨੂੰ ਯਾਦ ਕਰਨ, ਉਸ ਤੋਂ ਪ੍ਰੇਰਨਾ ਲੈਕੇ ਆਪਣੇ ਮਹਾਨ ਸ਼ਹੀਦਾਂ ਦੇ ਅਧੂਰੇ ਸੁਪਨਿਆਂ ਨੂੰ ਪੂਰੇ ਕਰਨ ਦਾ ਦਿਨ ਸੰਕਲਪ ਲੈਣ ਦਾ ਇਤਿਹਾਸਕ ਸਮਾਂ ਸਨ। 'ਇਨਕਲਾਬੀ ਸੰਕਲਪ' ਭਾਵ ਸ਼ਹੀਦਾਂ ਦੇ ਸੁਪਨਿਆਂ ਅਤੇ ਸੁਨੇਹਿਆਂ ਨੂੰ ਯਾਦ ਕਰਨਾ ਅਤੇ ਉਹਨਾਂ ਨੂੰ ਪੂਰਾ ਕਰਨ ਦੀ ਕਸਮ ਲੈਣਾ ਅਤੇ 'ਯਾਤਰਾ' ਭਾਵ ਇਸ ਗੱਲ ਨੂੰ ਹਰ ਦੱਬੇ ਕੁਚਲੇ, ਮਜਲੂਮ, ਕਿਰਤੀ ਅਤੇ ਇਨਸਾਫ਼ਪਸੰਦ ਨੌਜਵਾਨ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਨਾ।

ਸਾਥੀ ਰਾਜਵਿੰਦਰ ਨੇ ਕਿਹਾ ਕਿ ਇਨਕਲਾਬੀ ਸੰਕਲਪ ਯਾਤਰਾ ਦੌਰਾਨ ਗਿਣਨਯੋਗ ਪ੍ਰਾਪਤੀਆਂ ਹੋ ਸਕੀਆਂ ਹਨ। ਉੱਤਰੀ ਭਾਰਤ ਦੇ ਦਿੱਲੀ, ਗਾਜੀਆਬਾਦ, ਨੋਇਡਾ, ਇਲਾਹਾਬਾਦ, ਲਖਨਊ, ਗੋਰਖਪੁਰ, ਲੁਧਿਆਣਾ, ਜਲੰਧਰ, ਬਠਿੰਡਾ, ਸਿਰਸਾ ਆਦਿ ਅਨੇਕਾਂ ਸ਼ਹਿਰਾਂ ਅਤੇ ਇਹਨਾਂ ਸ਼ਹਿਰਾਂ ਦੇ ਆਸ-ਪਾਸ ਦੇ ਵੱਡੇ ਖੇਤਰਾਂ ਵਿੱਚ ਫੈਲੀ ਹੋਈ ਇਸ ਮੁਹਿੰਮ ਦੇ ਦੌਰਾਨ ਇਨਕਲਾਬੀ ਵਿਚਾਰਧਾਰਾ ਨਾਲ਼ ਸੰਬੰਧਿਤ ਲੱਖਾਂ ਕਿਤਾਬਾਂ-ਪਰਚੇ ਲੋਕਾਂ ਤੱਕ ਪਹੁੰਚਾਏ ਗਏ। ਇਨਕਲਾਬੀ ਸਭਿਆਚਾਰਕ ਟੀਮਾਂ ਨੇ ਨਾਟਕਾਂ-ਗੀਤਾਂ ਰਾਹੀਂ ਲੋਕਾਂ ਨੂੰ ਇਨਕਲਾਬੀ ਵਿਰਾਸਤ ਤੋਂ ਜਾਣੂ ਕਰਵਾਇਆ ਅਤੇ ਅੱਜ ਦੀਆਂ ਭਿਅੰਕਰ ਹਾਲਤਾਂ ਦੇ ਮੱਦੇਨਜ਼ਰ ਲੋਕਾਂ ਨੂੰ ਨਵੇਂ ਇਨਕਲਾਬ ਦੇ ਰਾਹ ਚੱਲਣ ਦਾ ਸੱਦਾ ਦਿੱਤਾ। ਜਿਵੇਂ-ਜਿਵੇਂ ਮੁਹਿੰਮ ਅੱਗੇ ਵਧਦੀ ਗਈ ਤਿਵੇਂ-ਤਿਵੇਂ ਨਵੇਂ-ਨਵੇਂ ਖੇਤਰਾਂ ਵਿੱਚ ਪ੍ਰਚਾਰ-ਪ੍ਰਸਾਰ ਸ਼ੁਰੂ ਹੁੰਦਾ ਗਿਆ। ਨਵੀਆ ਟੀਮਾਂ ਬਣਦੀਆਂ ਗਈਆਂ। ਅਨੇਕਾਂ-ਅਨੇਕ ਲੋਕਾਂ ਖਾਸਕਰ ਨੌਜਵਾਨਾਂ ਨੂੰ ਇਨਕਲਾਬੀ ਲਹਿਰ ਦਾ ਹਿੱਸਾ ਬਣਾਇਆ ਗਿਆ। ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਬਾਰੇ ਫੈਲੇ ਭਰਮ ਭੁਲੇਖਿਆਂ ਨੂੰ ਮੱਧਮ ਪਾਉਣ ਵਿੱਚ 'ਇਨਕਲਾਬੀ ਸੰਕਲਪ ਯਾਤਰਾ' ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਨਕਲਾਬੀ ਸੰਕਲਪ ਯਾਤਰਾ ਮੁਹਿੰਮ ਦੀ ਇਹ ਵੀ ਇੱਕ ਦੇਣ ਰਹੀ ਕਿ ਇਸਨੇ ਨੌਜਵਾਨ ਭਾਰਤ ਸਭਾ ਨੂੰ ਸਿੱਧੇ ਜੁਝਾਰੂ ਸੰਘਰਸ਼ਾਂ ਵਿੱਚ ਹਿੱਸਾ ਲੈਣ ਦੇ ਯੋਗ ਬਣਾਇਆ। ਮੈਡੀਕਲ ਕੈਂਪ ਆਯੋਜਨ ਅਤੇ ਗਰੀਬ ਬੱਚਿਆਂ ਨੂੰ ਮੁਫ਼ਤ ਟਿਊਸ਼ਨ ਪੜਾਉਣ ਜਿਹੇ ਸੁਧਾਰ ਕਾਰਜ ਵੀ ਹੱਥ ਵਿੱਚ ਲਏ ਗਏ। ਸਾਥੀ ਰਾਜਵਿੰਦਰ ਨੇ ਰਿਪੋਰਟ ਦੇ ਅੰਤ ਵਿੱਚ ਕਿਹਾ ਕਿ ਇਨਕਲਾਬੀ ਸੰਕਲਪ ਯਾਤਰਾ ਭਾਵੇਂ ਕਿ ਨਾਂ ਪੱਖੋਂ ਸਮਾਪਤ ਹੋਣ ਜਾ ਰਹੀ ਹੈ ਪਰ ਇਸ ਦੌਰਾਨ ਜੋ ਵੀ ਕਾਰਜ ਹੱਥ ਵਿੱਚ ਲਏ ਗਏ ਉਹ ਸਿਰਫ਼ ਜਾਰੀ ਹੀ ਨਹੀਂ ਰਹਿਣਗੇ ਸਗੋਂ ਹੋਰ ਵੀ ਜੋਸ਼-ਖਰੋਸ਼ ਅਤੇ ਸੁਚਾਰੂ ਰੂਪ ਵਿੱਚ ਅੱਗੇ ਵਧਾਏ ਜਾਣਗੇ।

ਮੀਟਿੰਗ ਵਿੱਚ ਵਿਸ਼ੇਸ਼ ਸੱਦੇ 'ਤੇ ਪਹੁੰਚੇ 'ਬਿਗੁਲ ਮਜ਼ਦੂਰ ਦਸਤਾ' ਦੇ ਸੁਖਵਿੰਦਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਮੌਜੂਦਾ ਹਾਲਾਤਾਂ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਦੇਸ਼ ਵਿੱਚ ਗਰੀਬੀ-ਬੇਰੁਜ਼ਗਾਰੀ, ਮਹਿੰਗਾਈ, ਥੁੜਾਂ, ਭੁੱਖਮਰੀ ਆਦਿ ਸਮੱਸਿਆਵਾਂ ਤਾਂ ਹਮੇਸਾਂ ਤੋਂ ਹੀ ਲਗਾਤਾਰ ਬਣੀਆਂ ਰਹੀਆਂ ਹਨ ਜਿਨ੍ਹਾਂ ਦੀ ਚੱਕੀ ਵਿੱਚ ਦੇਸ਼ ਦੀ ਬਹੁਗਿਣਤੀ ਪਿਸਦੀ ਆਈ ਹੈ। ਦੇਸ਼ ਦੇ ਲੁਟੇਰੇ ਹਾਕਮ

ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਵਟਾਉਣ ਲਈ ਹਮੇਸ਼ਾਂ ਤੋਂ ਹੋਰ ਹੀ ਮੁੱਦੇ ਉਛਾਲਦੇ ਰਹੇ ਹਨ। ਉਹਨਾਂ ਕਿਹਾ ਕਿ ਪਿਛਲੇ ਦਿਨੀਂ ਪ੍ਰਮਾਣੂ ਸਮਝੌਤੇ ਦਾ ਵਿਵਾਦ ਇੱਕ ਅਜਿਹੇ ਸਮੇਂ ਛੇੜਿਆ ਗਿਆ ਜਦੋਂ ਮਹਿੰਗਾਈ ਲੋਕਾਂ ਦਾ ਜਿਉਣਾ ਦੁੱਭਰ ਕਰ ਰਹੀ ਸੀ। ਅੱਜ 'ਦਹਿਸ਼ਤਗਰਦੀ' ਦੇ ਬਹਾਨੇ ਅਜਿਹੇ ਕਾਲ਼ੇ ਕਾਨੂੰਨ ਬਣਾਏ ਜਾ ਰਹੇ ਹਨ ਜਿਨ੍ਹਾਂ ਦੇ ਇਸਤੇਮਾਲ ਰਾਹੀਂ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਦਬਾਇਆ ਜਾ ਸਕੇ। ਉਹਨਾਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ਼ ਭਾਰਤੀ ਹਾਕਮ ਜਮਾਤ ਦੀ ਲੁਟੇਰੀ ਰਾਜਨੀਤੀ ਦਾ ਪਰਦਾਫ਼ਾਸ਼ ਕਰਦੇ ਹੋਏ ਨੌਜਵਾਨ ਭਾਰਤ ਸਭਾ ਦੇ ਕਾਰਕੁੰਨਾਂ ਨੂੰ ਇਹ ਸੱਦਾ ਦਿੱਤਾ ਕਿ ਉਹ ਗਰੀਬਾਂ, ਮਜ਼ਲੂਮਾਂ, ਮਜ਼ਦੂਰਾਂ, ਕਿਰਤੀਆਂ ਤੱਕ ਇਨਕਲਾਬ ਦਾ ਸੁਨੇਹਾ ਪਹੁੰਚਾਉਣ ਲਈ ਆਪਣਾ ਜੀਅ-ਜਾਨ ਲਗਾ ਦੇਣ।

ਸਾਥੀ ਅਜੇ ਪਾਲ ਨੇ ਕਿਹਾ ਕਿ 'ਇਨਕਲਾਬੀ ਸੰਕਲਪ ਯਾਤਰਾ' ਮੁਹਿੰਮ ਦੀ ਸਮਾਪਤੀ ਤੋਂ ਬਾਅਦ ਹੁਣ 'ਇਨਕਲਾਬੀ ਲੋਕ ਸਵਰਾਜ ਮੁਹਿੰਮ' ਦੇ ਤਹਿਤ ਨੌਭਾਸ ਦੀ ਯਾਤਰਾ ਜਾਰੀ ਰਹੇਗੀ। 'ਇਨਕਲਾਬੀ ਲੋਕ ਸਵਰਾਜ ਮੁਹਿੰਮ' ਬਾਰੇ ਦੱਸਦੇ ਹੋਏ ਉਹਨਾਂ ਕਿਹਾ ਕਿ ਅੱਜ ਦੇਸ਼ ਦਾ ਰਾਜਨੀਤਕ ਢਾਂਚਾ ਪੂਰੀ ਤਰ੍ਹਾਂ ਦੇਸ਼ੀ-ਵਿਦੇਸ਼ੀ ਪੂੰਜੀ ਦੀ ਨੀਚ-ਸੇਵਾ ਵਿੱਚ ਲੱਗਿਆ ਹੋਇਆ ਹੈ। ਸੰਸਦ ਅਤੇ ਵਿਧਾਨ ਸਭਾਵਾਂ ਹੋਣ ਭਾਵੇਂ ਨਗਰ-ਪਾਲਿਕਾਵਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਹੋਣ ਸਭ ਦੇ ਸਭ ਪੂਰੀ ਤਰ੍ਹਾਂ ਲੋਕ ਵਿਰੋਧੀ ਚਰਿੱਤਰ ਧਾਰਨ ਕਰ ਚੁੱਕੇ ਹਨ। ਹੈਰਾਨੀਜਨਕ ਹੱਦ ਤੱਕ ਗੁੰਡੇ-ਬਦਮਾਸ਼, ਅਪਰਾਧੀ, ਮਾਫ਼ੀਆ ਗਰੋਹਾਂ ਦੇ ਸਰਗਨਾ ਸਿਆਸਤਦਾਨ ਬਣ ਚੁੱਕੇ ਹਨ। ਦੇਸ਼ ਦਾ ਨਿਆਂ ਪ੍ਰਬੰਧ ਅਤੇ ਹਥਿਆਰਬੰਦ ਸੰਸਥਾਵਾਂ ਵੀ ਪੂਰੀ ਤਰ੍ਹਾਂ ਲੋਕਾਂ ਦੇ ਵਿਰੋਧ ਵਿੱਚ ਖੜੀਆਂ ਹਨ। ਇਹਨਾਂ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਸੁਧਾਰ ਕਰਕੇ ਲੋਕ-ਹਿਤੈਸ਼ੀ ਬਣਾਉਣਾ ਅਸੰਭਵ ਹੈ। ਹੁਣ ਲੋਕਾਂ ਕੋਲ਼ ਇੱਕੋ-ਇੱਕ ਰਾਹ ਬਚਦਾ ਹੈ—ਮੌਜੂਦਾ ਲੁਟੇਰੇ ਰਾਜ-ਪ੍ਰਬੰਧ ਦੀ ਸੰਪੂਰਨ ਤਬਾਹੀ ਅਤੇ ਨਵੇਂ ਇਨਕਲਾਬੀ ਲੋਕ-ਸਵਰਾਜ ਦੀ ਸਥਾਪਨਾ। ਉਹਨਾਂ ਕਿਹਾ ਕਿ ਸਮਾਜਵਾਦੀ ਪ੍ਰਬੰਧ ਹੀ ਅਸਲ ਵਿੱਚ ਸੱਚਾ ਲੋਕ ਸਵਰਾਜ ਹੋ ਸਕਦਾ ਹੈ। ਇਹਨਾਂ ਹੀ ਸੱਚਾਈਆਂ, ਸੁਪਨਿਆਂ, ਸੰਕਲਪਾਂ ਅਤੇ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਮੁਹਿੰਮ ਹੋਵੇਗੀ 'ਇਨਕਲਾਬੀ ਲੋਕ-ਸਵਰਾਜ ਮੁਹਿੰਮ'।

ਮੀਟਿੰਗ ਦੇ ਅੰਤ ਵਿੱਚ ਨੌਜਵਾਨ ਭਾਰਤ ਸਭਾ ਦੀ ਨਵੀਂ ਸੂਬਾ ਜਥੇਬੰਦਕ ਕਮੇਟੀ ਚੁਣੀ ਗਈ। ਜਥੇਬੰਦਕ ਕਮੇਟੀ ਦਾ ਇਹ ਮੁੜ-ਗਠਨ ਇਸ ਲਈ ਜ਼ਰੂਰੀ ਹੋ ਗਿਆ ਸੀ ਕਿਉਂਕਿ ਪਹਿਲਾਂ ਦੀ ਸੂਬਾ ਕਮੇਟੀ ਦੇ ਤਿੰਨ ਮੈਂਬਰ —ਰਾਜਵਿੰਦਰ, ਅਜੇਪਾਲ ਅਤੇ ਲਖਵਿੰਦਰ— ਕਾਰਖਾਨਾ ਮਜ਼ਦੂਰਾਂ ਦੀ ਜੱਥੇਬੰਦੀ 'ਕਾਰਖਾਨਾ ਮਜ਼ਦੂਰ ਯੂਨੀਅਨ, ਲੁਧਿਆਣਾ' ਵਿੱਚ ਆਪਣਾ ਸਮਾਂ ਦੇਣਗੇ। ਸਾਥੀ ਅਜੇਪਾਲ ਨੇ ਕਿਹਾ ਕਿ ਨੌਜਵਾਨ ਬਾਰਤ ਸਭਾ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਮਹੱਤਵਪੂਰਨ ਮੋਰਚੇ ਨੂੰ ਤਿੰਨ ਮਹੱਤਵਪੂਰਨ ਵਿਅਕਤੀ ਦੇ ਰਹੀ ਹੈ। ਸਾਰਿਆਂ ਨੇ ਸਰਵ ਸੰਮਤੀ ਨਾਲ਼ ਪਰਮਿੰਦਰ (ਕਨਵੀਨਰ), ਰਜਿੰਦਰ (ਖ਼ਜ਼ਾਨਚੀ), ਜ਼ਮੀਰ ਹੁਸੈਨ, ਗੁਲਸ਼ਨ ਅਤੇ ਅਮਨ ਨੂੰ ਪੰਜ ਮੈਂਬਰੀ ਸੂਬਾ ਕਮੇਟੀ ਵਜੋਂ 'ਤੇ ਚੁਣਿਆ। ਇਸਦੇ ਨਾਲ਼ ਹੀ ਜ਼ੋਰਦਾਰ ਨਾਅਰਿਆਂ ਨਾਲ਼ ਮੀਟਿੰਗ ਦੀ ਸਮਾਪਤੀ ਕੀਤੀ ਗਈ।

ਪੱਖੋਵਾਲ ਵਿੱਚ ਮਸ਼ਾਲ ਮਾਰਚ

'ਭਗਤ ਸਿੰਘ ਦੀ ਗੱਲ ਸੁਣੋ, ਨਵੀਂ ਕ੍ਰਾਂਤੀ ਦਾ ਰਾਹ ਚੁਣੋ', 'ਇਨਕਲਾਬ ਜ਼ਿੰਦਾਬਾਦ' ਆਦਿ ਅਸਮਾਨ-ਚੀਰਦੇ ਨਾਅਰੇ ਲਾਉਂਦੇ ਹੋਏ 28 ਸਤੰਬਰ ਦੀ ਸ਼ਾਮ ਪਿੰਡ ਪੱਖੋਵਾਲ ਦੇ ਨੌਜਵਾਨਾਂ ਨੇ ਮਸ਼ਾਲ ਮਾਰਚ ਕੀਤਾ। ਇਹ ਮਸ਼ਾਲ ਮਾਰਚ ਨੌਜਵਾਨ ਭਾਰਤ ਸਭਾ ਦੀ ਸਥਾਨਕ ਇਕਾਈ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 101ਵੇਂ ਜਨਮ ਦਿਨ ਦੇ ਸੰਬੰਧ ਵਿੱਚ ਕੀਤਾ ਗਿਆ ਸੀ। ਪਰਚਾ ਵੰਡਦੇ ਹੋਏ 70-80 ਨੌਜਵਾਨਾਂ ਦਾ ਕਾਫ਼ਲਾ ਜਦੋਂ ਕਿੰਨੀਆਂ ਹੀ ਗਲੀਆਂ-ਮੁਹੱਲਿਆਂ ਵਿੱਚੋਂ ਲਗਾਤਾਰ ਨਾਅਰੇ ਮਾਰਦੇ ਹੋਏ ਗੁਜਰਿਆ ਉਦੋਂ ਇੱਕ ਵਾਰ ਤਾਂ ਪਿੰਡ ਦੀ ਫਿਜ਼ਾ ਹੀ ਬਦਲ ਗਈ।

ਲੋਕਾਂ ਨੂੰ ਸੰਬੋਧਿਤ ਕਰਦੇ ਹੋਏ ਨੌਜਵਾਨ ਭਾਰਤ ਸਭਾ ਦੇ ਅਜੇ ਪਾਲ ਨੇ ਕਿਹਾ ਅੱਜ ਵੀ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾਣਾ ਬਾਕੀ ਹੈ। ਭਾਰਤ ਦੀ ਬਹੁ-ਗਿਣਤੀ ਨੂੰ ਸੱਚੇ ਅਰਥਾਂ ਵਿੱਚ ਅਜੇ ਅਜ਼ਾਦੀ ਪ੍ਰਾਪਤ ਨਹੀਂ ਹੋਈ। 1947 ਵਿੱਚ ਅੰਗਰੇਜਾਂ ਦੇ ਜਾਣ ਨਾਲ਼ ਰਾਜ ਕਰਨ ਵਾਲ਼ੀ ਚਮੜੀ ਦਾ ਰੰਗ ਤਾਂ ਬਦਲ ਗਿਆ ਪਰ ਜਮਾਤ ਨਹੀਂ। ਅੱਜ ਵੀ ਉਹੀ ਲੁਟੇਰੀ ਜਮਾਤ ਰਾਜ ਕਰਦੀ ਹੈ। ਲੋਕ ਲੁੱਟ-ਖੋਹ, ਅਨਿਆਂ, ਅਤਿਆਚਾਰ, ਜਬਰ ਜ਼ੁਲਮ ਦਾ ਸ਼ਿਕਾਰ ਹਨ। ਇਸ ਮੌਕੇ ਨੌਭਾਸ ਦੇ ਸੂਬਾ ਕਨਵੀਨਰ ਸਾਥੀ ਪਰਮਿੰਦਰ ਨੇ ਵੀ ਲੋਕਾਂ ਨੂੰ ਸੰਬੋਧਨ ਕੀਤਾ।

'ਸਟੀਲ ਸਿਟੀ' ਵਿੱਚ ਗੂੰਜਿਆ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ

'ਸਟੀਲ ਸਿਟੀ' ਮੰਡੀ ਗੋਬਿੰਦ ਗੜ੍ਹ ਵਿੱਚ ਨੌਜਵਾਨ ਭਾਰਤ ਸਭਾ ਦੀ ਸਥਾਨਕ ਇਕਾਈ ਨੇ 28 ਸਤੰਬਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 100 ਜਨਮ ਵਰ੍ਹੇ ਪੂਰੇ ਹੋਣ 'ਤੇ ਪੈਦਲ ਮਾਰਚ ਕਰਦੇ ਹੋਏ ਇਸ ਮਹਾਨ ਇਨਕਲਾਬੀ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਲੱਗਭੱਗ 35-40 ਨੌਜਵਾਨਾਂ ਦਾ ਕਾਫ਼ਲਾ 'ਸ਼ਹੀਦ ਭਗਤ ਸਿੰਘ ਅਮਰ ਰਹੇ', 'ਇਨਕਲਾਬ ਜ਼ਿੰਦਾਬਾਦ', 'ਸ਼ਹੀਦੋ ਤੁਹਾਡੇ ਕਾਜ ਅਧੂਰੇ, ਲਾ ਕੇ ਜਿੰਦੜੀਆਂ ਕਰਾਂਗੇ ਪੂਰੇ', 'ਖਤਮ ਕਰੋ ਪੂੰਜੀ ਦਾ ਰਾਜ, ਲੜੋ ਬਣਾਓ ਲੋਕ ਸਵਰਾਜ' ਆਦਿ ਨਾਅਰੇ ਬੁਲੰਦ ਕਰਦਾ ਹੋਇਆ ਸ਼ਹਿਰ ਦੀਆਂ ਵੱਖ-ਵੱਖ ਗਲੀਆਂ-ਮੁਹੱਲਿਆਂ-ਬਜਾਰਾਂ ਵਿੱਚੋਂ ਲੰਘਿਆ। ਨੌਜਵਨਾਂ ਦੇ ਹੱਥਾਂ ਵਿੱਚ ਇਨਕਲਾਬੀ ਵਿਚਾਰਾਂ ਵਾਲ਼ੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਲੋਕਾਂ ਵਿੱਚ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਅਤੇ ਉਹਨਾਂ ਵਿਚਾਰਾਂ ਦੀ ਅੱਜ ਦੇ ਸਮੇਂ ਵਿੱਚ ਲੋੜ ਬਾਰੇ ਦੱਸਦੇ ਪਰਚੇ ਵੰਡੇ ਗਏ। ਸੰਗਤਪੁਰਾ ਮੁਹੱਲੇ ਵਿੱਚੋਂ ਸ਼ਹੀਦ ਭਗਤ ਸਿੰਘ ਲਾਈਬ੍ਰੇਰੀ ਤੋਂ ਸ਼ੁਰੂ ਹੋ ਕੇ ਸੰਤ ਨਗਰ, ਗਾਂਧੀ ਨਗਰ, ਗੁਰਮੁਖ ਸਿੰਘ ਕਲੋਨੀ, ਅਮਲੋਹ ਰੋਡ, ਚੌਂਕ, ਮੇਨ ਬਜ਼ਾਰ, ਬੁਕਸ ਮਾਰਕਿਟ, ਬਸ ਸਟੈਂਡ, ਚੰਦਰ ਲੋਕ ਅਤੇ ਦਸ਼ਮੇਸ਼ ਕਲੋਨੀ ਹੁੰਦਾ ਹੋਇਆ ਇਹ ਕਾਫ਼ਲਾ 3 ਘੰਟੇ ਦੇ ਪੈਦਲ ਮਾਰਚ ਪਿੱਛੋਂ ਵਾਪਿਸ ਆਰੰਭ ਸਥਾਨ 'ਤੇ ਪਹੁੰਚਿਆ। ਇਸ ਦੌਰਾਨ ਅੱਠ ਨੁੱਕੜ ਸਭਾਵਾਂ ਕੀਤੀਆਂ ਗਈਆਂ। ਇਹਨਾਂ ਨੁੱਕੜ ਸਭਾਵਾਂ ਦੌਰਾਨ ਸੈਂਕੜੇ ਲੋਕਾਂ ਨੇ ਇਹਨਾਂ ਨੌਜਾਵਾਨਾਂ ਦੇ ਵਿਚਾਰ ਸੁਣੇ। ਨੌਭਾਸ ਦੇ ਲਖਵਿੰਦਰ ਨੇ ਵੱਖ-ਵੱਖ ਨੁੱਕੜ ਸਭਾਵਾਂ ਵਿੱਚ ਲੋਕਾਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ

100ਵਾਂ ਜਨਮ ਵਰ੍ਹਾ ਇੱਕ ਅਜਿਹੇ ਸਮੇਂ ਵਿੱਚ ਸਮਾਪਤ ਹੋ ਰਿਹਾ ਹੈ ਜਦੋਂ ਭਾਰਤ ਦੇ ਬਹੁਗਿਣਤੀ ਲੋਕਾਂ ਦੀ ਅਬਾਦੀ ਬੇਹੱਦ ਭਿਅੰਕਰ ਹਾਲਤਾਂ ਦਾ ਸਾਹਮਣਾ ਕਰ ਰਹੀ ਹੈ। ਚਾਰੇ-ਪਾਸੇ ਤਬਾਹੀ-ਬਰਬਾਦੀ ਦਾ ਮਾਹੌਲ ਹੈ। ਕਿਰਤੀ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਥੁੜਾਂ ਦੀ ਚੱਕੀ ਵਿੱਚ ਪਿਸ ਰਹੇ ਹਨ। ਅਸਲ ਵਿੱਚ ਭਾਰਤ ਦੀ 90 ਪ੍ਰਤੀਸ਼ਤ ਅਬਾਦੀ ਕਦੇ ਅਜ਼ਾਦ ਹੋਈ ਹੀ ਨਹੀਂ। ਅਜ਼ਾਦ ਹੋਈ ਤਾਂ ਐਸ਼-ਪ੍ਰਸਤੀ ਦੀ ਜ਼ਿੰਦਗੀ ਜਿਉਂ ਰਹੀ ਮੁੱਠੀ ਭਰ ਅਮੀਰ ਅਬਾਦੀ ਅਜ਼ਾਦ ਹੋਈ। ਬੇਹਤਰ ਸਮਾਜ ਦੀ ਸਿਰਜਣਾ ਲਈ ਅੱਜ ਨੌਜਵਾਨਾਂ ਨੂੰ ਇਨਕਲਾਬੀ ਸ਼ਹੀਦਾਂ ਦੀ ਆਵਾਜ਼ ਸੁਣਨੀ ਹੀ ਪਵੇਗੀ। ਨਵੇਂ ਇਨਕਲਾਬ ਦਾ ਝੰਡਾ ਚੁੱਕਣਾ ਹੀ ਹੋਵੇਗਾ। ਦੇਸ਼ ਦੀ ਇਨਸਾਫ਼ਪਸੰਦ ਨੌਜਵਾਨੀ ਕੋਲ਼ ਹੋਰ ਕੋਈ ਰਾਹ ਬਾਕੀ ਨਹੀਂ।" ਪੈਦਲ ਮਾਰਚ ਦੇ ਅੰਤ ਵਿੱਚ ਨੌਭਾਸ, ਪੰਜਾਬ ਦੀ ਸੂਬਾ ਕਮੇਟੀ ਦੇ ਮੈਂਬਰ ਗੁਲਸ਼ਨ ਕੁਮਾਰ ਨੇ ਮਾਰਚ ਵਿੱਚ ਸ਼ਾਮਲ ਹੋਣ ਵਾਲੇ ਸਭਨਾਂ ਸਾਥੀਆਂ ਦਾ ਧੰਨਵਾਦ ਕੀਤਾ।

ਭਾਈ ਰੂਪਾ ਵਿਖੇ ਨਾਟਕ ਮੇਲਾ

ਬੀਤੀ 3 ਅਕਤੂਬਰ ਦੀ ਸ਼ਾਮ ਨੌਜਵਾਨ ਭਾਰਤ ਸਭਾ ਵੱਲੋਂ ਭਾਈ ਰੂਪਾ (ਬਠਿੰਡਾ) ਵਿਖੇ ਸ਼ਹੀਦ ਭਗਤ ਸਿੰਘ ਦੇ 101ਵੇਂ ਜਨਮ ਦਿਵਸ ਮੌਕੇ ਇਨਕਲਾਬੀ ਗੀਤਾਂ, ਕੋਰੀਓਗ੍ਰਾਫੀਆਂ ਅਤੇ ਨਾਟਕਾਂ ਦਾ ਮੰਚਨ ਕੀਤਾ ਗਿਆ। ਇਸ ਨਾਟਕ ਮੇਲੇ ਦੀ ਖਾਸ ਗੱਲ ਇਹ ਸੀ ਕਿ ਇਹ ਨਾਟਕ ਅਤੇ ਗੀਤ ਆਦਿ ਨੌਭਾਸ ਦੇ ਕਾਰਕੁੰਨਾ ਵੱਲੋਂ ਖੁਦ ਤਿਆਰ ਕੀਤੇ ਗਏ ਸਨ। ਇਸ ਮੌਕੇ ਖੇਡੇ ਗਏ ਨਾਟਕ 'ਟੋਆ', 'ਧੁਖਦਾ ਰੋਹ', ਕੋਰੀਓਗ੍ਰਾਫੀਆਂ 'ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਹੈ' ਅਤੇ 'ਕੰਮੀਆਂ ਦਾ ਵਿਹੜਾ' ਨੂੰ ਲੋਕਾਂ ਨੇ ਬਹੁਤ ਸਰਾਹਿਆ। ਲੋਕਾਂ ਦਾ ਭਾਰੀ ਇਕੱਠ ਇਸ ਮੌਕੇ 'ਤੇ ਹੁੰਮ ਹੁੰਮਾ ਕੇ ਪੁੱਜਾ।

ਨੌਭਾਸ ਦੇ ਸਾਬਕਾ ਸੂਬਾ ਕਨਵੀਨਰ ਸਾਥੀ ਰਾਜਵਿੰਦਰ ਨੇ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਭਾਵੇਂ ਦੇਸ਼ ਅਜ਼ਾਦ ਹੋਇਆਂ 61 ਵਰ੍ਹੇ ਤੋਂ ਉੱਤੇ ਹੋ ਗਏ ਹਨ ਪਰ ਅੱਜ ਵੀ ਭਾਰਤੀ ਕਿਰਤੀ ਲੋਕਾਂ ਨੂੰ ਹੱਡ ਭਨਵੀਂ ਮਿਹਨਤ ਤੋਂ ਬਾਅਦ ਵੀ ਗਰੀਬੀ, ਮੁਖਲਸੀ ਦਾ ਮੂੰਹ ਵੇਖਣਾ ਹੀ ਨਸੀਬ ਹੁੰਦਾ ਹੈ। ਗੁਜਰਾਤ ਅਤੇ ਉੜੀਸਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸੰਘ ਪਰਿਵਾਰ ਵਰਗੀਆਂ ਫਿਰਕੂ ਤਾਕਤਾਂ ਨਾਲ਼ ਅੱਜ ਸਿਰਫ਼ ਕਿਰਤੀ ਲੋਕਾਂ ਦੀ ਜਮਾਤੀ ਇੱਕਜੁੱਟਤਾ ਦੇ ਸਿਰ 'ਤੇ ਹੀ ਲੜਿਆ ਜਾ ਸਕਦਾ ਹੈ ਅਤੇ ਅਜਿਹੇ ਸਮਿਆਂ ਵਿੱਚ ਭਗਤ ਸਿੰਘ ਦੇ ਵਿਚਾਰ ਹੀ ਰਾਹ ਦਰਸਾਵਾ ਹੋ ਸਕਦੇ ਹਨ। ਮੌਕੇ 'ਤੇ ਖਾਸ ਤੌਰ 'ਤੇ ਆਏ 'ਸ਼ਹੀਦ ਭਗਤ ਸਿੰਘ ਵਿਚਾਰ ਮੰਚ' ਤੋਂ ਜਗਸੀਰ ਸਿੰਘ ਸਹੋਤਾ ਨੇ ਵੀ ਮੌਜੂਦਾ ਪੂੰਜੀਵਾਦੀ ਢਾਂਚੇ 'ਤੇ ਤਿੱਖੀ ਚੋਟ ਕੀਤੀ। ਉਨ੍ਹਾਂ ਕਿਹਾ ਕਿ ਇਹ ਨਿਰਦਈ ਪੂੰਜੀਵਾਦ ਹੀ ਹੈ ਜੋ ਗਰੀਬੀ, ਬੇਰੁਜ਼ਗਾਰੀ, ਜਾਤੀ-ਧਰਮ ਦੇ ਦੰਗਿਆਂ ਨੂੰ ਜਨਮ ਦਿੰਦਾ ਹੈ। ਇੱਕ ਪਾਸੇ ਤਾਂ ਅਨਾਜ ਗੋਦਾਮਾਂ ਵਿੱਚ ਪਿਆ ਸੜਦਾ ਹੈ ਅਤੇ ਦੂਜੇ ਪਾਸੇ ਲੋਕ ਭੁੱਖਮਰੀ ਦਾ ਸ਼ਿਕਾਰ ਹੁੰਦੇ ਹਨ। ਇਸ ਪੂੰਜੀਵਾਦ ਦਾ ਇੱਕੋ ਹੀ ਬਦਲ ਸਮਾਜਵਾਦ ਹੈ। ਸਮਾਗਮ ਨੂੰ ਨੌਭਾਸ ਦੇ ਸੂਬਾ ਕਮੇਟੀ ਮੈਂਬਰ ਸਾਥੀ ਅਮਨ ਨੇ ਵੀ ਸੰਬੋਧਿਤ ਕੀਤਾ। ਮੌਕੇ 'ਤੇ 'ਜਨਚੇਤਨਾ' ਵੱਲੋਂ ਇਨਕਲਾਬੀ ਅਤੇ ਪ੍ਰਗਤੀਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਵੀ ਲਾਈ ਗਈ ਜਿਸਨੇ ਕਿ ਗੰਭੀਰ ਪਾਠਕਾਂ ਨੂੰ ਖਾਸ ਤੌਰ 'ਤੇ ਖਿੱਚਿਆ।

ਕਾਰਖਾਨਾ ਮਜ਼ਦੂਰ ਯੂਨੀਅਨ ਬਣਾਉਣ ਦਾ ਫੈਸਲਾ

ਲੁਧਿਆਣਾ। ਸਨਅਤੀ ਮਹਾਂਨਗਰ ਦੇ ਵੱਖ-ਵੱਖ ਕਾਰਖਾਨਿਆਂ ਵਿੱਚ ਕੰਮ ਕਰਨ ਵਾਲ਼ੇ ਮਜ਼ਦੂਰਾਂ ਦੀ ਮੀਟਿੰਗ 30 ਅਗਸਤ ਨੂੰ ਹੋਈ। ਇਸ ਮੀਟਿੰਗ ਵਿੱਚ ਹੌਜਰੀ, ਟੈਕਸਟਾਈਲ, ਸਾਈਕਲ, ਸਟੀਲ ਆਦਿ ਦੇ ਲਗਭਗ 40 ਮਜ਼ਦੂਰ ਸ਼ਾਮਲ ਹੋਏ। ਇਹ ਮੀਟਿੰਗ ਲਧਿਆਣੇ ਦੇ ਸਨਅਤੀ ਮਜ਼ਦੂਰਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਬਿਗੁਲ ਮਜ਼ਦੂਰ ਦਸਤਾ ਅਤੇ ਨੌਜਾਵਨ ਭਾਰਤ ਸਭਾ ਦੇ ਕਾਰਕੁੰਨਾਂ ਦੀ ਪਹਿਲ ਉੱਤੇ ਬੁਲਾਈ ਗਈ ਸੀ।

ਮੀਟਿੰਗ ਵਿੱਚ ਇੱਕ ਨਵੀਂ, ਜੁਝਾਰੂ ਮਜ਼ਦੂਰ ਯੂਨੀਅਨ ਦੀ ਉਸਾਰੀ, ਯੂਨੀਅਨ ਦੇ ਨਾਮ, ਯੂਨੀਅਨ ਦੀ ਕਾਰਜਸ਼ੈਲੀ ਆਦਿ ਪ੍ਰਸ਼ਨਾਂ ਉੱਤੇ ਖੁੱਲ ਕੇ ਵਿਚਾਰ-ਚਰਚਾ ਹੋਈ।

ਮੀਟਿੰਗ ਵਿੱਚ ਰਾਜਵਿੰਦਰ ਨੇ ਕਿਹਾ ਕਿ ਲੁਧਿਆਣੇ ਵਿੱਚ ਇਸ ਸਮੇਂ ਦੋ ਪ੍ਰਕਾਰ ਦੀਆਂ ਮਜ਼ਦੂਰ ਜੱਥੇਬੰਦੀਆਂ ਕੰਮ ਕਰ ਰਹੀਆਂ ਹਨ। ਇੱਕ ਤਾਂ ਉਹ ਹਨ ਜਿਹਨਾਂ ਦਾ ਕੰਮ ਸਿਰਫ਼ ਮਜ਼ਦੂਰਾਂ ਨੂੰ ਧੋਖਾ ਦੇਣਾ ਅਤੇ ਮਾਲਕਾਂ ਦੀ ਦਲਾਲੀ ਕਰਨਾ ਹੈ। ਪਿਛਲੇ ਕੁੱਝ ਵਰ੍ਹਿਆਂ ਵਿੱਚ ਲੁਧਿਆਣੇ ਵਿੱਚ ਜੋ ਵੀ ਵੱਡੇ ਮਜ਼ਦੂਰ ਸੰਘਰਸ਼ ਹੋਏ ਹਨ ਉਹਨਾਂ ਦੀ ਹਾਰ ਦਾ ਇੱਕ ਵੱਡਾ ਕਾਰਨ ਗੱਦਾਰ ਅਗਵਾਈ ਸੀ। ਸੀਟੂ, ਏਟਕ ਆਦਿ

ਅਜਿਹੀਆਂ ਪ੍ਰਮੁੱਖ ਦਲਾਲ ਜੱਥੇਬੰਦੀਆਂ ਹਨ। ਦੂਸਰੀਆਂ ਕੁੱਝ ਅਜਿਹੀਆਂ ਜੱਥੇਬਬੰਦੀਆਂ ਵੀ ਹਨ ਜੋ ਆਪਣੀ ਸਾਰੀ ਇਮਾਨਦਾਰੀ ਅਤੇ ਜੁਝਾਰੂਪੁਣੇ ਦੇ ਬਾਵਜੂਦ ਪਿਛਲੇ ਲੰਮੇ ਸਮੇਂ ਤੋਂ ਠਹਿਰਾਅ ਦਾ ਸ਼ਿਕਾਰ ਹਨ। ਅਜਿਹੇ ਵਿੱਚ ਨਵੇਂ ਸਿਰੇ ਤੋਂ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਦਾ ਕੰਮ ਹੱਥ ਵਿੱਚ ਲੈਣਾ ਜ਼ਰੂਰੀ ਹੋ ਗਿਆ ਹੈ।

ਮੀਟਿੰਗ ਵਿੱਚ ਮਜ਼ਦੂਰ ਅਖ਼ਬਾਰ 'ਬਿਗੁਲ' ਦੇ ਸੰਪਾਦਕ ਸੁਖਵਿੰਦਰ ਨੇ ਵੀ ਸੰਬੋਧਨ ਕੀਤਾ। ਸਭ ਤੋਂ ਪਹਿਲਾਂ ਉਹਨਾਂ ਨੇ ਮਜ਼ਦੂਰਾਂ ਨੂੰ ਇੱਕ ਨਵੀਂ ਜੁਝਾਰੂ ਜੱਥੇਬੰਦੀ ਦੀ ਨੀਂਹ ਰੱਖਣ ਲਈ 'ਬਿਗੁਲ' ਦੇ ਸੰਪਾਦਕ ਮੰਡਲ ਵੱਲੋਂ ਵਧਾਈ ਦਿੱਤੀ। ਇਸ ਤੋਂ ਬਾਅਦ ਉਹਨਾਂ ਨੇ ਕਿਹਾ ਕਿ ਸਾਨੂੰ ਇੱਕ ਅਜਿਹੀ ਜੱਥੇਬੰਦੀ ਦੀ ਉਸਾਰੀ ਕਰਨੀ ਚਾਹੀਦੀ ਹੈ ਜਿਸ ਵਿੱਚ ਪਾਰਦਰਸ਼ਤਾ, ਜਮਹੂਰੀਅਤ, ਸਮੂਹਿਕ ਅਗਵਾਈ ਅਤੇ ਜੁਝਾਰੂਪੁਣਾ ਹੋਵੇ। ਇੱਕ ਅਜਿਹੀ ਜੱਥੇਬੰਦੀ ਬਣਾਉਣੀ ਹੋਵੇਗੀ ਜੋ ਸਹੀ ਅਰਥਾਂ ਵਿੱਚ ਮਜ਼ਦੂਰਾਂ ਦਾ ਸਕੂਲ ਹੋਵੇ।

ਮੀਟਿੰਗ ਵਿੱਚ ਹਾਜ਼ਰ ਮਜ਼ਦੂਰਾਂ ਨੇ ਇੱਕ ਮਤ ਹੋ ਕੇ ਯੂਨੀਅਨ ਦਾ ਨਾਮ '**ਕਾਰਖਾਨਾ ਮਜ਼ਦੂਰ ਯੂਨੀਅਨ ਲੁਧਿਆਣਾ**' ਰੱਖਣ ਦਾ ਫੈਸਲਾ ਕੀਤਾ। ਅੰਤ ਵਿੱਚ ਮੀਟਿੰਗ ਨੇ ਇੱਕ ਮੱਤ ਨਾਲ਼ ਇੱਕ ਸੱਤ ਮੈਂਬਰੀ ਆਰਜੀ ਆਗੂ ਕਮੇਟੀ ਦੀ ਚੋਣ ਕੀਤੀ। ਇਹ ਕਮੇਟੀ ਯੂਨੀਅਨ ਦੇ ਸਥਾਪਨਾ ਇਜਲਾਸ ਤੱਕ ਯੂਨੀਅਨ ਦੀ ਅਗਵਾਈ ਦੀ ਜ਼ਿੰਮੇਵਾਰੀ ਸੰਭਾਲੇਗੀ ਅਤੇ ਸਥਾਪਨਾ ਇਜਲਾਸ ਦੀਆਂ ਸਾਰੀਆਂ ਤਿਆਰੀਆਂ ਕਰੇਗੀ। ਕਮੇਟੀ ਵਿੱਚ ਰਾਜਵਿੰਦਰ, ਤਾਜ ਮੁਹੰਮਦ, ਦਰਸ਼ਨ, ਜੋਗਿੰਦਰ, ਰਾਮਜੀਤ, ਅਜੇਪਾਲ ਅਤੇ ਲਖਵਿੰਦਰ ਸ਼ਾਮਲ ਹਨ। ਚੋਣ ਤੋਂ ਬਾਅਦ ਕਮੇਟੀ ਨੇ ਆਪਣੇ ਅਹੁਦੇਦਾਰਾਂ ਦੀ ਚੋਣ ਕੀਤੀ। ਇਸ ਵਿੱਚ ਰਾਜਵਿੰਦਰ ਨੂੰ ਕਨਵੀਨਰ ਅਤੇ ਅਜੇਪਾਲ ਤੇ ਰਾਮਜੀਤ ਨੂੰ ਖਜ਼ਾਨਚੀ ਚੁਣਿਆ ਗਿਆ।

ਅੰਤ ਵਿੱਚ ਜ਼ੋਰਦਾਰ ਨਾਅਰਿਆਂ ਨਾਲ਼ ਮੀਟਿੰਗ ਦੀ ਸਮਾਪਤੀ ਹੋਈ।

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 05.00 ਰੁਪਏ
2. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) 10.00 ਰੁਪਏ
3. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00 ਰੁਪਏ
4. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10.00 ਰੁਪਏ
5. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 05.00 ਰੁਪਏ
6. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00 ਰੁਪਏ
7. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10.00 ਰੁਪਏ
8. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਾਕੰਮਾ) 15.00 ਰੁਪਏ
9. ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ 03.00 ਰੁਪਏ
10. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) 10.00 ਰੁਪਏ
11. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20.00 ਰੁਪਏ
12. ਕਿਉਂ ਮਾਓਵਾਦ 10.00 ਰੁਪਏ
13. ਸ਼ੀਹਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10.00 ਰੁਪਏ
14. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ 10.00 ਰੁਪਏ
15. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00 ਰੁਪਏ
16. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00 ਰੁਪਏ
17. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20.00 ਰੁਪਏ
18. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00 ਰੁਪਏ
19. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00 ਰੁਪਏ
20. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05.00 ਰੁਪਏ
21. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00 ਰੁਪਏ
22. ਭਗਤ ਸਿੰਘ ਨੇ ਕਿਹਾ 5.00 ਰੁਪਏ
23. ਸ਼ਹੀਦ ਕਰਤਾਰ ਸਿੰਘ ਸਰਾਭਾ 5.00 ਰੁਪਏ
24. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 5.00 ਰੁਪਏ
25. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖ਼ਤਾਂ 25.00 ਰੁਪਏ
26. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00 ਰੁਪਏ
27. ਲੈਨਿਨਵਾਦ ਦੀਆਂ ਨੀਹਾਂ (ਸਟਾਲਿਨ) 20.00 ਰੁਪਏ
28. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00 ਰੁਪਏ

ਦਸਤਕ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) 15.00 ਰੁਪਏ
2. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ 15.00 ਰੁਪਏ
3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ 10.00 ਰੁਪਏ
4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) 20.00 ਰੁਪਏ
5. ਸ਼ੋਲੋਖੋਵ ਦੀਆਂ ਕਹਾਣੀਆਂ 30.00 ਰੁਪਏ

ਉਪਰੋਕਤ ਪੁਸਤਕਾਂ ਮੰਗਵਾਉਣ ਲਈ ਸੰਪਰਕ ਕਰੋ

ਜਨ ਚੇਤਨਾ

#11, ਸਤਜੋਤ ਨਗਰ, ਗਲੀ ਨੰ-10/4,
ਧਾਂਦਰਾਂ ਰੋਡ, ਦੁੱਗਰੀ, ਲੁਧਿਆਣਾ
ਫੋਨ : 98155-87807

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ !

ਜਨਚੇਤਨਾ

- ਇੱਕ ਸੱਭਿਆਚਾਰਕ ਮੁਹਿੰਮ
- ਇੱਕ ਵਿਚਾਰਕ ਪ੍ਰੋਜੈਕਟ
- ਬਦਲਵੇਂ ਮੀਡੀਆ ਦਾ ਇੱਕ ਮਾਡਲ

ਕਿਤਾਬਾਂ ਨਹੀਂ
ਅਸੀਂ ਆਣ ਵਾਲ਼ੇ ਕੱਲ੍ਹ ਦੇ ਸੁਪਨੇ ਲੈ ਕੇ ਆਏ ਹਾਂ
ਕਿਤਾਬਾਂ ਨਹੀਂ
ਅਸੀਂ ਅਸਲੀ ਇਨਸਾਨ ਦੀ ਤਰ੍ਹਾਂ
ਜੀਣ ਦਾ ਸੰਕਲਪ ਲੈ ਕੇ ਆਏ ਹਾਂ।
ਅਸੀਂ ਹਾਂ ਉਮੀਦਾਂ ਦੇ ਹਰਕਾਰੇ
ਅਸੀਂ ਹਾਂ ਵਿਚਾਰਾਂ ਦੇ ਡਾਕੀਏ।

ਦੋ ਦਹਾਕੇ ਪਹਿਲਾਂ ਪ੍ਰਗਤੀਸ਼ੀਲ, ਲੋਕ-ਪੱਖੀ ਸਾਹਿਤ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਮੁਹਿੰਮ ਦੀ ਇੱਕ ਨਿੱਕੀ ਜਿਹੀ ਸ਼ੁਰੂਆਤ ਹੋਈ, ਵੱਡੇ ਮਨਸੂਬਿਆਂ ਨਾਲ਼। ਇੱਕ ਨਿੱਕੀ ਜਿਹੀ ਦੁਕਾਨ ਅਤੇ ਫੁੱਟਪਾਥਾਂ 'ਤੇ, ਮੁਹੱਲਿਆਂ ਵਿੱਚ ਅਤੇ ਦਫ਼ਤਰਾਂ ਦੇ ਸਾਹਮਣੇ ਛੋਟੀਆਂ-ਛੋਟੀਆਂ ਪ੍ਰਦਰਸ਼ਨੀਆਂ ਲਗਾਉਣ ਵਾਲ਼ੇ ਅਤੇ ਸਾਈਕਲਾਂ 'ਤੇ, ਰੇਹੜੀਆਂ ਉੱਪਰ, ਝੋਲ਼ਿਆਂ ਵਿੱਚ ਭਰਕੇ ਘਰ-ਘਰ ਕਿਤਾਬਾਂ ਪਹੁੰਚਾਉਣ ਵਾਲ਼ੇ ਬਿਨਾਂ ਤਨਖ਼ਾਹ ਤੋਂ ਕੰਮ ਕਰਨ ਵਾਲ਼ੇ ਸਮਰਪਿਤ ਵਲੰਟੀਅਰਾਂ ਦੀ ਟੀਮ – ਸ਼ੁਰੂਆਤ ਬੱਸ ਇੱਥੋਂ ਹੋਈ। ਅੱਜ ਇਹ ਵਿਚਾਰਕ ਮੁਹਿੰਮ ਉਤਰੀ ਭਾਰਤ ਦੇ ਦਰਜਨਾਂ ਸ਼ਹਿਰਾਂ ਅਤੇ ਪਿੰਡਾਂ ਤੱਕ ਫੈਲ ਚੁੱਕੀ ਹੈ। ਇੱਕ ਵੱਡੇ ਅਤੇ ਇੱਕ ਛੋਟੇ ਪ੍ਰਦਰਸ਼ਨੀ ਵਹੀਕਲ ਰਾਹੀਂ ਜਨਚੇਤਨਾ ਹਿੰਦੀ ਅਤੇ ਪੰਜਾਬੀ ਖੇਤਰ ਦੇ ਦੂਰ ਦਰਾਜ ਦੇ ਕੋਨਿਆਂ ਤੱਕ ਹਿੰਦੀ, ਪੰਜਾਬੀ ਅਤੇ ਅੰਗ੍ਰੇਜ਼ੀ ਸਾਹਿਤ ਅਤੇ ਕਲਾ ਸਮਗਰੀ ਦੇ ਨਾਲ਼ ਸੁਪਨੇ ਅਤੇ ਵਿਚਾਰ ਲੈ ਕੇ ਜਾ ਰਹੀ ਹੈ, ਜੀਵਨ-ਸੰਘਰਸ਼-ਸਿਰਜਣਾ-ਤਰੱਕੀ ਦਾ ਨਾਅਰਾ ਲੈ ਕੇ ਜਾ ਰਹੀ ਹੈ।

ਆਮ ਲੋਕਾਂ ਲਈ
ਜ਼ਰੂਰੀ ਹਨ ਉਹ ਕਿਤਾਬਾਂ
ਜੋ ਉਨ੍ਹਾਂ ਦੀ ਜ਼ਿੰਦਗੀ ਦੀ ਘੁਟਣ
ਅਤੇ ਮੁਕਤੀ ਦੇ ਸੁਪਨਿਆਂ ਤੱਕ
ਪਹੁੰਚਾਉਂਦੀਆਂ ਨੇ ਵਿਚਾਰ
ਜਿਵੇਂ ਕਿ ਬਾਰੂਦ ਦੀ ਢੇਰੀ ਤੱਕ
ਅੱਗ ਦੀ ਚਿੰਗਾਰੀ
ਘਰ-ਘਰ ਤੱਕ ਚਿੰਗਾਰੀ ਛਿੜਕਣ ਵਾਲਾ
ਤੇਜ਼ ਹਵਾ ਦਾ ਬੁੱਲਾ ਬਣ ਜਾਣਾ ਹੋਵੇਗਾ
ਜ਼ਿੰਦਗੀ 'ਤੇ ਆਉਣ ਵਾਲੇ ਦਿਨਾਂ ਦਾ ਸੱਚ
ਦੱਸਣ ਵਾਲੀਆਂ ਕਿਤਾਬਾਂ ਨੂੰ
ਘਰ-ਘਰ ਵਿਚ ਪਹੁੰਚਾਉਣਾ ਹੋਵੇਗਾ।

ਜਨਚੇਤਨਾ ਪਰਿਕਲਪਨਾ ਪ੍ਰਕਾਸ਼ਨ (ਹਿੰਦੀ ਸਾਹਿਤਿਕ ਪ੍ਰਕਾਸ਼ਕ), ਰਾਹੁਲ ਫਾਊਡੇਸ਼ਨ (ਹਿੰਦੀ ਰਾਜਨੀਤਿਕ ਪ੍ਰਕਾਸ਼ਕ), ਅਨੁਰਾਗ ਟਰਸਟ (ਬਾਲ ਸਾਹਿਤ ਦੇ ਪ੍ਰਕਾਸ਼ਕ), ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ (ਪੰਜਾਬੀ ਰਾਜਨੀਤਕ ਪ੍ਰਕਾਸ਼ਨ), ਦਸਤਕ ਪ੍ਰਕਾਸ਼ਨ (ਪੰਜਾਬੀ ਸਾਹਿਤਕ ਪ੍ਰਕਾਸ਼ਕ) ਅਤੇ ਪ੍ਰਾਂਜਲ ਆਰਟ ਪਬਲਿਸ਼ਰਜ਼ (ਕਲਾ ਸਮੱਗਰੀ ਦੇ ਪ੍ਰਕਾਸ਼ਕ) ਦੇ ਸਾਰੇ ਪ੍ਰਕਾਸ਼ਨਾਂ ਦੇ ਮੁੱਖ ਵਿਤਰਕ ਦੀ ਜ਼ਿੰਮੇਵਾਰੀ ਨਿਭਾਂਉਂਦੀ ਹੈ।

ਸਾਡੇ ਕੋਲ਼ ਤੁਹਾਨੂੰ ਮਿਲਣਗੇ :

- ਸਰਵਉਤਮ ਵਿਸ਼ਵ ਕਲਾਸਿਕਸ
- ਮਿਆਰੀ ਪ੍ਰਗਤੀਸ਼ੀਲ ਸਾਹਿਤ
- ਇਤਿਹਾਸ, ਫ਼ਲਸਫੇ ਅਤੇ ਸਮਾਜ ਵਿਗਿਆਨ ਦੀਆਂ ਚੋਣਵੀਆਂ ਕਿਤਾਬਾਂ
- ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੰਪੂਰਨ ਉਪਲੱਭਧ ਸਾਹਿਤ
- ਜੀਵਨ ਅਤੇ ਸਮਾਜ ਦੀ ਸਮਝ ਦੇਣ ਵਾਲ਼ਾ ਅਤੇ ਭਵਿੱਖ ਦਾ ਮਾਰਗ ਦੱਸਣ ਵਾਲ਼ਾ ਇਨਕਲਾਬੀ ਰਾਜਨੀਤਿਕ ਸਾਹਿਤ
- ਦਿਮਾਗ ਦੀਆਂ ਖਿੜਕੀਆਂ ਖੋਲਣ ਵਾਲ਼ਾ ਅਤੇ ਕਲਪਨਾ ਨੂੰ ਖੰਭ ਦੇਣ ਵਾਲ਼ਾ ਬਾਲ ਸਾਹਿਤ
- ਆਕਰਸ਼ਕ ਕਲਾਤਮਿਕ ਚਿੱਤਰ, ਪੋਸਟਰ, ਕੈਲੰਡਰ ਅਤੇ ਕਾਰਡ
- ਇਨਕਲਾਬੀ ਗੀਤਾਂ ਦੇ ਕੈਸਟਸ

ਮੁੱਖ ਦਫ਼ਤਰ : ਡੀ-68, ਨਿਰਾਲਾ ਨਗਰ, ਲਖਨਊ-226020
ਫੋਨ : 0522-2786782,
ਈਮੇਲ : janchetna@rediffmail.com
11, ਸਤਜੋਤ ਨਗਰ, ਗਲੀ ਨੰ-10/4, ਧਾਂਦਰਾ ਰੋਡ,
ਦੁੱਗਰੀ, ਲੁਧਿਆਣਾ।
ਫੋਨ : 98155-87807

ਆਓ, ਤੁਸੀਂ ਵੀ ਇਸ ਮੁਹਿੰਮ ਵਿੱਚ ਸਾਡੇ ਹਮਸਫਰ ਬਣੋ।